Golden State Realty


JASSI GILL
Broker/Owner



Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



All International Channels
MR IPTV
"Entertainment" is his middle name!



THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147



COVERED CALIFORNIA
Certified Insurance Agent
Global Green INSURANCE AGENCY



Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 31; August 2, 2025 20451 N. Plum Grove Rd., Palatine, IL 60074 Ph:847-359-0746, Fax:847-705-9388


## ਪਾਕਿਸਤਾਨ ਨੂੰ ਭਾਰਤ ਦੇ ਭਵਿੱਖ ਨਾਲ ਨਹੀਂ ਖੇਡਣ ਦੇਵਾਂਗੇ: ਮੋਦੀ

### "ਦੁਨੀਆ ਦੇ ਕਿਸੇ ਆਗੂ ਨੇ ਅਪ੍ਰੇਸ਼ਨ ਸਿੰਧੂਰ ਰੋਕਣ ਲਈ ਨਹੀਂ ਕਿਹਾ"

**ਨਵੀਂ ਦਿੱਲੀ:**ਸਿੰਧੂਰ ਆਪਰੇਸ਼ਨ ਅਤੇ ਪਹਿਲਗਾਮ ਵਿੱਚ ਹੋਏ ਹਮਲੇ ਉੱਤੇ ਦੋ ਦਿਨਾਂ ਤੱਕ ਸੰਸਦ ਵਿੱਚ ਚੱਲੀ ਬਹਿਸ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਪਹਿਲਗਾਮ ਹਮਲੇ ਵਿੱਚ ਵੀ ਰਾਜਨੀਤੀ ਦੇਖ ਰਹੀ ਹੈ ਅਤੇ ਸੁਰੱਖਿਆ ਬਲਾਂ ਦਾ ਮਨੋਬਲ ਗਿਰਾ ਰਹੀ ਹੈ।



ਕਾਂਗਰਸ ਸੀਮਾ ਪਾਰ ਦੇ ਪ੍ਰੋਪੇਗੰਡਾ ਦਾ ਪ੍ਰਾਪੇਗੰਡਾ ਫੈਲਾ ਰਹੀ ਹੈ। ਉਹਨਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਜੋ ਫੈਸਲੇ ਲਏ ਅੱਜ ਦੇਸ਼ ਉਸ ਦੀ ਸਜ਼ਾ ਭੁਗਤ ਰਿਹਾ ਹੈ। ਮਕਬੂਜ਼ਾ ਕਸ਼ਮੀਰ ਉੱਤੇ ਕਬਜ਼ਾ ਕਰਨ ਦਿੱਤਾ ਗਿਆ। ਸੀਆਚਿਨ੍ਹ ਨੂੰ ਬੰਜਰ ਜ਼ਮੀਨ ਕਰਾਰ ਦਿੱਤਾ ਗਿਆ ਜੇਕਰ 2014 ਵਿੱਚ ਸਾਨੂੰ ਸਰਕਾਰ ਬਣਾਉਣ ਦਾ ਮੌਕਾ ਨਾ ਮਿਲਦਾ ਤਾਂ ਅੱਜ ਸੀਆਚਿਨ੍ਹ ਵੀ ਭਾਰਤ ਕੋਲ ਨਾ ਹੁੰਦਾ। ਨਰਿੰਦਰ ਮੋਦੀ ਨੇ ਕਿਹਾ ਕਿ 26/11 ਤੋਂ ਬਾਅਦ ਵੀ ਕਾਂਗਰਸ ਨੇ ਪਾਕਿਸਤਾਨ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਕਿਹਾ ਕਾਂਗਰਸ 26/11 ਨੂੰ ਭਗਵੇਂ ਆਤੰਕਵਾਦ ਨਾਲ ਜੋੜਨ ਦਾ ਯਤਨ ਕਰਦੀ ਰਹੀ। ਮੋਦੀ ਨੇ ਕਿਹਾ 2004 ਤੋਂ 2014 ਤੱਕ ਦੇਸ਼ ਵਿਚ ਕਾਂਗਰਸ ਦੀ ਕਮਜ਼ੋਰ ਸਰਕਾਰ ਸੀ,ਜਿਸ ਦਾ ਦੇਸ਼ ਨੂੰ ਬਹੁਤ ਨੁਕਸਾਨ ਹੋਇਆ। ਕਾਂਗਰਸ ਨੇ ਵੋਟ ਬੈਂਕ ਖਾਤਰ ਦੇਸ਼ ਦੀ ਸੁਰੱਖਿਆ ਨਾਲ ਸਮਝੌਤੇ ਕੀਤੇ। ਨਰਿੰਦਰ ਮੋਦੀ ਨੇ ਕਿਹਾ ਕਿ ਅਪਰੇਸ਼ਨ ਸਿੰਧੂਰ ਦਾ ਸਾਰੀ ਦੁਨੀਆ ਨੇ ਸਮਰਥਨ ਕੀਤਾ। ਅਸੀਂ ਪਾਕਿਸਤਾਨ ਵਿਚਲੇ ਅੱਤਵਾਦੀ ਟਿਕਾਣੇ ਨਸ਼ਟ ਕੀਤੇ।


***(ਬਾਕੀ ਸਫ਼ਾ 6 'ਤੇ)***


### ਕਾਂਗਰਸ ਉੱਤੇ ਤਿੱਖੇ ਹਮਲੇ

ਆਪਣੇ ਭਾਸ਼ਣ ਦਾ ਬਹੁਤਾ ਹਿੱਸਾ ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਵਿਰੁੱਧ ਬੋਲਣ ਉੱਤੇ ਹੀ ਲਾਇਆ। ਉਹਨਾਂ ਕਿਹਾ ਕਾਂਗਰਸ ਦੇਸ਼ ਦੇ ਲੋਕਾਂ ਦੇ ਦਿਲਾਂ ਵਿੱਚ ਜਗਹਾ ਨਹੀਂ ਬਣਾ ਸਕਦੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਤਾਂ ਪਹਿਲਗਾਮ ਘਟਨਾ ਵਾਲੇ ਦਿਨ ਹੀ ਕਹਿ ਦਿੱਤਾ ਸੀ ਕਿ ਅਸੀਂ ਢੁਕਵਾਂ ਜਵਾਬ ਦਿਆਂਗੇ ਜਦੋਂ ਮਈ ਦੇ ਪਹਿਲੇ ਹਫਤੇ ਅਸੀਂ ਹਮਲਾ ਕੀਤਾ ਤਾਂ ਵੀ ਅਸੀਂ ਕਿਹਾ ਸੀ "ਸਾਡਾ ਨਿਸ਼ਾਨਾ ਅੱਤਵਾਦੀ ਹਨ ਅਤੇ ਅਸੀਂ ਆਪਣਾ ਲਖਸ਼ 100 ਪ੍ਰਤੀਸ਼ਤ ਪੂਰਾ ਕਰ ਲਿਆ" ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ ਆਤਮ ਨਿਰਭਰ ਹੋ ਰਿਹਾ ਹੈ ਅਤੇ ਕਾਂਗਰਸ ਮੁੱਦਿਆਂ ਲਈ ਪਾਕਿਸਤਾਨ ਉੱਤੇ ਨਿਰਭਰ ਹੋ ਰਹੀ ਹੈ। ਕਾਂਗਰਸ ਪਾਕਿਸਤਾਨੀ ਬਿਰਤਾਂਤ ਦੀ ਬੁਲਾਰਾ ਬਣੀ ਹੋਈ ਹੈ। ਸਰਜੀਕਲ ਸਟਰਾਈਕ ਤੋਂ ਬਾਅਦ ਵੀ ਕਾਂਗਰਸ ਨੇ ਸਬੂਤ ਮੰਗੇ ਸਨ। ਉਹਨਾਂ ਕਿਹਾ ਕਿ ਕਾਂਗਰਸ ਪਾਕਿਸਤਾਨ ਨੂੰ ਕਲੀਨ ਚਿੱਟ ਦਿੰਦੀ ਹੈ। ਕਾਂਗਰਸ ਨੇ ਹਮੇਸ਼ਾ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕੀਤਾ ਅਤੇ ਫੌਜ ਨੂੰ ਜਾਣ ਬੁਝ ਕੇ ਕਮਜ਼ੋਰ ਕੀਤਾ । ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਨੂੰ ਅਮਰੀਕਾ ਦੇ ਉਪ ਰਾਸ਼ਟਰਪਤੀ ਦਾ ਤਿੰਨ ਵਾਰ ਫੋਨ ਆਇਆ ਸੀ ਤੇ ਉਸਨੇ ਮੈਨੂੰ ਦੱਸਿਆ ਸੀ ਕਿ ਪਾਕਿਸਤਾਨ ਭਾਰਤ ਉੱਤੇ ਵੱਡਾ ਹਮਲਾ ਕਰਨ ਵਾਲਾ ਹੈ ਪਰ ਮੈਂ ਇਸ ਦੇ ਜਵਾਬ ਵਿੱਚ ਕਿਹਾ ਅਗਰ ਪਾਕਿਸਤਾਨ ਅਜਿਹਾ ਕਰਨ ਦੀ ਸੋਚ ਰਿਹਾ ਹੈ ਤਾਂ ਉਸ ਨੂੰ ਬਹੁਤ ਭਾਰੀ ਕੀਮਤ ਚੁਕਾਉਣੀ ਪਵੇਗੀ ਤੇ ਫਿਰ ਇਹੀ ਹੋਇਆ। ਅਸੀਂ 22 ਅਪ੍ਰੈਲ ਦਾ ਬਦਲਾ 22 ਮਿੰਟਾਂ ਵਿੱਚ ਲੈ ਲਿਆ।

## ਲੈਂਡ ਪੂਲਿੰਗ ਨੀਤੀ ਪੰਜਾਬ ਸਰਕਾਰ ਲਈ ਬਣੀ ਗਲ਼ੇ ਦੀ ਹੱਡੀ; ਵਿਆਪਕ ਵਿਰੋਧ

***ਸਰਕਾਰ ਨੇ ਮੁਆਵਜ਼ੇ ਦੀ ਰਾਸ਼ੀ 30,000 ਰੁਪਏ ਪ੍ਰਤੀ ਏਕੜ ਸਾਲਾਨਾ ਤੋਂ ਵਧਾ ਕੇ 50,000 ਰੁਪਏ ਪ੍ਰਤੀ ਏਕੜ ਕੀਤੀ***

**ਐੱਸਏਐੱਸ ਨਗਰ:**ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਸੋਧੀ ਗਈ 'ਲੈਂਡ ਪੂਲਿੰਗ ਨੀਤੀ' ਸੂਬੇ ਵਿੱਚ ਭਾਰੀ ਸਿਆਸੀ ਅਤੇ ਕਿਸਾਨੀ ਵਿਰੋਧ ਦਾ ਸਾਹਮਣਾ ਕਰ ਰਹੀ ਹੈ। ਭਾਵੇਂ ਸਰਕਾਰ ਇਸ ਨੂੰ ਵਿਕਾਸ ਪੱਖੀ ਕਦਮ ਦੱਸ ਰਹੀ ਹੈ, ਪਰ ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਕਿਸਾਨ ਵਿਰੋਧੀ ਅਤੇ ਜ਼ਮੀਨ ਹੜੱਪਣ ਦੀ ਸਕੀਮ ਕਰਾਰ ਦਿੱਤਾ ਹੈ। ਹੁਣ ਆਮ ਆਦਮੀ ਪਾਰਟੀ ਵਿਚ ਵੀ ਇਸ ਪ੍ਰਤੀ ਚਰਚਾ ਸ਼ੁਰੂ ਹੋ ਗਈ ਹੈ। ਐਤਵਾਰ ਰਾਤ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਐੱਮਪੀ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਨੇਤਾਵਾਂ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਪਾਲਿਸੀ ਤੇ ਵਿਚਾਰ ਕਰਨ ਸੁਝਾਅ ਦਿੰਦੇ ਹੋਏ ਇਕ ਐਕਸ ਤੇ ਇਕ ਪੋਸਟ ਪਾਈ, ਹਾਲਾਂਕਿ ਬਾਅਦ ਵਿਚ ਉਨ੍ਹਾਂ ਵੱਲੋਂ ਇਸ ਨੂੰ ਹਟਾ ਦਿੱਤਾ ਗਿਆ ਜੋ ਰਾਜਨੀਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

### ਨਵੀਂ ਨੀਤੀ ਰਾਹੀਂ ਦੇਣ ਵਾਲਾ ਮੁਆਵਜ਼ਾ ਅਤੇ ਬਦਲਾਅ

ਸਰਕਾਰ ਨੇ ਪਹਿਲਾਂ 30,000 ਰੁਪਏ ਪ੍ਰਤੀ ਏਕੜ ਸਾਲਾਨਾ ਮੁਆਵਜ਼ੇ ਦਾ ਵਾਅਦਾ ਕੀਤਾ ਸੀ, ਜਿਸ ਨੂੰ ਹੁਣ ਵਧਾ ਕੇ 50,000 ਰੁਪਏ ਪ੍ਰਤੀ ਏਕੜ ਸਾਲਾਨਾ ਕਰ ਦਿੱਤਾ ਗਿਆ ਹੈ। ਇਹ ਰਾਸ਼ੀ ਜ਼ਮੀਨ 'ਤੇ ਵਿਕਾਸ ਕਾਰਜ ਸ਼ੁਰੂ ਹੋਣ ਤੱਕ ਦਿੱਤੀ ਜਾਵੇਗੀ। " ਜਦੋਂ ਵਿਕਾਸ ਕੰਮ ਸ਼ੁਰੂ ਹੋ ਜਾਣਗੇ, ਤਾਂ ਇਹ ਰਾਸ਼ੀ ਵਧਾ ਕੇ 1 ਲੱਖ ਰੁਪਏ ਪ੍ਰਤੀ ਏਕੜ ਕਰ ਦਿੱਤੀ ਜਾਵੇਗੀ ਅਤੇ ਇਸ ਵਿੱਚ ਸਲਾਨਾ 10% ਵਾਧਾ ਵੀ ਹੋਵੇਗਾ। ਇਹ ਰਕਮ ਵਿਕਾਸ ਕੰਮਾਂ ਦੇ ਪੂਰਾ ਹੋਣ ਤੱਕ ਲਗਾਤਾਰ ਦਿੱਤੀ ਜਾਂਦੀ ਰਹੇਗੀ।


***(ਬਾਕੀ ਸਫ਼ਾ 6 'ਤੇ)***



### ਨੀਤੀ ਦੇ ਮੁੱਖ ਬਿੰਦੂ

ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਦਾ ਮੁੱਖ ਉਦੇਸ਼ ਸੂਬੇ ਦੇ 27 ਸ਼ਹਿਰਾਂ ਦੇ ਆਲ਼ੇ-ਦੁਆਲੇ 'ਅਰਬਨ ਅਸਟੇਟ' ਅਤੇ 6 ਉਦਯੋਗਿਕ ਜ਼ੋਨ ਵਿਕਸਿਤ ਕਰਨਾ ਹੈ। ਇਸ ਤਹਿਤ ਕੁੱਲ 65,533 ਏਕੜ ਜ਼ਮੀਨ ਪ੍ਰਾਪਤ ਕਰਨ ਦੀ ਤਜਵੀਜ਼ ਹੈ, ਜਿਸ ਵਿੱਚ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24,511 ਏਕੜ ਜ਼ਮੀਨ ਵੀ ਸ਼ਾਮਲ ਹੈ।

### ਵਿਰੋਧ ਦੇ ਮੁੱਖ ਕਾਰਨ

ਕਿਸਾਨਾਂ ਦਾ ਸਭ ਤੋਂ ਵੱਡਾ ਡਰ ਇਹ ਹੈ ਕਿ ਉਨ੍ਹਾਂ ਦੀ ਖੇਤੀਯੋਗ ਜ਼ਮੀਨ ਖੋਹ ਲਈ ਜਾਵੇਗੀ, ਜਿਸ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਖ਼ਤਮ ਹੋ ਜਾਵੇਗੀ। ਬਹੁਤ ਸਾਰੇ ਛੋਟੇ ਕਿਸਾਨਾਂ ਲਈ ਖੇਤੀ ਹੀ ਆਮਦਨ ਦਾ ਇੱਕੋ-ਇੱਕ ਸਾਧਨ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਦੇ ਲੈਂਡ ਪਾਲਿਸੀ ਵਿਰੁੱਧ ਪਹਿਲਾ ਲੁਧਿਆਣਾ ਵਿਚ ਰੈਲੀ ਕੀਤੀ। ਇਸ ਤੋ ਬਾਅਦ ਸੋਮਵਾਰ ਮੋਹਾਲੀ ਵਿਖੇ ਰੈਲੀ ਕੀਤੀ।


Sukhsimranjit Singh LLB, LLM, Ph.D
Mediator and Arbitrator, JAMS



ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK





Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloodа Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS



18 years of experience
Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਅਰਪਨ ਲਿਖਾਰੀ ਸਭਾ ਵੱਲੋਂ ਸ਼ਾਇਰ ਕੇਸਰ ਸਿੰਘ ਨੀਰ ਨਮਿੱਤ ਸ਼ਰਧਾਂਜਲੀ ਸਮਾਗਮ

***ਕੈਲਗਰੀ (ਸਤਨਾਮ ਸਿੰਘ ਢਾਅ/ ਜਸਵੰਤ ਸਿੰਘ ਸੇਖੋਂ):*** ਅਰਪਨ ਲਿਖਾਰੀ ਸਭਾ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਨਾਮਵਰ ਸਾਹਿਤਕਾਰ ਸ. ਕੇਸਰ ਸਿੰਘ ਨੀਰ ਨਮਿੱਤ ਸ਼ਰਧਾਂਜਲੀ ਸਮਾਗਮ 26 ਜੁਲਾਈ ਨੂੰ ਟੈਂਪਲ ਕਮਿਊਨਿਟੀ ਹਾਲ ਵਿਖੇ ਕੀਤਾ ਗਿਆ। ਡਾ. ਜੋਗਾ ਸਿੰਘ ਸਹੋਤਾ, ਸ਼੍ਰੀਮਤੀ ਕੁਲਦੀਪ ਕੌਰ ਘਟੌੜਾ ਅਤੇ ਡਾ. ਸੇਵਾ ਸਿੰਘ ਪ੍ਰੇਮੀ ਨੇ ਸਦਾਰਤ ਕੀਤੀ। ਖਚਾਖਚ ਭਰੇ ਹਾਲ ਵਿਚ ਉਨ੍ਹਾਂ ਦੀਆਂ ਗ਼ਜ਼ਲਾਂ ਅਤੇ ਨਜ਼ਮਾਂ ਦੀ ਪੇਸ਼ਕਾਰੀ ਰਾਹੀਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਜਗਦੇਵ ਸਿੱਧੂ ਨੇ ਕਾਰਵਾਈ ਸ਼ੁਰੂ ਕਰਦਿਆਂ ਹੀ ਸੁਰਜੀਤ ਪਾਤਰ ਦੀਆਂ ਇਨ੍ਹਾਂ ਸਤਰਾਂ ਨਾਲ਼ ਸਮਾਗਮ ਦੀ ਦਿਸ਼ਾ ਨਿਰਧਾਰਤ ਕਰ ਦਿੱਤੀ 'ਜਦੋਂ ਤੱਕ ਲਫ਼ਜ਼ ਜਿਉਂਦੇ ਨੇ ਸੁਖਨਵਰ ਜਿਉਣ ਮਰ ਕੇ ਵੀ, ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ'।

ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਰੰਗ ਵਿਚ ਸ਼ਰਧਾਂਜਲੀ ਦਿੱਤੀ। ਡਾ. ਮਨਮੋਹਨ ਬਾਠ, ਸੁਖਵਿੰਦਰ ਤੂਰ, ਜਰਨੈਲ ਤੱਗੜ, ਸੁਖਮੰਦਰ ਗਿੱਲ, ਹਰਮਿੰਦਰ ਪਾਲ ਸਿੰਘ ਅਤੇ ਡਾ. ਜੋਗਾ ਸਿੰਘ ਸਹੋਤਾ ਨੇ ਨੀਰ ਦੀਆਂ ਗ਼ਜ਼ਲਾਂ ਦੀ ਗਾਇਕੀ ਨਾਲ਼ ਦਰਸ਼ਕਾਂ ਨੂੰ ਸੰਮੋਹਿਤ ਕੀਤਾ। ਹਰੇਕ ਨੇ ਗ਼ਜ਼ਲਾਂ ਨੂੰ ਆਪਣੇ ਨਿਵੇਕਲੇ ਲਹਿਜ਼ੇ ਅਤੇ ਕਮਾਲ ਦੇ ਅੰਦਾਜ਼ ਵਿਚ ਪੇਸ਼ ਕੀਤਾ ਅਤੇ ਹਰੇਕ ਵੰਨਗੀ ਨੇ ਦਰਸ਼ਕਾਂ ਨੂੰ ਵੱਖਰਾ ਸਰੂਰ ਦਿੱਤਾ। ਤਰਲੋਚਨ ਸੈਂਹਬੀ ਦੀ ਬੁਲੰਦ ਆਵਾਜ਼ ਨੇ ਗਾਇਕੀ ਦਾ ਜਾਦੂ ਬਿਖੇਰ ਦਿੱਤਾ। ਉਨ੍ਹਾਂ ਆਖਿਆ ਕਿ ਉਹ ਨਵੇਂ ਲਿਖਣ ਵਾਲ਼ਿਆਂ ਨੂੰ ਹਮੇਸ਼ਾ ਉਤਸ਼ਾਹਿਤ ਕਰਦੇ ਸਨ, ਜਿਨ੍ਹਾਂ ਵਿਚੋਂ ਮੈਂ ਵੀ ਇਕ ਹਾਂ। ਸਰਦੂਲ ਸਿੰਘ ਲੱਖਾ ਨੇ ਕਿਹਾ ਕਿ ਨੀਰ ਸਾਹਿਬ ਜਗਰਾਉਂ ਸਾਹਿਤ ਸਭਾ ਦੀ ਬਗੀਚੀ ਦਾ ਟੀਸੀ ਦਾ ਬੇਰ ਸੀ। ਜਸਵੀਰ ਸਿਹੋਤਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਨੀਰ ਦੀ ਸ਼ਖ਼ਸੀਅਤ ਨੂੰ ਉਜਾਗਰ ਕੀਤਾ। ਸੁਰਜੀਤ ਸਿੰਘ ਹੇਅਰ, ਡਾ. ਸੇਵਾ ਸਿੰਘ ਪ੍ਰੇਮੀ, ਸਵਰਨ ਸਿੰਘ ਧਾਲ਼ੀਵਾਲ਼ ਅਤੇ ਗੁਰਚਰਨ ਕੌਰ ਥਿੰਦ ਨੇ ਨੀਰ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਅਦੁਤੀ ਸ਼ਖ਼ਸੀਅਤ ਸਨ ਜੋ ਆਪਣੀਆਂ ਲਿਖਤਾਂ ਰਾਹੀਂ ਅਮਰ ਰਹਿਣਗੇ। ਉਨ੍ਹਾਂ ਨੇ ਨੀਰ ਦੁਆਰਾ ਸਮਾਜ ਸੇਵਾ, ਅਧਿਆਪਨ, ਜਨਤਕ ਘੋਲ਼ਾਂ ਅਤੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਬਾਰੇ ਵਿਚਾਰ ਰੱਖੇ।

ਸਤਨਾਮ ਢਾਅ ਨੇ ਨੀਰ ਸਾਹਿਬ ਬਾਰੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਉਹ ਅਰਪਨ ਲਿਖਾਰੀ ਸਭਾ ਦੇ ਮੋਢੀ ਸਨ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਕੈਲਗਰੀ ਦੇ ਸਾਹਿਤਕ ਭਾਈਚਾਰੇ ਵਿਚੋਂ ਇਕੱਲੇ ਹੀ ਅਜਿਹੇ ਸਾਹਿਤਕਾਰ ਸਨ ਜਿਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਭਾਸ਼ਾ ਵਿਭਾਗ ਪੰਜਾਬ ਦਾ ਪੁਰਸਕਾਰ ਮਿਲ਼ਿਆ। ਉਨ੍ਹਾਂ ਪਿਛਲੇ 29 ਸਾਲ ਤੋਂ ਇਕੱਠੇ ਵਿਚਰਨ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਆਖਿਆ ਕਿ ਨੀਰ ਸਾਹਿਬ ਅੰਦਰੋਂ ਬਾਹਰੋਂ ਇਕੋ ਸਨ ਅਤੇ ਬੜੇ ਦਰਿਆ-ਦਿਲ ਇਨਸਾਨ ਸਨ।




ਅਡਮਿੰਟਨ ਤੋਂ ਆਈ ਕੇਸਰ ਸਿੰਘ ਨੀਰ ਦੀ ਸਪੁੱਤਰੀ ਜਸਜੀਤ ਕੌਰ ਭੰਵਰਾ ਅਤੇ ਕੈਲਗਰੀ ਤੋਂ ਬੇਟੇ ਅਰਸ਼ਦੀਪ ਨੇ ਕਿਹਾ ਕਿ ਪਰਿਵਾਰ ਦੇ ਸਾਰੇ ਜੀਆਂ ਦੀ ਕਾਮਯਾਬੀ ਵਿਚ ਸਾਡੇ ਪਿਤਾ ਜੀ ਦੀ ਬਹੁਤ ਵੱਡੀ ਦੇਣ ਹੈ। ਉਨ੍ਹਾਂ ਨੀਰ ਸਾਹਿਬ ਦੇ ਅਧਿਆਪਕ ਯੂਨੀਅਨ ਸਮੇਂ ਘਰੋਂ ਬਾਹਰ ਰਹਿ ਕੇ ਲੋਕ-ਹਿਤਾਂ ਲਈ ਸੰਘਰਸ਼ ਕਰਨ ਅਤੇ ਜੇਲ਼੍ਹ ਯਾਤਰਾਵਾਂ ਸਮੇਂ ਆਪਣੀ ਮਾਤਾ ਕੁਲਦੀਪ ਕੌਰ ਘਟੌੜਾ ਦੇ ਦਿੱਤੇ ਸਹਿਯੋਗ ਅਤੇ ਬੱਚਿਆਂ ਦੀ ਦੇਖ-ਭਾਲ ਕਰਨ ਦੇ ਯੋਗਦਾਨ ਦੀ ਵੀ ਗੱਲ ਕੀਤੀ। ਬੱਚੇ ਅਰਮਾਨ, ਵਾਣੀ ਅਤੇ ਇਸ਼ਟਪ੍ਰੀਤ ਨੇ ਨੀਰ ਦੇ ਲਿਖੇ ਬਾਲ-ਸਾਹਿਤ ਵਿਚੋਂ ਬਾਲ-ਕਵਿਤਾਵਾਂ, ਸੁਣਾਈਆਂ। ਸਰੋਤਿਆਂ ਨੇ ਤਾੜੀਆਂ ਨਾਲ ਬੱਚਿਆਂ ਨੂੰ ਸ਼ਾਬਾਸ਼ ਨਾਲ ਨਿਵਾਜਿਆ। ਕੁਲਦੀਪ ਕੌਰ ਘਟੌੜਾ ਨੇ ਨੀਰ ਸਾਹਿਬ ਨਾਲ ਬਿਤਾਈ ਸ਼ਾਨਦਾਰ ਜ਼ਿੰਦਗੀ ਦੀਆਂ ਕੁਝ ਤਫਸੀਲਾਂ ਸਾਂਝੀਆਂ ਕੀਤੀਆਂ। ਸਰੋਤਿਆਂ/ ਦਰਸ਼ਕਾਂ ਦੁਆਰਾ ਇਕ-ਮਨ ਇਕ-ਚਿੱਤ ਹੋ ਕੇ ਪ੍ਰੋਗਰਾਮ ਨੂੰ ਸੁਣਨਾ ਅਤੇ ਤਾੜੀਆਂ ਨਾ਼ਲ ਭਰਪੂਰ ਹੁੰਗਾਰਾ ਭਰਨਾ ਸਮਾਗਮ ਦੀ ਸ਼ੋਭਾ ਵਿਚ ਵਾਧਾ ਕਰ ਗਿਆ।

ਅਖੀਰ ਵਿਚ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਵੱਖ ਵੱਖ ਸਾਹਿਤਕ, ਸਮਾਜਿਕ ਅਤੇ ਭਾਈਚਾਰਕ ਜਥੇਬੰਦੀਆਂ ਦੇ ਸ਼ਾਮਲ ਹੋਏ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਾਡੇ ਸ਼ਹਿਰ ਵਿਚ ਬਹੁਤ ਸਾਰੇ ਸਮਾਗਮ ਹੋਣ ਦੇ ਬਾਵਜੂਦ ਏਨੀ ਵੱਡੀ ਗਿਣਤੀ ਵਿਚ ਹਾਜ਼ਰ ਹੋਣਾ ਇਹ ਦਰਸਾਉਂਦਾ ਹੈ ਕਿ ਕੇਸਰ ਸਿੰਘ ਨੀਰ ਦਾ ਸਾਡੇ ਭਾਈਚਾਰੇ ਵਿਚ ਕਿੰਨਾ ਸਤਿਕਾਰ ਸੀ।

ਪ੍ਰਧਾਨ ਡਾ. ਜੋਗਾ ਸਿੰਘ ਨੇ ਚਾਹ ਪਾਣੀ ਦੀ ਸੇਵਾ ਲਈ ਬੀਬੀ ਸੁਖਦੇਵ ਕੌਰ ਢਾਅ ਅਤੇ ਫ਼ੋਟੋਗ੍ਰਾਫ਼ੀ ਦੀਆਂ ਸੇਵਾਵਾਂ ਲਈ ਪੰਜਾਬੀ ਅਖ਼ਬਾਰ ਦੇ ਐਡੀਟਰ ਹਰਬੰਸ ਸਿੰਘ ਬੁੱਟਰ, ਬਲਦੇਵ ਸਿੰਘ ਢਾਅ ਅਤੇ ਦਲਜੀਤ ਸਿੰਘ ਹੂੰਝਣ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਵਾਲੰਟੀਅਰਾਂ ਸ. ਜਗਦੇਵ ਸਿੰਘ ਸਿੱਧੂ ਅਤੇ ਲਖਵਿੰਦਰ ਸਿੰਘ ਜੌਹਲ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ। ਜਗਦੇਵ ਸਿੰਘ ਸਿੱਧੂ ਨੇ ਸਟੇਜ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਿਆਂ ਨੀਰ ਦੀਆਂ ਯਾਦਾਂ ਅਤੇ ਗ਼ਜ਼ਲਾਂ ਦੇ ਸ਼ੇਅਰਾਂ ਨਾਲ ਸਰੋਤਿਆਂ ਨੂੰ ਆਪਣੀ ਮਿਕਨਾਤੀਸੀ ਕਲਾ ਨਾਲ ਕੀਲੀ ਰੱਖਿਆ, ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਅੰਤਰਰਾਸ਼ਟਰੀ ਪੰਜਾਬੀ ਮੈਗਜ਼ੀਨ 'ਰਾਗ' ਦਾ ਨਵਾਂ ਅੰਕ ਲੋਕ ਅਰਪਣ


ਪੰਜਾਬੀ ਸਾਹਿਤ 'ਚ ਥੋੜ੍ਹੇ ਅਰਸੇ ਵਿਚ ਵੱਡਾ ਨਾਮ ਰੱਖਣ ਵਾਲੀ ਮਿਆਰੀ ਅੰਤਰਰਾਸ਼ਟਰੀ ਮੈਗਜ਼ੀਨ 'ਰਾਗ' ਦਾ ਨਵਾਂ ਅੰਕ ਲੋਕ-ਅਰਪਣ ਕੀਤਾ ਗਿਆ। ਮੈਗਜ਼ੀਨ ਦੇ ਮੁੱਖ ਸੰਪਾਦਕ ਇੰਦਰਜੀਤ ਸਿੰਘ ਪੁਰੇਵਾਲ (ਯੂ.ਐਸ.ਏ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨਾਲ ਲਬਰੇਜ਼ ਇਸ ਮੈਗਜ਼ੀਨ ਵਿਚ ਨਾਮਵਾਰ ਲੇਖਕਾਂ ਦੀਆਂ ਲਿਖਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਸ ਮੌਕੇ ਹੋਰ ਜਾਣਕਾਰੀ ਦਿੰਦਿਆਂ ਨਾਮਵਾਰ ਆਲੋਚਕ/ਕਹਾਣੀਕਾਰ ਜਸਬੀਰ ਕਲਸੀ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ 'ਰਾਗ' ਦਾ ਹੱਥਲਾ ਅੰਕ ਬਹੁਤ ਖ਼ੂਬਸੂਰਤ ਹੈ ਤੇ ਮੁੱਖ ਸੰਪਾਦਕ ਨੇ ਵੱਖ-ਵੱਖ ਤਰ੍ਹਾਂ ਦੀਆਂ ਲਿਖਤਾਂ ਨੂੰ ਇੱਕ ਗੁਲਦਸਤੇ ਦੇ ਰੂਪ ਵਿਚ ਸਜਾ ਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਮੈਗਜ਼ੀਨ ਦੀ ਕੋਈ ਵੀ ਰਚਨਾ ਕਿਸੇ ਪੱਖ ਤੋਂ ਘੱਟ ਨਹੀਂ ਆਖੀ ਜਾ ਸਕਦੀ ਤੇ ਹਰ ਰਚਨਾ ਲੈਅਬੱਧ ਤਰੀਕੇ ਨਾਲ ਤੁਰਦੀ ਪਾਠਕ 'ਤੇ ਆਪਣਾ ਪ੍ਰਭਾਵ ਛੱਡਦੀ ਹੈ।

ਕਹਾਣੀਕਾਰ ਅਲ਼ਫ਼ਾਜ਼ ਨੇ ਕਿਹਾ ਕਿ ਅੱਜ ਹਰ ਵੱਡੇ ਲੇਖਕ ਦਾ 'ਰਾਗ' ਵਿਚ ਛਪਣਾ ਮਾਣ ਵਾਲੀ ਗੱਲ ਹੈ ਤੇ ਰਾਗ ਨੇ ਲਗਾਤਾਰ ਆਪਣਾ ਮਿਆਰ ਕਾਇਮ ਰੱਖਿਆ ਹੈ। ਉਨ੍ਹਾਂ ਆਉਣ ਵਾਲੇ ਭਵਿੱਖ 'ਚ ਇਸ ਤਰ੍ਹਾਂ ਦੀ ਨਿਰੰਤਰਤਾ ਤੇ ਮਿਆਰ ਦੀ ਉਮੀਦ ਕੀਤੀ ਤੇ ਇਸ ਅੰਕ ਦੀ ਵੀ ਬਾਕੀ ਅੰਕਾਂ ਵਾਂਗ ਸਫ਼ਲਤਾ ਦੀ ਅਰਦਾਸ ਕੀਤੀ।




***ਕਹਾਣੀਕਾਰ/ਆਲੋਚਕ ਜਸਬੀਰ ਕਲਸੀ ਕਥਾਕਾਰ 'ਅਲ਼ਫ਼ਾਜ਼' ਨੂੰ ਰਾਗ ਦੀ ਕਾਪੀ ਭੇਂਟ ਕਰਨ ਸਮੇਂ।***

**Homeopathicvibes**
**Harminder Singh Gill**
**Homeopathic Consultant and Practitioner**

*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com
*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
**Grand Opening**
**Special Price for Truck Wash**
**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205
**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
**TEL: 209.547.9210**
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
**TEL: 209.982.9996**
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA





Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Seeking a professional match green card/citizen only, for U.S. born Dhillon girl 29, 5'4", masters in Environmental Science. Working in university. Brother is Doctor in Stanford. Parents are well educated. Caste no bar. Please call us at: 817 929 6405 or E-Mail at: Dhillon3531@gmail.com .

30-33

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

29-32

Looking for a suitable match for our Canadian Citizen Ramgarhia Sikh daughter 32, 5'-8" beautiful, family oriented with Bachelor of Commerce. The boy must be from the USA or Canada, professionally qualified, good-natured, well settled, and with good family values. Serious inquiries only. Please respond to kalsi.construction@gmail.com with biodata. 29-32

## ਲੜਕੀ ਦੀ ਲੋੜ ਹੈ

Jatt Sikh Cheema (Namdhari) family seeking a suitable match from the USA for their, 28, 5'11" son. He is Divorced and presently living in San Jose USA. He is running his own business. Parents lives in Mohali (Punjab). Interested call us at: +91 8054553958 or E-mail: rajinder2573@gmail.com

31-32

Jatt Sikh Shergill family seeking an equally qualified USA citizen match for their, 28, 6'1" son. He has done B.E. Electrical from PU Chandigarh (PEC) and working as a senior analyst at United Airline Gurgaon. He has 10 years USA visitor visa and comes USA frequently through company. Elder brother is married and doing business in the USA. Mother is a central govt. employee in Chandigarh. Residence is at Mohali. Interested please call us at: 317-430-6545 or email at csahi1949@gmail.com

31-34

Well settled Gursikh Amritdhari boy in USA, 1987 born, 5'-11" tall, MS Degree holder, works as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented, seeks Amritdhari (Keskidhari/ready to tie Keski), educated, vegetarian, family oriented Girl. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or E-mail at cjsingh55@gmail.com

30-33

Sikh family looking for a suitable match for their US citizen, son (wears turban), 24, 5'7", BS (Computer Science) and Masters (Computer Information System) from UWM. He is well settled and working full time in Wisconsin for a renowned MNC and earning a decent package. We are a well settled family living in Wisconsin. Caste Ramdasia (Caste No Bar). Boy lives with grandparents, parents and sister in Wisconsin. If interested, please call at +1 714 699 4754 (Father) or Email: satnamsingh18@hotmail.com

29-32

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# 15% ਤੋਂ 20% ਰਹੇਗੀ ਆਲਮੀ ਟੈਰਿਫ ਦਰ: ਟਰੰਪ



**ਟਰਨਬੇਰੀ:**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਮਰੀਕਾ ਉਨ੍ਹਾਂ ਦੇਸ਼ਾਂ 'ਤੇ 15% ਤੋਂ 20% ਦੇ ਵਿਚਕਾਰ ਟੈਰਿਫ ਲਗਾਏਗਾ, ਜੋ ਵਾਸ਼ਿੰਗਟਨ ਨਾਲ ਗੱਲਬਾਤ ਰਾਹੀਂ ਵਪਾਰ ਸਮਝੌਤਾ ਨਹੀਂ ਕਰ ਸਕੇ ਹਨ।

ਸਕਾਟਲੈਂਡ ਦੇ ਟਰਨਬੇਰੀ ਸਥਿਤ ਆਪਣੇ ਗੋਲਫ ਰਿਜ਼ੋਰਟ 'ਚ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨਾਲ ਬੈਠੇ ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ, 'ਮੈਂ ਕਹਾਂਗਾ ਕਿ ਇਹ 15 ਤੋਂ 20 ਪ੍ਰਤੀਸ਼ਤ ਦੇ ਵਿਚਕਾਰ ਹੋਵੇਗਾ। ਸ਼ਾਇਦ ਇਹਨਾਂ ਦੋ ਨੰਬਰਾਂ 'ਚੋਂ ਇੱਕ।' ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਜਲਦੀ ਹੀ ਲਗਪਗ 200 ਦੇਸ਼ਾਂ ਨੂੰ ਪੱਤਰ ਭੇਜ ਕੇ ਉਨ੍ਹਾਂ ਨੂੰ ਅਮਰੀਕਾ ਨੂੰ ਨਿਰਯਾਤ 'ਤੇ ਉਮੀਦਵਾਰ ਟੈਰਿਫ ਦਰਾਂ ਦੀ ਜਾਣਕਾਰੀ ਦੇਵੇਗਾ। ਟਰੰਪ ਨੇ ਅਪ੍ਰੈਲ ਤੋਂ ਬਾਅਦ ਜ਼ਿਆਦਾਤਰ ਦੇਸ਼ਾਂ 'ਤੇ 10% ਵਾਧੂ ਟੈਰਿਫ ਲਗਾਇਆ ਹੈ।

ਲੰਡਨ ਤੋਂ ਏਪੀ ਦੇ ਅਨੁਸਾਰ, ਅਮਰੀਕਾ ਅਤੇ ਯੂਰਪੀ ਯੂਨੀਅਨ (ਈਯੂ) ਦੇ ਵਿਚਕਾਰ ਐਤਵਾਰ ਰਾਤ 15% ਟੈਰਿਫ 'ਤੇ ਵਪਾਰ ਸੌਦਾ ਹੋ ਗਿਆ।

ਰਾਸ਼ਟਰਪਤੀ ਟਰੰਪ ਅਤੇ ਯੂਰਪੀ ਯੂਨੀਅਨ ਦੀ ਪ੍ਰਧਾਨ ਉਰਸੁਲਾ ਵਾਨ ਡੇਰਲੇਯਨ ਦੇ ਵਿਚਕਾਰ ਇਕ ਸੰਖੇਪ ਬੈਠਕ ਦੌਰਾਨ ਇਸ ਟੈਰਿਫ ਸਮਝੌਤੇ 'ਤੇ ਸਹਿਮਤੀ ਬਣੀ। ਇਹ ਸਮਝੌਤਾ ਉਸ ਸਮੇਂ ਹੋਇਆ ਜਦੋਂ ਵਾਈਟ ਹਾਊਸ ਵੱਲੋਂ 27 ਮੈਂਬਰਾਂ ਵਾਲੇ ਯੂਰਪੀ ਯੂਨੀਅਨ 'ਤੇ ਜਵਾਬੀ ਟੈਰਿਫ ਲਗਾਉਣ ਦੀ ਮਿਆਦ, ਜਿਸ ਦਾ ਸਮਾਂ ਇਕ ਅਗਸਤ ਸੀ। ਇਸ ਤੋਂ ਬਾਅਦ ਅਮਰੀਕਾ ਈਯੂ ਦੇ ਸਮਾਨ 'ਤੇ 30 ਪ੍ਰਤੀਸ਼ਤ ਤੱਕ ਦਾ ਟੈਰਿਫ ਲਗਾਉਣ ਵਾਲਾ ਸੀ।

ਸਮਝੌਤੇ ਦੇ ਬਾਅਦ ਟਰੰਪ ਨੇ ਕਿਹਾ ਕਿ ਇਹ ਇਕ ਬਹੁਤ ਹੀ ਦਿਲਚਸਪ ਗੱਲਬਾਤ ਸੀ। 'ਅਸੀਂ ਵਪਾਰ ਸਮਝੌਤਾ ਕਰ ਲਿਆ ਹੈ। ਮੈਨੂੰ ਲੱਗਦਾ ਹੈ ਕਿ ਇਹ ਦੋਹਾਂ ਪੱਖਾਂ ਲਈ ਬਹੁਤ ਫਾਇਦੇਮੰਦ ਹੋਵੇਗਾ। ਉਨ੍ਹਾਂ ਨੇ ਅਮਰੀਕਾ ਅਤੇ ਈਯੂ ਦੀ ਵਪਾਰ ਡੀਲ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਡੀਲ ਕਰਾਰ ਦਿੱਤਾ। ਟਰੰਪ ਇਸ ਸਮੇਂ ਯੂਰਪ ਦੇ ਦੌਰੇ 'ਤੇ ਹਨ। ਟਰੰਪ ਨੇ ਈਯੂ ਦੀ ਪ੍ਰਧਾਨ ਉਰਸੁਲਾ ਨਾਲ ਉਨ੍ਹਾਂ ਦੇ ਸਕਾਟਲੈਂਡ ਸਥਿਤ ਗੋਲਫ ਰਿਜ਼ੋਰਟ 'ਚ ਉੱਚ-ਪੱਧਰੀ ਬੈਠਕ ਕੀਤੀ। ਇਸ ਤੋਂ ਕੁਝ ਸਮੇਂ ਬਾਅਦ ਉਨ੍ਹਾਂ ਨੇ ਕਿਹਾ ਕਿ ਉਹ ਇਕ ਸਮੁੱਚੀ ਸਮਝੌਤੇ 'ਤੇ ਪਹੁੰਚ ਗਏ ਹਨ।

# 19 ਸਾਲਾ ਦਿਵਿਆ ਦੇਸ਼ਮੁਖ ਬਣੀ ਵਿਸ਼ਵ ਸ਼ਤਰੰਜ ਚੈਂਪੀਅਨ

**ਬਾਟੂਮੀ (ਜਾਰਜੀਆ):**ਭਾਰਤੀ ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਸਫਲਤਾ ਹਾਸਲ ਕਰ ਲਈ ਹੈ। ਉਸ ਨੇ ਜਾਰਜੀਆ ਦੇ ਬਾਟੂਮੀ 'ਚ ਹਮਵਤਨ ਤੇ ਬਹੁਤ ਜ਼ਿਆਦਾ ਤਜਰਬੇਕਾਰ ਕੋਨੇਰੂ ਹੰਪੀ ਨੂੰ ਟਾਈਬ੍ਰੇਕਰ 'ਚ ਹਰਾ ਕੇ ਫਾਈਡ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਂਅ ਕਰ ਲਿਆ। ਇਸ ਜਿੱਤ ਦੇ ਨਾਲ 19 ਸਾਲਾ ਦਿਵਿਆ ਨੇ ਨਾ ਸਿਰਫ ਵੱਕਾਰੀ ਟੂਰਨਾਮੈਂਟ ਜਿੱਤਿਆ, ਬਲਕਿ ਗ੍ਰੈਂਡਮਾਸਟਰ ਵੀ ਬਣ ਗਈ, ਜੋ ਕਿ ਟੂਰਨਾਮੈਂਟ ਦੀ ਸ਼ੁਰੂਆਤ 'ਚ ਅਸੰਭਵ ਜਾਪਦਾ ਸੀ। ਉਹ ਗ੍ਰੈਂਡਮਾਸਟਰ ਬਣਨ ਵਾਲੀ ਚੌਥੀ ਭਾਰਤੀ ਮਹਿਲਾ ਤੇ ਕੁੱਲ ਮਿਲਾ ਕੇ 88ਵੀਂ ਖਿਡਾਰਨ ਹੈ। ਨਾਗਪੁਰ ਦੀਖਿਡਾਰਨ ਨੇ ਸਨਿਚਰਵਾਰ ਅਤੇ ਐਤਵਾਰ ਨੂੰ ਖੇਡੇ ਗਏ 2 ਕਲਾਸੀਕਲ ਮੈਚ ਡਰਾਅ ਨਾਲ। ਖ਼ਤਮ ਕਰਨ ਤੋਂ ਬਾਅਦ ਟਾਈਬ੍ਰੇਕਰ ਰਾਊਂਡ'ਚ ਜਿੱਤ ਦਰਜ ਕੀਤੀ। ਸੋਮਵਾਰ ਨੂੰ ਸਮਾਂ-ਨਿਯੰਤਰਿਤ ਟਾਈਬ੍ਰੇਕਰ ਦੇ ਪਹਿਲੇ ਗੇਮ 'ਚ ਚਿੱਟੇ ਟੁਕੜਿਆਂ ਨਾਲ ਖੇਡਦੇ ਹੋਏ, ਦਿਵਿਆ ਨੇ ਹੰਪੀ ਨੂੰ ਦੁਬਾਰਾ ਡਰਾਅ 'ਤੇ ਰੋਕਿਆ ਪਰ ਦੂਜੇ ਗੇਮ 'ਚ, ਕਾਲੇ ਟੁਕੜਿਆਂ ਨਾਲ ਖੇਡਦੇ ਹੋਏ, ਉਸ ਨੇ 2 ਵਾਰ ਦੀ ਵਿਸ਼ਵ ਰੈਪਿਡ ਚੈਂਪੀਅਨ ਨੂੰ 2.5-1.5 ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਫੀਡ ਮਹਿਲਾ ਵਿਸ਼ਵ ਕੱਪ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਜਦੋਂ ਭਾਰਤ ਦੀਆਂ 2 ਖਿਡਾਰਨਾਂ ਸੈਮੀਫਾਈਨਲ 'ਚ ਪ੍ਰਵੇਸ਼ ਕਰ ਗਈਆਂ। ਇੰਨਾ



ਹੀ ਨਹੀਂ, ਦਿਵਿਆ ਦੇਸ਼ਮੁਖ ਤੇ ਕੋਨੇਰੂ ਹੰਪੀ ਦੋਵੇਂ ਫਾਈਨਲ 'ਚ ਪਹੁੰਚੀਆਂ ਅਤੇ ਇਹ ਯਕੀਨੀ ਬਣਾਇਆ ਕਿ ਵਿਸ਼ਵ ਕੱਪ ਇਕ ਭਾਰਤੀ ਖਿਡਾਰੀ ਦੇ ਹਿੱਸੇ ਆਇਆ।

# ਰਾਖਵਾਂਕਰਨ ਕਾਰਜਪਾਲਿਕਾ ਦੇ ਕੰਮ ਦਾ ਹਿੱਸਾ; ਹਾਈ ਕੋਰਟ ਨਹੀਂ ਦੇ ਸਕਦੀ ਹੁਕਮ

**ਨਵੀਂ ਦਿੱਲੀ:**ਪੱਛਮੀ ਬੰਗਾਲ ਸਰਕਾਰ ਨੂੰ ਰਾਹਤ ਦਿੰਦੇ ਹੋਏ ਸੁਪਰੀਮ ਕੋਰਟ ਨੇ ਸੋਮਵਾਰ ਨੂੰ 17 ਜੂਨ ਦੇ ਕਲਕੱਤਾ ਹਾਈ ਕੋਰਟ ਦੇ ਉਸ ਫੈਸਲੇ 'ਤੇ ਰੋਕ ਲਗਾ ਦਿੱਤੀ, ਜਿਸ 'ਚ ਹੋਰ ਪੱਛੜੇ ਵਰਗ (ਓਬੀਸੀ) ਦੀ ਸੰਧੀ ਸੂਚੀ ਦੇ ਅਮਲ 'ਤੇ ਰੋਕ ਲਗਾਈ ਗਈ ਸੀ। ਚੀਫ ਜਸਟਿਸ ਬੀ.ਆਰ. ਗਵਈ, ਜਸਟਿਸ ਕੇ ਵਿਨੋਦ ਚੰਦਰਨ ਅਤੇ ਜਸਟਿਸ ਐਨਵੀ ਅੰਜਾਰੀਆ ਦੇ ਬੈਂਚ ਨੇ ਸੂਬੇ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਕਿਹਾ, ''ਪਹਿਲੀ ਨਜ਼ਰ ਵਿਚ, ਹਾਈ ਕੋਰਟ ਦਾ ਆਦੇਸ਼ ਗਲਤ ਲੱਗਦਾ ਹੈ।'' ਜ਼ਿਕਰਯੋਗ ਹੈ ਕਿ ਹਾਈ ਕੋਰਟ ਦੇ ਇਕ ਡਵੀਜਨਲ ਬੈਂਚ ਨੇ 17 ਜੂਨ ਨੂੰ ਸੂਬਾ ਸਰਕਾਰ ਵੱਲੋਂ ਓਬੀਸੀ ਏ ਅਤੇ ਓਬੀਸੀ-ਬੀ ਸ਼੍ਰੇਣੀਆ ਦੇ ਤਹਿਤ 140 ਉਪਸ਼੍ਰੇਣੀਆਂ ਨੂੰ ਰਾਖਵਾਂਕਰਨ ਦੇਣ ਸਬੰਧੀ ਜਾਰੀ ਨੋਟੀਫਿਕੇਸ਼ਨਾਂ 'ਤੇ ਅੰਤਰਿਮ ਰੋਕ ਲਗਾਉਣ ਦਾ ਆਦੇਸ਼ ਦਿੱਤਾ ਸੀ। ਹਾਈ ਕੋਰਟ ਨੇ 31 ਜੁਲਾਈ ਤੱਕ ਅੰਤਰਿਮ ਰੋਕ ਲਗਾਉਂਦਿਆਂ ਇਹ ਨਿਰਦੇਸ਼ ਦਿੱਤਾ ਸੀ ਕਿ ਸੂਬਾ ਸਰਕਾਰ ਵੱਲੋਂ ਓਬੀਸੀਸ਼੍ਰੇਣੀਆਂ ਦੇ ਸਬੰਧ ਵਿਚ 8 ਮਈ ਤੋਂ 13 ਜੂਨ ਦੇ ਦਰਮਿਆਨ ਜਾਰੀ ਕਾਰਜਕਾਰੀ ਨੋਟੀਫਿਕੇਸ਼ਨ ਉਸ ਤਰੀਕ ਤੱਕ ਪ੍ਰਭਾਵਸ਼ਾਲੀ ਨਹੀਂ ਹੋਣਗੇ। ਚੀਫ ਜਸਟਿਸ ਗਵਈ ਨੇ ਸੁਝਾਅ ਦਿੱਤਾ ਕਿ ਜੇਕਰ ਪੱਖਕਾਰ ਇੱਛੁਕ ਹੋਣ ਤਾਂ ਉਹ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਬੇਨਤੀ ਕਰਨਗੇ ਕਿ ਉਹ ਇਸ ਮੁੱਦੇ 'ਤੇ ਛੇ ਹਫ਼ਤਿਆਂ ਦੇ ਅੰਦਰ ਫ਼ੈਸਲਾ ਲੈਣ ਲਈ ਇਕ ਨਵਾਂ ਬੈਂਚ ਗਠਿਤ ਕਰਨ। ਇਸ ਤੋਂ ਪਹਿਲਾਂ ਬੈਂਚ ਨੇ ਸੂਬਾ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ 'ਤੇ ਗ਼ੌਰ ਕੀਤਾ ਤੇ ਵਿਵਾਦਤ ਫ਼ੈਸਲੇ ਦੇ ਕੁਝ ਹਿੱਸਿਆਂ ਦਾ ਹਵਾਲਾ ਦਿੰਦੇ ਹੋਏ, ਕਿਹਾ ਕਿ ਇਹ ਹੈਰਾਨੀਜਨਕ ਹੈ। ਹਾਈ ਕੋਰਟ ਇਹੋ ਜਿਹਾ ਹੁਕਮ ਕਿਵੇਂ ਪਾਸ ਕਰ ਸਕਦਾ ਹੈ? ਰਾਖਵਾਂਕਰਨ ਕਾਰਜਪਾਲਿਕਾ ਦੇ ਕੰਮ ਦਾਹਿੱਸਾ ਹੈ। ਇੰਦਰਾ ਸਾਹਨੀ (ਮੰਡਲ ਫ਼ੈਸਲੇ) ਤੋਂ ਹੀ ਇਹ ਸਥਾਪਤ ਕਾਨੂੰਨ ਹੈ। ਬੈਂਚ ਨੇ ਕਿਹਾ ਕਿ ਰਾਖਵਾਂਕਨਰ ਦੇਣ ਲਈ ਕਾਰਜਕਾਰੀ ਨਿਰਦੇਸ਼ ਕਾਫ਼ੀ ਹਨ ਇਸ ਲਈ ਕਾਨੂੰਨ ਬਣਾਉਣ ਦੀ ਜ਼ਰੂਰਤ ਨਹੀਂ। ਪ੍ਰਤੀਵਾਦੀਆਂ ਵੱਲੋਂ ਸੀਨੀਅਰ ਵਕੀਲ ਰਣਜੀਤ ਕੁਮਾਰ ਤੇ ਗੁਰੂ ਕ੍ਰਿਸ਼ਨ ਕੁਮਾਰ ਨੇ ਹਾਈ ਕੋਟ ਦੇ ਹੁਕਮ 'ਤੇ ਰੋਕ ਲਗਾਉਣ ਦੀ ਪਟੀਸ਼ਨ ਦਾ ਵਿਰੋਧ ਕੀਤਾ। ਕ੍ਰਿਸ਼ਣ ਕੁਮਾਰ ਨੇ ਕਿਹਾ ਕਿ ਸੂਬਾਈ ਕਾਰਜਕਾਰੀ ਆਦੇਸ਼ ਰਾਹੀਂ ਰਾਖਵਾਂਕਰਨ ਦੇਣ ਦੀ ਸੁਤੰਤਰਤਾ ਹੈ, ਪਰ ਕੁਝ ਫ਼ੈਸਲੇ ਇਹੋ ਜਿਹੇ ਵੀ ਹਨ ਜਿਹੜੇ ਕਹਿੰਦੇ ਹਨ ਕਿ ਜੇਕਰ ਇਸ ਨੂੰ ਕੰਟਰੋਲ ਕਰਨ ਵਾਲਾ ਕੋਈ ਵਿਧਾਈ ਢਾਂਚਾ ਹੈ ਤਾਂ ਕਾਨੂੰਨ ਦੀ ਸਖ਼ਤੀ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਓਬੀਸੀ ਸੂਚੀ ਬਗ਼ੈਰ ਕਿਸੇ ਅੰਕੜੇ ਦੇ ਤਿਆਰ ਕੀਤੀ ਗਈ ਸੀ। ਹਾਲਾਂਕਿ ਸਿੱਬਲ ਨੇ ਦਲੀਲ ਦਿੱਤੀ ਕਿ ਨਵੀਂ ਸੂਚੀ ਸੂਬਾ ਪੱਛੜਾ ਵਰਗ ਕਮਿਸ਼ਨ ਵੱਲੋਂ ਕੀਤੇ ਗਏ ਇਕ ਨਵੇਂ ਸਰਵੇਖਣ ਤੇ ਰਿਪੋਰਟ ਦੇ ਆਧਾਰ 'ਤੇ ਤਿਆਰ ਕੀਤੀ ਗਈ।

# ਥਾਈਲੈਂਡ ਅਤੇ ਕੰਬੋਡੀਆ ਜੰਗਬੰਦੀ ਲਈ ਸਹਿਮਤ

**ਪੁਤਰਜਯਾ:**ਥਾਈਲੈਂਡ ਅਤੇ ਕੰਬੋਡੀਆ ਦੇ ਨੇਤਾ ਜੰਗਬੰਦੀ ਲਈ ਸਹਿਮਤ ਹੋ ਗਏ ਹਨ ਅਤੇ ਦੋਹਾਂ ਦੇਸ਼ਾਂ ਦੀ ਸੀਮਾ 'ਤੇ ਇਹ ਸੋਮਵਾਰ ਅੱਧੀ ਰਾਤ ਤੋਂ ਲਾਗੂ ਹੋ ਗਿਆ ਹੈ। ਇਸ ਨਾਲ ਸੀਮਾ 'ਤੇ ਸਥਿਤ ਸ਼ਿਵ ਮੰਦਰ ਨੂੰ ਲੈ ਕੇ ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਪੰਜ ਦਿਨਾਂ ਤੋਂ ਚੱਲ ਰਹੀ ਲੜਾਈ ਰੁਕ ਗਈ ਹੈ। ਇਸ ਲੜਾਈ ਵਿਚ 38 ਲੋਕ ਮਾਰੇ ਗਏ, ਦਰਜਨਾਂ ਜ਼ਖ਼ਮੀ ਹੋਏ ਅਤੇ ਤਿੰਨ ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹੀਮ ਦੀ ਮੱਧਸਥਤਾ ਵਿਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਮਾਨੇਤ ਅਤੇ ਥਾਈਲੈਂਡ ਦੇ ਕਾਰਜਵਾਹਕ ਪ੍ਰਧਾਨ ਮੰਤਰੀ ਫੁਕਥਮ ਵੇਚਾਯਾਚਾਈ ਨੇ ਜੰਗਬੰਦੀ ਸਮਝੌਤਾ ਕੀਤਾ। ਇਬਰਾਹੀਮ ਨੇ ਦੋਹਾਂ ਨੇਤਾਵਾਂ ਦੇ ਹੱਥ ਮਿਲਵਾਏ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਕਿਹਾ ਹੈ ਕਿ ਜੰਗਬੰਦੀ ਦੇ ਫੈਸਲੇ ਵਿਚ ਮਲੇਸ਼ੀਆ 'ਚ ਮੌਜੂਦ ਉਨ੍ਹਾਂ ਦੇ ਅਧਿਕਾਰੀਆਂ ਨੇ ਮਦਦ ਕੀਤੀ।

ਮਲੇਸ਼ੀਆ ਦੇ ਪੁਤਰਜਯਾ ਸ਼ਹਿਰ ਵਿਚ ਕੰਬੋਡੀਆ ਅਤੇ ਥਾਈਲੈਂਡ ਦੇ ਵਿਚਕਾਰ ਜੰਗਬੰਦੀ ਦਾ ਫੈਸਲਾ ਹੋਇਆ। ਦੋਹਾਂ ਦੇਸ਼ਾਂ ਨੂੰ ਇਸ ਫੈਸਲੇ ਤੱਕ ਪਹੁੰਚਾਉਣ ਲਈ ਕੰਬੋਡੀਆ ਦੇ ਪ੍ਰਧਾਨ



ਮੰਤਰੀ ਮਾਨੇਤ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦੋਹਾਂ ਪੱਖਾਂ ਵਿਚਕਾਰ ਬਹੁਤ ਚੰਗੀ ਗੱਲਬਾਤ ਹੋਈ ਹੈ।

ਇਸ ਗੱਲਬਾਤ ਦੇ ਨਤੀਜੇ ਵਜੋਂ ਹੋਣ ਵਾਲੇ ਜੰਗਬੰਦੀ ਨਾਲ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਬਚੇਗੀ, ਲੋਕ ਜ਼ਖ਼ਮੀ ਅਤੇ ਬੇਘਰ ਨਹੀਂ ਹੋਣਗੇ। ਜਦੋਂ ਕਿ ਥਾਈਲੈਂਡ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਵੇਚਾਯਾਚਾਈ ਨੇ ਕਿਹਾ ਕਿ ਜੰਗਬੰਦੀ ਹੋਣਾ ਦੋਹਾਂ ਦੇਸ਼ਾਂ ਲਈ ਚੰਗਾ ਹੋਵੇਗਾ।

ਗੱਲਬਾਤ ਦੇ ਜ਼ਰੀਏ ਲੜਾਈ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਗੱਲਬਾਤ ਦੇ ਜ਼ਰੀਏ ਮਤਭੇਦਾਂ ਨੂੰ ਦੂਰ ਕਰਨ ਦਾ ਰਸਤਾ ਖੁਲ ਗਿਆ ਹੈ, ਇਸ ਨਾਲ ਭਵਿੱਖ ਵਿਚ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਸਧਾਰਨ ਬਣਾਉਣ ਵਿਚ ਮਦਦ ਮਿਲੇਗੀ।

# ਜਸਟਿਸ ਯਸ਼ਵੰਤ ਵਰਮਾ ਨੂੰ ਸੁਪਰੀਮ ਕੋਰਟ ਤੋਂ ਨਾ ਮਿਲੀ ਰਾਹਤ

**ਨਵੀਂ ਦਿੱਲੀ:**ਘਰ ਵਿਚ ਨਕਦੀ ਮਿਲਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਇਲਾਹਾਬਾਦ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਲਈ ਸੋਮਵਾਰ ਦਾ ਦਿਨ ਬਹੁਤ ਚੰਗਾ ਨਹੀਂ ਰਿਹਾ। ਅੰਦਰੂਨੀ ਜਾਂਚ ਕਮੇਟੀ ਦੀ ਰਿਪੋਰਟ ਵਿਚ ਦੋਸ਼ੀ ਠਹਿਰਾਏ ਜਾਣ ਦਾ ਦਾਗ਼ ਧੋਣ ਅਤੇ ਕਮੇਟੀ ਦੀ ਰਿਪੋਰਟ ਰੱਦ ਕਰਨ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਪੁੱਜੇ ਜਸਟਿਸ ਵਰਮਾ 'ਤੇ ਸੋਮਵਾਰ ਨੂੰ ਸੁਪਰੀਮ ਕੋਰਟ ਨੇ ਸਵਾਲਾਂ ਦੀ ਝੜੀ ਲਗਾ ਦਿੱਤੀ। ਕੋਰਟ ਨੇ ਅੰਦਰੂਨੀ ਕਮੇਟੀ ਦੀ ਰਿਪੋਰਟ ਅਤੇ ਪ੍ਰਕਿਰਿਆ 'ਤੇ ਸਵਾਲ ਚੁੱਕ ਰਹੇ ਜਸਟਿਸ ਵਰਮਾ ਦੇ ਵਕੀਲ ਕਪਿਲ ਸਿੱਬਲ ਤੋਂ ਪੁੱਛਿਆ ਕਿ ਜੇ ਤੁਹਾਨੂੰ ਅੰਦਰੂਨੀ ਕਮੇਟੀ ਦੇ ਗਠਨ 'ਤੇ ਇਤਰਾਜ਼ ਸੀ ਤਾਂ ਤੁਸੀਂ ਉਸ ਦੇ ਸਾਹਮਣੇ ਪੇਸ਼ ਕਿਉਂ ਹੋਏ? ਤੁਸੀਂ ਉਦੋਂ ਹੀ ਉਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਕਿਉਂ ਨਹੀਂ ਦਿੱਤੀ? ਕੋਰਟ ਨੇ ਸਵਾਲ ਕੀਤਾ ਕਿ ਪ੍ਰਕਿਰਿਆ ਵਿਚ ਭਾਗ ਲੈਣ ਤੋਂ ਬਾਅਦ ਉਹ ਅੰਦਰੂਨੀ ਜਾਂਚ 'ਤੇ ਸਵਾਲ ਕਿਵੇਂ ਚੁੱਕ ਸਕਦੇ ਹਨ। ਸਰਬਉੱਚ ਅਦਾਲਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਘਰ ਵਿਚ ਅੱਗ ਲੱਗਣ ਅਤੇ ਨਕਦੀ ਬਰਾਮਦ ਹੋਣ ਤੋਂ ਇਨਕਾਰ ਨਹੀਂ ਕੀਤਾ ਹੈ। ਹਾਲਾਂਕਿ ਸਿੱਬਲ ਦਾ ਜਵਾਬ ਸੀ ਕਿ ਉਹ ਕਹਿ ਚੁੱਕੇ ਹਨ ਕਿ ਉਨ੍ਹਾਂ ਦਾ ਉਸ ਨਾਲ ਲੈਣਾ-ਦੇਣਾ ਨਹੀਂ ਹੈ, ਉਹ ਉਨ੍ਹਾਂ ਦੀ ਨਹੀਂ ਹੈ।ਜਸਟਿਸ ਵਰਮਾ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਜਸਟਿਸ ਦੀਪਾਂਕਰ ਦੱਤਾ ਤੇ ਜਸਟਿਸ ਏਜੀ ਮਸੀਹ ਦੇ ਬੈਂਚ ਨੇ ਸ਼ੁਰੂ ਤੋਂ ਹੀ ਸਖ਼ਤ ਰੁਖ਼ ਅਪਣਾਇਆ। ਬੈਂਚ ਨੇ ਪਟੀਸ਼ਨ ਵਿਚ ਬਣਾਈਆਂ ਗਈਆਂ ਧਿਰਾਂ ਨੂੰ ਲੈ ਕੇ ਸਵਾਲ ਚੁੱਕਿਆ, ਜਿਸ 'ਤੇ ਸਿੱਬਲ ਨੇ ਸੋਧ ਕਰਨ 'ਤੇ ਸਹਿਮਤੀ ਪ੍ਰਗਟਾਈ। ਸਿੱਬਲ ਨੇ ਅੰਦਰੂਨੀ ਜਾਂਚ ਪ੍ਰਕਿਰਿਆ ਅਤੇ ਰਿਪੋਰਟ ਨੂੰ ਗ਼ੈਰ-ਸੰਵਿਧਾਨਕ ਦੱਸਦੇ ਹੋਏ ਕਿਹਾ ਕਿ ਸੰਵਿਧਾਨ ਮੁਤਾਬਕ ਕਿਸੇ ਵੀ ਜੱਜ ਸਿਰਫ ਸੰਸਦ ਹੀ ਅਹੁਦੇ ਤੋਂ ਹਟਾ ਸਕਦੀ ਉਨ੍ਹਾਂ ਕਿਹਾ ਕਿ ਅਜਿਹੇ ਵਿਚ ਅੰਦਰੂਨੀ ਜਾਂਚ ਪ੍ਰਕਿਰਿਆ ਅਤੇ ਸੀਜੇਆਈ ਦਾ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀ ਸਿਫ਼ਾਰਿਸ਼ ਗੈਰ- ਸੰਵਿਧਾਨਕ ਹੈ। ਸਿੱਬਲ ਨੇ ਕਿਹਾ ਕਿ ਤੈਅ ਪ੍ਰਕਿਰਿਆ ਅਤੇ ਸੁਪਰੀਮ ਕੋਰਟ ਦਾ ਪਹਿਲਾਂ ਦਾ ਫ਼ੈਸਲਾ ਕਹਿੰਦਾ ਹੈ ਕਿ ਜਦੋਂ ਤੱਕ ਜੱਜ 'ਤੇ ਕਦਾਚਾਰ ਸਾਬਤ ਨਾ ਹੋ ਜਾਵੇ ਉਦੋਂ ਤੱਕ ਉਸ ਦੇ ਆਚਰਣ 'ਤੇ ਕੋਈ ਚਰਚਾ ਨਹੀਂ ਕੀਤੀ ਜਾਵੇਗੀ ਜਦਕਿ ਉਨ੍ਹਾਂ ਦੇ ਮਾਮਲੇ ਵਿਚ ਇਸ ਦੀ ਘੋਰ ਉਲੰਘਣਾ ਹੋਈ ਹੈ। 22 ਮਾਰਚ ਨੂੰ ਫੋਟੋ ਤੇ ਵੀਡੀਓ ਟੇਪ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ। ਮੀਡੀਆ ਵਿਚ ਚਰਚਾ ਹੋਈ। ਅੰਦਰੂਨੀ ਜਾਂਚ ਕਮੇਟੀ ਦੀ ਰਿਪੋਰਟ 'ਤੇ ਜਨਤਕ ਬਹਿਸ ਹੋਣ ਲੱਗੀ। ਉਨ੍ਹਾਂ ਨੂੰ ਪਹਿਲਾਂ ਹੀ ਦੋਸ਼ੀ ਠਹਿਰਾ ਦਿੱਤਾ ਗਿਆ।



ਪੂਰੀਪ੍ਰਕਿਰਿਆ ਸਿਆਸੀ ਹੋ ਗਈ ਜਦਕਿ ਇਸ ਸਭ ਦੀ ਮਨਾਹੀ ਹੈ। ਰਿਪੋਰਟ ਦੇ ਸਿੱਟੇ ਜਾਰੀ ਹੋਣ ਨਾਲ ਪ੍ਰਕਿਰਿਆ ਦਾ ਸਿਆਸੀਕਰਨ ਹੋ ਗਿਆ। ਇਸ 'ਤੇ ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਦੱਤਾ ਨੇ ਕਿਹਾ ਮਹਾਂਦੋਸ਼ ਪ੍ਰਕਿਰਿਆ ਵੀ ਸਿਆਸੀ ਹੈ? ਬੈਂਚ ਨੇ ਸਿੱਬਲ ਨੂੰ ਸਵਾਲ ਕੀਤਾ ਕਿ ਜੇਕਰ ਉਨ੍ਹਾਂ ਨੂੰ ਅੰਦਰੂਨੀ ਕਮੇਟੀ 'ਤੇ ਇਤਰਾਜ਼ ਸੀ ਤਾਂ ਉਹ ਉਸ ਦੇ ਸਾਹਮਣੇ ਕਿਉਂ ਪੇਸ਼ ਹੋਏ। ਸਿੱਬਲ ਨੇ ਕਿਹਾ ਕਿ ਉਨ੍ਹਾਂ ਨੇ ਕਮੇਟੀ ਦੇ ਸਾਹਮਣੇ ਇਸ ਲਈ ਪੇਸ਼ ਹੋਣ ਦਾ ਫ਼ੈਸਲਾ ਲਿਆ ਕਿਉਂਕਿ ਉਨ੍ਹਾਂ ਨੂੰ ਲੱਗਾ ਕਿ ਕਮੇਟੀ ਸਹੀ ਸਿੱਟੇ 'ਤੇ ਪਹੁੰਚੇਗੀ। ਹਾਲਾਂਕਿ, ਉਨ੍ਹਾਂ ਨੂੰ ਉੱਥੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਕਿ ਉਨ੍ਹਾਂ ਨੇ ਆਪਣੀ ਬਦਲੀ 'ਤੇ ਇਤਰਾਜ਼ ਕਿਉਂ ਚੁੱਕਿਆ।

ਕੋਰਟ ਨੇ ਸਿੱਬਲ ਤੋਂ ਪੁੱਛਿਆ ਕਿ ਉਹ ਜਿਸ ਅੰਦਰੂਨੀ ਰਿਪੋਰਟ ਨੂੰ ਚੁਣੌਤੀ ਦੇ ਰਹੇ ਹਨ, ਉਸ ਨੂੰ ਉਨ੍ਹਾਂ ਪਟੀਸ਼ਨ ਦੇ ਨਾਲ ਕਿਉਂ ਨਹੀਂ ਲਗਾਇਆ। ਸਿੱਬਲ ਨੇ ਕਿਹਾ ਕਿ ਉਹ ਅੰਦਰੂਨੀ ਰਿਪੋਰਟ ਪਟੀਸ਼ਨ ਨਾਲ ਨੱਥੀ ਕਰਨਗੇ। ਸਿੱਬਲ ਨੇ ਜਦੋਂ ਸੀਜੇਆਈ ਵੱਲੋਂ ਅੰਦਰੂਨੀ ਜਾਂਚ ਰਿਪੋਰਟ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਭੇਜਣ ਅਤੇ ਨਾਲ ਹੀ ਜਸਟਿਸ ਵਰਮਾ ਨੂੰ ਅਹੁਦੇ ਤੋਂ ਹਟਾਉਣ ਦੀ ਸਿਫ਼ਾਰਿਸ਼ ਕੀਤੇ ਜਾਣ 'ਤੇ ਸਵਾਲ ਚੁੱਕਿਆ ਤਾਂ ਬੈਂਚ ਨੇ ਕਿਹਾ ਕਿ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਮੰਤਰੀ ਨੂੰ ਰਿਪੋਰਟ ਭੇਜਣ ਨਾਲ ਤੁਸੀਂ ਇਹ ਕਿਵੇਂ ਅੰਦਾਜ਼ਾ ਲਗਾ ਸਕਦੇ ਹੋ ਕਿ ਸੀਜੇਆਈ ਨੇ ਜਸਟਿਸ ਵਰਮਾ ਨੂੰ ਅਹੁਦੇ ਤੋਂ ਹਟਾਉਣ ਦੀ ਸਿਫ਼ਾਰਿਸ਼ ਕੀਤੀ ਹੈ। ਜਸਟਿਸ ਦੱਤਾ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਜੱਜਾਂ ਦੀ ਨਿਯੁਕਤੀ ਕਰਦੇ ਹਨ ਤਾਂ ਉਨ੍ਹਾਂ ਨੂੰ ਰਿਪੋਰਟ ਭੇਜੀ ਗਈ ਤਾਂ ਕੀ ਗ਼ਲਤ ਸੀ? ਪ੍ਰਧਾਨ ਮੰਤਰੀ ਕੈਬਨਿਟ ਦੇ ਮੁਖੀ ਹੁੰਦੇ ਹਨ ਜੋ ਰਾਸ਼ਟਰਪਤੀ ਨੂੰ ਸਲਾਹ ਦਿੰਦੇ ਹਨ ਤਾਂ ਪ੍ਰਧਾਨ ਮੰਤਰੀ ਨੂੰ ਰਿਪੋਰਟ ਭੇਜਣਾ ਕਿਵੇਂ ਗ਼ਲਤ ਹੋ ਗਿਆ? ਬੈਂਚ ਨੇ ਅੰਦਰੂਨੀ ਕਮੇਟੀ 'ਤੇ ਸਵਾਲ ਚੁੱਕਣ 'ਤੇ ਕਿਹਾ ਕਿ ਸੁਪਰੀਮ ਕੋਰਟ ਦੇ ਕਈ ਪਹਿਲਾਂ ਦੇ ਫ਼ੈਸਲਿਆਂ ਵਿਚ ਅੰਦਰੂਨੀ ਜਾਂਚ ਨੂੰ ਸਹੀ ਠਹਿਰਾਇਆ ਗਿਆ ਹੈ। ਸਿੱਬਲ ਨੇ ਕਿਹਾ ਕਿ ਉਹ ਪ੍ਰਕਿਰਿਆ 'ਤੇ ਸਵਾਲ ਚੁੱਕ ਰਹੇ ਹਨ। ਬੈਂਚ ਨੇ ਕਿਹਾ ਕਿ ਅੰਦਰੂਨੀ ਜਾਂਚ ਰਿਪੋਰਟ ਸਿਰਫ਼ ਮੁੱਢਲੀ ਰਿਪੋਰਟ ਹੈ, ਉਹ ਸਬੂਤ ਨਹੀਂ ਹੈ। ਜੱਜਿਜ਼ ਇਨਕੁਆਇਰੀ ਐਕਟ ਵਿਚ ਜਾਂਚ ਦਾ ਦਾਇਰਾ ਵਧੇਰੇ ਵਿਆਪਕ ਹੁੰਦਾ ਹੈ। ਵੈੱਬਸਾਈਟ 'ਤੇ ਵੀਡੀਓ ਤੇ ਫੋਟੋ ਜਾਰੀ ਕਰਨ ਦੀ ਦਲੀਲ 'ਤੇ ਬੈਂਚ ਨੇ ਸਿੱਬਲ ਨੂੰ ਕਿਹਾ ਕਿ ਕੀ ਤੁਸੀਂ ਵੀਡੀਓ ਜਾਰੀ ਕਰਨ ਨੂੰ ਕੋਰਟ ਵਿਚ ਚੁਣੌਤੀ ਦਿੱਤੀ ਸੀ। ਕੋਰਟ ਨੇ ਮਾਮਲੇ ਦੀ ਸੁਣਵਾਈ ਬੁੱਧਵਾਰ ਤੱਕ ਟਾਲਦੇ ਹੋਏ ਸਿੱਬਲ ਨੂੰ ਕਿਹਾ ਕਿ ਉਹ ਆਪਣੀਆਂ ਦਲੀਲਾਂ ਨੂੰ ਬੁਲੇਟ ਪੁਆਇੰਟਸ ਵਿਚ ਰੱਖਣ ਅਤੇ ਪਟੀਸ਼ਨ ਵਿਚ ਸੋਧ ਕਰ ਕੇ ਧਿਰਾਂ ਨੂੰ ਸੁਧਾਰਨ।

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਪ੍ਰਭਸ਼ਰਨਦੀਪ ਸਿੰਘ ਦੀ ਕਾਵਿ-ਪੁਸਤਕ 'ਦੇਸ ਨਿਕਾਲਾ' ਉਤੇ ਵਿਚਾਰ ਗੋਸ਼ਟੀ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 20 ਜੁਲਾਈ ਨੂੰ ਪ੍ਰਭਸ਼ਰਨਦੀਪ ਸਿੰਘ ਦੀ ਕਾਵਿ-ਪੁਸਤਕ 'ਦੇਸ਼ ਨਿਕਾਲਾ' ਉਤੇ ਵਿਚਾਰ ਗੋਸ਼ਟੀ ਕਰਵਾਈ ਗਈ। ਸਮਾਗਮ ਦੀ ਸ਼ੁਰੂਆਤ ਗਾਇਕ ਸੁਲਤਾਨ ਅਖ਼ਤਰ ਦੁਆਰਾ ਕਲਗੀਧਰ ਪਾਤਸ਼ਾਹ ਨੂੰ ਸਮਰਪਿਤ ਗੀਤ ਨਾਲ ਹੋਈ। ਇਸ ਉਪਰੰਤ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਸਭਾ ਵਲੋਂ ਕੀਤੀਆਂ ਹੁਣ ਤੱਕ ਦੀਆਂ ਅਹਿਮ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ 'ਦੇਸ ਨਿਕਾਲਾ' ਕਾਵਿ-ਪੁਸਤਕ ਕਵਿਤਾ ਅਤੇ ਕਾਵਿ ਚਿੰਤਨ ਦੋਹਾਂ ਦਾ ਸੁਮੇਲ ਹੈ। ਪ੍ਰਭਸ਼ਰਨਦੀਪ ਸਿੰਘ ਧਰਮ, ਸਾਹਿਤ, ਫ਼ਲਸਫ਼ੇ ਅਤੇ ਇਤਿਹਾਸ ਦਾ ਵਿਦਵਾਨ ਹੋਣ ਦੇ ਨਾਲ-ਨਾਲ ਸਿਰਜਣਾਤਮਕ ਕਵੀ ਵੀ ਹੈ। ਉਹ ਪੱਛਮੀ ਦੇਸ਼ਾਂ ਵਿਚ ਰਹਿ ਕੇ ਵੀ ਆਪਣੀ ਕਵਿਤਾ ਤੇ ਚਿੰਤਨ ਦੀ ਬੁਨਿਆਦ ਆਪਣੀ ਬੋਲੀ ਵਿਚ ਵੇਖਦਾ ਹੈ। ਪੁਸਤਕ 'ਦੇਸ ਨਿਕਾਲਾ' ਆਪਣੀ ਜੰਮਣ-ਭੋਂਇੰ, ਮਿੱਟੀ, ਪਰਿਵਾਰ ਬੋਲੀ ਅਤੇ ਸਭਿਆਚਾਰ ਨੂੰ ਤਿਆਗ ਕੇ ਪਰਦੇਸੀਂ ਵਸੇ ਵਿਅਕਤੀ ਦੀਆਂ ਮਨੋਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਹਰਜਿੰਦਰ ਸਿੰਘ ਪੰਧੇਰ ਨੇ ਪ੍ਰੋਫੈਸਰ ਸੁੱਖਪ੍ਰੀਤ ਸਿੰਘ ਸੰਧੂ, ਅਤੇ ਡਾ. ਗੁਰਪ੍ਰੀਤ ਸਿੰਘ ਵੜੈਚ ਦੇ ਪਰਚੇ ਸਰੋਤਿਆਂ ਨਾਲ ਸਾਂਝੇ ਕੀਤੇ।

ਪ੍ਰੋਫੈਸਰ ਸੁੱਖਪ੍ਰੀਤ ਸਿੰਘ ਸੰਧੂ ਅਨੁਸਾਰ, 'ਦੇਸ ਨਿਕਾਲਾ' ਇੱਕ ਡਾਇਸਪੋਰਕ ਆਵਾਜ਼ ਵਜੋਂ ਪੰਜਾਬੀ ਸਾਹਿਤ ਵਿਚ ਆਪਣੀ ਮਜ਼ਬੂਤ ਪਛਾਣ ਬਣਾਉਂਦੀ ਹੈ। ਡਾਇਸਪੋਰਾ ਇੱਕ ਅਜਿਹਾ ਸਮਾਜਿਕ, ਰੂਹਾਨੀ ਅਤੇ ਸਭਿਆਚਾਰਕ ਅਨੁਭਵ ਹੈ ਜੋ ਜੜਾਂ ਤੋਂ ਵਿਛੜੇ ਨਵੀਂ ਥਾਂ ਅਤੇ ਹੋਂਦ ਦੀ ਖੋਜ ਅਤੇ ਮੂਲ ਪਛਾਣ ਨੂੰ ਸੰਭਾਲਣ ਦੀ ਜੱਦੋ-ਜਹਿਦ ਨਾਲ ਜੁੜਿਆ ਹੁੰਦਾ ਹੈ। ਡਾਇਸਪੋਰਾ ਦੇ ਚਾਰ ਮੁੱਖ ਤੱਤ; (ਮਿੱਟੀ, ਸਭਿਆਚਾਰ, ਬੋਲੀ ਅਤੇ ਧਰਮ) ਹਨ। ਮੇਜ਼ਬਾਨ ਮੁਲਕਾਂ ਵਿਚ ਪਹਿਲੇ ਤਿੰਨ ਤੱਤ; (ਮਿੱਟੀ, ਸਭਿਆਚਾਰ, ਬੋਲੀ) ਅਕਸਰ 'ਮਨਫੀ' ਭਾਵ ਪਰਦੇਸੀ ਰਹਿੰਦੇ ਹਨ, ਜਦੋਂ ਕਿ ਧਰਮ ਹੀ ਉਹ ਚੌਖਟਾ ਹੈ ਜੋ ਡਾਇਸਪੋਰਾ ਨੂੰ ਪਛਾਣ ਅਤੇ ਅਪਣੱਤ ਦਿੰਦਾ ਹੈ।

ਡਾ. ਗੁਰਪ੍ਰੀਤ ਸਿੰਘ ਵੜੈਚ ਨੇ ਇਸ ਕਾਵਿ-ਸੰਗ੍ਰਹਿ ਨੂੰ ਬੇਗਾਨਗੀ ਦੇ ਅਹਿਸਾਸਾਂ ਨਾਲ ਜੂਝਦੇ



ਮਨੁੱਖ ਦੀ ਕਵਿਤਾ ਦੱਸਿਆ। ਡਾ. ਗੁਰਪਾਲ ਸਿੰਘ ਸੰਧੂ ਦਾ ਪਰਚਾ ਸਭਾ ਦੀ ਜਨਰਲ ਸਕੱਤਰ ਲਖਵਿੰਦਰ ਕੌਰ ਲੱਕੀ ਨੇ ਪੜ੍ਹਿਆ। ਡਾ. ਗੁਰਪਾਲ ਸਿੰਘ ਸੰਧੂ ਦੇ ਪਰਚੇ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪ੍ਰਭਸ਼ਰਨਦੀਪ ਸਿੰਘ ਦੀ ਕਿਤਾਬ ਸਿਰਜਣਾਤਮਕਤਾ, ਆਲੋਚਨਾ-ਸਿਧਾਂਤ ਅਤੇ ਕਵਿਤਾ ਦੇ ਤਿੰਨ ਕਾਰਜਾਂ ਨੂੰ ਬਰਾਬਰ ਚਲਾਉਂਦੀ ਹੈ ਜੋ ਇੱਕ ਦੁਰਲੱਭ ਸੁਮੇਲ ਹੈ।

ਪ੍ਰੋਫੈਸਰ ਸਵਿੰਦਰ ਸਿੰਘ ਛੀਨਾ ਨੇ ਇਸ ਪੁਸਤਕ ਦੀ ਸਿਧਾਂਤਕ ਪੱਖ ਦੀ ਡੂੰਘਾਈ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਵਿਤਾਵਾਂ ਦੀਆਂ ਉਦਾਹਰਣਾਂ ਦਿੰਦਿਆਂ ਦਸਿਆ ਕਿ ਕਵੀ ਅਨੁਭਵੀ ਅਤੇ ਸੁਚੇਤ ਹੈ, ਉਸਦੀ ਕਵਿਤਾ ਵਿਚ ਕਲਪਨਾ ਘੱਟ ਡੂੰਘਾਈ ਅਤੇ ਸੰਜੀਦਗੀ ਜ਼ਿਆਦਾ ਹੈ। ਪੰਜਾਬੀ ਜੀਵਨ ਜਾਂਚ ਦੀ ਭਰਵੀਂ ਗੱਲ ਕੀਤੀ ਹੈ। ਕਿਤੇ ਵੀ ਲੈਅ ਅਤੇ ਰਾਗ ਨੂੰ ਮਰਨ ਨਹੀਂ ਦਿੱਤਾ। ਡਾ. ਹਰਮਿੰਦਰ ਸਿੰਘ ਸੰਧੂ ਨੇ, 'ਦੇਸ ਨਿਕਾਲਾ' ਨੂੰ ਬੇਗਾਨਗੀ ਦੀ ਭਾਵਨਾ, ਖਾਸ ਤੌਰ 'ਤੇ ਪ੍ਰਵਾਸੀਆਂ ਦੁਆਰਾ ਅਨੁਭਵ ਕੀਤੀ ਜਾਂਦੀ ਬੇਗਾਨਗੀ ਦੀ ਤਰਜਮਾਨੀ ਵਜੋਂ ਦੇਖਿਆ। ਮਨਜੀਤ ਕੌਰ ਸੇਖੋਂ ਨੇ ਇਸ ਸੰਕਲਪ ਦੀ ਪ੍ਰਸ਼ੰਸਾ ਕੀਤੀ ਅਤੇ ਦੱਸਿਆ ਕਿ ਫਲਸਫਾ ਕਾਲ ਤੋਂ ਮੁਕਤ ਨਹੀਂ ਹੋ ਸਕਦਾ, ਪਰ ਕਵਿਤਾ ਕਾਲ ਤੋਂ ਮੁਕਤ ਹੁੰਦੀ ਹੈ, ਜਿਵੇਂ ਬਾਬਾ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੱਜ ਵੀ ਸਾਰਥਕ ਹੈ। ਡਾ. ਗੋਬਿੰਦਰ ਸਿੰਘ ਸਮਰਾਓ ਨੇ 'ਦੇਸ ਨਿਕਾਲਾ' ਕਿਤਾਬ ਲਿਖਣ ਦੇ ਮਕਸਦ ਬਾਰੇ ਬਹੁਤ ਸਾਰੇ ਪਹਿਲੂਆਂ ਤੋਂ ਸਵਾਲ ਖੜ੍ਹੇ ਕੀਤੇ ਜਿਨ੍ਹਾਂ ਦਾ ਕਵੀ ਪ੍ਰਭਸ਼ਰਨਦੀਪ ਸਿੰਘ ਨੇ ਵਿਸਥਾਰ ਵਿਚ ਜਵਾਬ ਦਿੱਤਾ।

ਪ੍ਰਭਸ਼ਰਨਦੀਪ ਸਿੰਘ ਨੇ ਸਪਸ਼ਟ ਕੀਤਾ ਕਿ ਕਿਤਾਬ ਲਿਖਣ ਦਾ ਮੁੱਖ ਮਕਸਦ ਕਾਲ ਅਤੇ ਬੋਲੀ ਵਰਗੇ ਬੁਨਿਆਦੀ ਫ਼ਲਸਫਾਨਾ ਸਵਾਲਾਂ ਨੂੰ ਸੰਬੋਧਿਤ ਹੋਣਾ ਸੀ। ਉਨ੍ਹਾਂ ਮੁਤਾਬਕ ਕਾਲ ਦੀ ਸੱਤਾ ਤਹਿਤ ਬੋਲੀ ਰੁਪਾਂਤਰਿਤ ਹੁੰਦੀ ਰਹਿੰਦੀ ਹੈ। ਬੋਲੀ ਦੇ ਰੁਪਾਂਤਰਣ ਨਾਲ ਸਭਿਆਚਾਰਕ ਪਸਾਰ ਵੀ ਰੁਪਾਂਤਰਤ ਹੋ ਜਾਂਦੇ ਹਨ। ਕਵਿਤਾ ਵਿਚ ਇਹ ਸਮਰੱਥਾ ਹੈ ਕਿ ਉਹ ਕਾਲ ਦੇ ਪ੍ਰਭਾਵਾਂ ਤੋਂ ਮੁਕਤ ਰਹਿ ਕੇ ਬੋਲੀ ਦੇ ਪਹਿਲੇ ਰੂਪਾਂ ਨੂੰ ਸੁਰਜੀਤ ਕਰ ਸਕਦੀ ਹੈ। ਬੋਲੀ ਦੀ ਪੁਨਰ ਸੁਰਜੀਤੀ ਨਾਲ ਸਭਿਆਚਾਰਕ ਪਸਾਰ ਵੀ ਮੁੜ ਜਿਉਂਦੇ ਹੋ ਜਾਂਦੇ ਹਨ। ਉਨ੍ਹਾਂ ਦਸਿਆ ਕਿ 'ਦੇਸ ਨਿਕਾਲਾ' ਹਿੰਸਾ, ਜਲਾਵਤਨੀ, ਕਾਲ ਅਤੇ ਬੋਲੀ ਬਾਰੇ ਕਵਿਤਾਵਾਂ ਦਾ ਸੰਗ੍ਰਹਿ ਹੈ। ਕਵਿਤਾਵਾਂ ਉਨ੍ਹਾਂ ਸਦਮਿਆਂ ਨੂੰ ਮੁੜ ਸੁਰਜੀਤ ਕਰਦੀਆਂ ਹਨ ਜੋ ਕਵੀ ਅਤੇ ਉਸਦੇ ਭਾਈਚਾਰੇ ਨੇ ਆਪਣੇ ਇਤਿਹਾਸ ਦੌਰਾਨ ਸਹਿਣ ਕੀਤੇ ਹਨ। ਇਹ ਕਵਿਤਾਵਾਂ ਬੋਲੀ ਦੇ ਵਿਸਰੇ ਰੂਪਾਂ ਨੂੰ ਮੁੜ ਜਿਉਂਦਿਆਂ ਕਰ ਕੇ ਵਿਛੜ ਗਏ ਜਹਾਨ ਮੁੜ ਆਬਾਦ ਕਰਦੀਆਂ ਹਨ। ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਆਪਣੇ ਹੀ ਦੇਸ ਵਿਚ ਪੈਦਾ ਹੋਣ ਵਾਲੇ ਬੇਗਾਨਗੀ ਦੇ ਅਹਿਸਾਸਾਂ ਦਾ ਕਾਰਨ ਬਹੁਗਿਣਤੀ ਵਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਹੋਰ ਵਿਤਕਰਿਆਂ ਨੂੰ ਦਸਿਆ। ਡਾ. ਅਜੀਤ ਪਾਲ ਸਿੰਘ ਸੰਧੂ ਨੇ ਵੀ ਇਸ ਗੱਲ ਦੀ ਤਈਦ ਕੀਤੀ।

ਗੀਤ ਸੰਗੀਤ ਦੇ ਦੌਰ ਵਿਚ ਲਖਵਿੰਦਰ ਕੌਰ ਲੱਕੀ, ਅਮਰਪਾਲ ਸਿੰਘ, ਮਾਨ ਸਿੰਘ ਮਾਨ ਨੇ ਆਪਣੇ ਤਾਜ਼ਾ ਤਰੀਨ ਗੀਤ ਸੁਣਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਸੁਲਤਾਨ ਅਖ਼ਤਰ ਨੇ ਪ੍ਰਭਸ਼ਰਨਦੀਪ ਸਿੰਘ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ। ਅਖ਼ੀਰ ਵਿਚ ਹਰਜਿੰਦਰ ਸਿੰਘ ਪੰਧੇਰ ਨੇ ਸਮੂਹ ਸਰੋਤਿਆਂ ਅਤੇ ਵਿਦਵਾਨਾਂ ਦਾ ਧੰਨਵਾਦ ਕੀਤਾ।

*-ਹਰਜਿੰਦਰ ਸਿੰਘ ਪੰਧੇਰ*
*ਫੋਨ: 209-610-5055*

# ਵਾਟਰਲੂ ਸੰਸਦੀ ਹਲਕੇ ਤੋਂ ਪਾਰਲੀਮੈਂਟ ਮੈਂਬਰ ਬੀਬਾ ਬਰਦੀਸ਼ ਕੌਰ ਵਲੋਂ ਸ਼ੁਕਰਾਨਾ ਸਮਾਗਮ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਮੈਂਬਰ ਬੀਬਾ ਬਰਦੀਸ਼ ਕੌਰ ਕੈਨੇਡਾ ਦੀ ਧਰਤੀ 'ਤੇ, ਲਗਾਤਾਰ ਚੌਥੀ ਵਾਰ, ਵਾਟਰਲੂ ਸੰਸਦੀ ਹਲਕੇ ਤੋਂ ਭਾਰੀ ਬਹੁਮਤ ਨਾਲ, 60 ਫੀਸਦੀ



ਵੋਟਾਂ ਪ੍ਰਾਪਤ ਕਰ ਕੇ ਕੈਨੇਡੀਅਨ ਪਾਰਲੀਮੈਂਟ ਦੀ ਮੈਂਬਰ ਚੁਣੀ ਗਈ ਹੈ। ਬਰਦੀਸ਼ ਕੌਰ ਨੂੰ ਛੋਟੀ ਉਮਰ ਵਿਚ ਹੀ ਜਸਟਿਨ ਟਰੂਡੋ ਦੀ ਸਰਕਾਰ ਵਿਚ ਦੋ ਵਾਰ ਮੰਤਰੀ ਬਣ ਕੇ ਅਹਿਮ ਵਿਭਾਗਾਂ ਵਿਚ ਸੇਵਾਵਾਂ ਨਿਭਾਉਣ ਦਾ ਸੁਭਾਗ ਪ੍ਰਾਪਤ ਹੋਇਆ। ਕੈਨੇਡਾ ਦੇ ਇਤਿਹਾਸ ਵਿਚ ਉਨ੍ਹਾਂ ਨੂੰ ਹਾਊਸ ਆਫ ਕਾਮਨਜ਼ (ਲੋਕ ਸਭਾ) ਵਿਚ ਪਹਿਲੀ ਔਰਤ ਸਰਕਾਰੀ ਹਾਊਸ ਲੀਡਰ ਬਣਨ ਦਾ ਮਾਣ ਪ੍ਰਾਪਤ ਹੋਇਆ। ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੈਨੇਡਾ ਦੀ ਜਨਰਲ ਸਕੱਤਰ ਸਰਦਾਰਨੀ ਬਿੰਦਰ ਕੌਰ ਦੀ ਭਤੀਜੀ, ਸਵਰਗਵਾਸੀ ਸਰਦਾਰਨੀ ਤੇ ਸਰਦਾਰ ਕਸ਼ਮੀਰਾ ਸਿੰਘ ਦੀ ਪੋਤਰੀ ਅਤੇ ਸਰਦਾਰਨੀ ਤੇ ਸਰਦਾਰ ਗੁਰਮਿੰਦਰ ਸਿੰਘ ਦੀ ਹੋਣਹਾਰ ਸਪੁੱਤਰੀ ਹੈ।

20 ਜੁਲਾਈ 2025 ਨੂੰ ਉਨ੍ਹਾਂ ਵਲੋਂ ਕਿਚਨਰ/ਵਾਟਰਲੂ ਦੇ ਗੁਰਦੁਆਰਾ ਸਾਹਿਬ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਵਿਚ ਦੀਵਾਨ ਸਜਾਏ ਗਏ, ਜਿਸ ਵਿਚ ਸੰਗਤੀ ਰੂਪ ਵਿਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਭਾਈ ਜਤਿੰਦਰ ਸਿੰਘ ਦੇ ਰਾਗੀ ਜਥੇ ਵਲੋਂ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਹੋਈਆਂ। ਸਟੱਡੀ ਸਰਕਲ ਵਲੋਂ ਬੀਬਾ ਬਰਦੀਸ਼ ਕੌਰ ਤੇ ਉਨ੍ਹਾਂ ਦੇ ਮਾਤਾ ਪਿਤਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ. ਇੰਦਰਪਾਲ ਸਿੰਘ ਤੇ ਸ. ਜਗਦੀਸ਼ ਸਿੰਘ ਨੇ ਸੁਪਰੀਮ ਕੌਂਸਲ ਕੇਂਦਰੀ ਦਫਤਰ ਲੁਧਿਆਣਾ ਵਲੋਂ ਵਧਾਈ ਦਿੱਤੀ। ਇਸ ਮੌਕੇ ਸਵਰਗੀ ਸ. ਕਸ਼ਮੀਰਾ ਸਿੰਘ ਦਾ ਸਾਰਾ ਪਰਿਵਾਰ ਹਾਜ਼ਰ ਹੋਇਆ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੈਨੇਡਾ ਦੇ ਪ੍ਰਧਾਨ ਸ. ਅਮਰਪ੍ਰੀਤ ਸਿੰਘ ਨੇ ਵਧਾਈ ਸੰਦੇਸ਼ ਭੇਜਿਆ। ਇਸ ਮੌਕੇ ਸਟੱਡੀ ਸਰਕਲ ਦੇ ਮੋਢੀ ਮੈਂਬਰ ਸ. ਜਤਿੰਦਰਪਾਲ ਸਿੰਘ ਸਾਬਕਾ ਚੇਅਰਮੈਨ, ਸ. ਇੰਦਰਪਾਲ ਸਿੰਘ ਡਾਇਰੈਕਟਰ ਓਵਰਸੀਜ਼, ਗਲੋਬਲ ਸਿੱਖ ਐਜੂਕੇਸ਼ਨ ਮਿਸ਼ਨ, ਸਰਦਾਰਨੀ ਬਿੰਦਰ ਕੌਰ ਜਨਰਲ ਸਕੱਤਰ ਕੈਨੇਡਾ, ਸ. ਜਗਦੀਸ਼ ਸਿੰਘ ਡਾਇਰੈਕਟਰ ਓਵਰਸੀਜ਼ ਕੈਨੇਡਾ, ਪ੍ਰੋ. ਮਨਿੰਦਰ ਸਿੰਘ ਅਬੋਹਰ, ਡਾਇਰੈਕਟਰ ਜਨਰਲ ਮਨੁੱਖੀ ਵਸੀਲੇ, ਸ. ਬਲਜਿੰਦਰ ਸਿੰਘ ਮਿਸੀਸਾਗਾ ਸਾਬਕਾ ਚੀਫ਼ ਸਕੱਤਰ, ਸ. ਸਤਨਾਮ ਸਿੰਘ ਵਾਟਰਲੂ, ਸ. ਕਮਲਜੀਤ ਸਿੰਘ ਬਰੈਂਪਟਨ, ਸ. ਜੋਗਾ ਸਿੰਘ, ਬੀਬਾ ਬਰਦੀਸ਼ ਕੌਰ ਦੇ ਪਰਿਵਾਰਕ ਮੈਂਬਰ, ਵੱਖ-ਵੱਖ ਹਲਕਿਆਂ ਤੋਂ ਮੈਂਬਰ ਪਾਰਲੀਮੈਂਟ, ਸਰਦਾਰ ਤੇ ਸਰਦਾਰਨੀ ਸੋਨੀਆ ਸਿੱਧੂ ਐਮ.ਪੀ. ਬਰੈਂਪਟਨ, ਮਿਸਟਰ ਟਿਮ ਲੂਈਸ ਐਮ.ਪੀ. ਕਿਚਨਰ-ਕੋਨਸਟੋਗਾ, ਮੈਡਮ ਡੌਰਥੀ ਮੈਕੇਬ ਮੇਅਰ ਵਾਟਰਲੂ, ਮੈਡਮ ਨਤਾਸ਼ਾ ਸੋਲੋਨੈਨ ਮੇਅਰ ਵਿਲਮੋਟ, ਲੇਖਿਕਾ ਕੋਮਲ ਸਿੰਘ ਸਟੈਮ ਬੁੱਕ ਸੀਰੀਜ਼ 'ਐਰਾ' ਪ੍ਰਿੰਸੀਪਲ ਜਸਵਿੰਦਰ ਸਿੰਘ ਧਨਬਾਦ, ਸ. ਕੁਲਦੀਪ ਸਿੰਘ, ਸ. ਪਰਗਟ ਸਿੰਘ, ਸ. ਸਤਨਾਮ ਸਿੰਘ ਰੋਪੜ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ. ਜਸਬੀਰ ਸਿੰਘ ਨਿੱਝਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਡਾ. ਮਨਜਿੰਦਰ ਸਿੰਘ ਨੂੰ ਮਿਲਿਆ 'ਡਾ. ਰਵਿੰਦਰ ਰਵੀ ਯਾਦਗਾਰੀ ਆਲੋਚਨਾ ਪੁਰਸਕਾਰ'

**ਅੰਮ੍ਰਿਤਸਰ:** ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦਿਤਾ ਜਾਣ ਵਾਲਾ ਬਹੁ- ਵਕਾਰੀ 'ਡਾ. ਰਵਿੰਦਰ ਰਵੀ ਯਾਦਗਾਰੀ ਅਲੋਚਨਾ ਪੁਰਸਕਾਰ' ਇਸ ਵਾਰ ਪੰਜਾਬੀ ਵਿਦਵਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਜਿੰਦਰ ਸਿੰਘ ਨੂੰ ਦਿੱਤਾ ਗਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨਫਰੰਸ ਹਾਲ ਵਿਚ ਹੋਏ ਇਸ ਸਮਾਗਮ ਦੇ ਕਨਵੀਨਰ ਦੀਪ ਦਵਿੰਦਰ ਸਿੰਘ ਨੇ ਦਸਿਆ ਕਿ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ ਅਤੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਵਿਚ ਪ੍ਰਸਿੱਧ ਪੱਤਰਕਾਰ ਅਤੇ ਕਾਲਮ ਨਵੀਸ ਸਤਨਾਮ ਸਿੰਘ ਮਾਣਕ, ਡਾ. ਲਖਵਿੰਦਰ ਸਿੰਘ ਜੌਹਲ ਅਤੇ ਡਾ. ਮਨਮੋਹਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਉਪ-ਕੁਲਪਤੀ ਡਾ. ਕਰਮਜੀਤ ਸਿੰਘ ਦੇ ਸੰਦੇਸ਼ ਨਾਲ ਸ਼ੁਰੂ ਹੋਏ ਇਸ ਸਮਾਗਮ ਵਿਚ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਡਾ. ਮਨਜਿੰਦਰ ਸਿੰਘ ਪੰਜਾਬੀ ਜ਼ਬਾਨ ਦੇ ਪ੍ਰਬੁੱਧ ਵਿਦਵਾਨ ਹਨ ਅਤੇ ਉਨ੍ਹਾਂ ਕੋਲ ਭਾਸ਼ਾ ਵਿਗਿਆਨ ਦੀ ਗਹਿਰੀ ਸਮਝ ਹੈ। ਡਾ. ਲਖਵਿੰਦਰ ਸਿੰਘ ਜੌਹਲ ਨੇ ਕੇਂਦਰੀ ਸਭਾ ਦੀ ਸਰਾਹਣਾ ਕਰਦਿਆਂ ਕਿਹਾ ਕਿ 'ਡਾ. ਰਵਿੰਦਰ ਰਵੀ ਆਲੋਚਨਾ ਪੁਰਸਕਾਰ' ਲਈ ਡਾ. ਮਨਜਿੰਦਰ ਹੁਰਾਂ ਦੀ ਚੋਣ ਸ਼ਲਾਘਾਯੋਗ ਉੱਦਮ ਹੈ। ਡਾ. ਮਨਮੋਹਨ ਹੁਰਾਂ ਵਧਾਈ ਦੇਂਦਿਆਂ ਕਿਹਾ ਕਿ ਅਜਿਹੇ ਮਾਣ-ਸਨਮਾਨ ਹੋਰ ਜ਼ਿੰਮੇਵਾਰੀਆਂ ਦਾ ਅਹਿਦ ਵੀ ਕਰਵਾਉਂਦੇ ਹਨ। ਡਾ. ਬਲਜੀਤ ਕੌਰ ਰਿਆੜ, ਡਾ. ਮੇਘਾ ਸਲਵਾਨ, ਡਾ. ਹਰਿੰਦਰ ਸੋਹਲ, ਬਲਵਿੰਦਰ ਸੰਧੂ, ਗੁਰਮੀਤ ਬਾਜਵਾ, ਜਗਦੀਸ਼ ਸਚਦੇਵਾ, ਡਾ. ਹਰਪ੍ਰੀਤ ਰਾਣਾ ਅਤੇ ਪ੍ਰਿੰ. ਕੁਲਵੰਤ ਸਿੰਘ ਅਣਖੀ ਨੇ ਵੀ ਸੰਬੋਧਨ ਕਰਦਿਆਂ ਡਾ. ਮਨਜਿੰਦਰ ਸਿੰਘ ਨੂੰ ਮੁਬਾਰਕਬਾਦ ਦਿਤੀ ਜਦਕਿ ਸਭਾ ਦੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਨੇ ਸਭ ਦਾ ਧੰਨਵਾਦ ਕੀਤਾ।



ਡਾ. ਮਨਜਿੰਦਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਸਤਨਾਮ ਮਾਣਕ, ਡਾ. ਲਖਵਿੰਦਰ ਜੌਹਲ, ਡਾ. ਮਨਮੋਹਨ, ਦਰਸ਼ਨ ਬੁੱਟਰ ਅਤੇ ਹੋਰ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਪਾਕਿਸਤਾਨ ਨੂੰ ਭਾਰਤ ਦੇ ...

*(ਪਹਿਲੇ ਸਫ਼ੇ ਦਾ ਬਾਕੀ)*

### ਰਾਹੁਲ ਗਾਂਧੀ ਨੇ ਟਰੰਪ ਬਾਰੇ ਸਪੱਸ਼ਟੀਕਰਨ ਮੰਗਿਆ

ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਧੂਆਂਧਾਰ ਭਾਸ਼ਣ ਕੀਤਾ, ਜਿਸ ਵਿੱਚ ਉਹਨਾਂ ਬਹੁਤ ਸਾਰੇ ਸਵਾਲ ਖੜੇ ਕੀਤੇ।ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲ ਟਰੰਪ ਨੇ 29 ਵਾਰ ਦੁਹਰਾਇਆ ਹੈ ਕਿ ਜੰਗਬੰਦੀ ਉਸਨੇ ਕਰਾਈ ਹੈ। ਪਰ ਭਾਰਤ ਉਸਦਾ ਸਪਸ਼ਟ ਖੰਡਨ ਨਹੀਂ ਕਰ ਰਿਹਾ। ਰਾਹੁਲ ਗਾਂਧੀ ਨੇ ਕਿਹਾ ਕਿ ਮੇਰੇ ਤੋਂ ਬਾਅਦ ਪ੍ਰਧਾਨ ਮੰਤਰੀ ਸੰਸਦ ਵਿੱਚ ਬੋਲਣ ਵਾਲੇ ਹਨ ਮੈਂ ਉਮੀਦ ਕਰਦਾ ਹਾਂ ਕਿ ਉਹ ਆਪਣੇ ਭਾਸ਼ਣ ਵਿੱਚ ਸਪਸ਼ਟ ਕਹਿਣਗੇ ਕਿ "ਟਰੰਪ ਝੂਠ ਬੋਲ ਰਿਹਾ ਹੈ'' ਪਰ ਪ੍ਰਧਾਨ ਮੰਤਰੀ ਨੇ ਆਪਣੇ ਜਵਾਬ ਵਿੱਚ ਟਰੰਪ ਦਾ ਨਾਮ ਲੈਣ ਤੋਂ ਗੁਰੇਜ਼ ਕਰਦਿਆਂ ਏਨਾ ਹੀ ਕਿਹਾ:- "ਸਾਨੂੰ ਦੁਨੀਆ ਦੇ ਕਿਸੇ ਵੀ ਆਗੂ ਨੇ ਅਪਰੇਸ਼ਨ ਸਿੰਧੂਰ ਰੋਕਣ ਲਈ ਨਹੀਂ ਕਿਹਾ।'' ਰਾਹੁਲ ਗਾਂਧੀ ਤੋਂ ਪਹਿਲਾਂ ਇਸ ਮੁੱਦੇ ਉੱਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਭਾਸ਼ਣ ਵੀ ਹੋਇਆ ਅਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਭਾਸ਼ਣ ਵੀ ਸੋਮਵਾਰ ਨੂੰ ਹੋਇਆ। ਇਸ ਚਰਚਾ ਵਿੱਚ ਇੱਕ ਦਿਨ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਸੈਨਾ ਦੀ ਬਹਾਦਰੀ ਦੀ ਚਰਚਾ ਕੀਤੀ।



### ਰਾਜਨਾਥ ਸਿੰਘ ਨੇ ਅਪਰੇਸ਼ਨ ਸਿੰਧੂਰ ਨੂੰ ਮੋਦੀ ਦਾ 'ਮਜ਼ਬੂਤ ਕਦਮ' ਕਰਾਰ ਦਿੱਤਾ

ਪਹਿਲਗਾਮ ਅੱਤਵਾਦੀ ਹਮਲਾ, ਜਿਸ 'ਚ 26 ਨਾਗਰਿਕ ਮਾਰੇ ਗਏ, ਦੇ ਜਵਾਬ 'ਚ ਭਾਰਤ ਵਲੋਂ ਕੀਤੇ ਗਏ 'ਆਪ੍ਰੇਸ਼ਨ ਸੰਧੂਰ' ਬਾਰੇ ਸੋਮਵਾਰ ਨੂੰ ਬਾਅਦ ਦੁਪਹਿਰ 2 ਵਜੇ ਲੋਕ ਸਭਾ 'ਚ ਵਿਸ਼ੇਸ਼ ਚਰਚਾ ਦੀ ਸ਼ੁਰੂਆਤ ਕੀਤੀ ਗਈ, ਜੋ ਦੇਰ ਰਾਤ 12.55 ਵਜੇ ਤੱਕ ਜਾਰੀ ਰਹੀ। ਚਰਚਾ ਦੀ ਸ਼ੁਰੂਆਤ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਰਦਿਆਂ ਜਿਥੇ ਪਹਿਲਗਾਮ ਹਮਲੇ ਤੋਂ ਬਾਅਦ ਸਰਕਾਰ ਦੀ ਰਣਨੀਤਕ ਅਤੇ ਫ਼ੌਜੀ ਤਿਆਰੀਆਂ ਦਾ ਬਿਊਰਾ ਦਿੰਦਿਆਂ ਇਸ ਨੂੰ ਭਾਰਤ ਦੀ ਲੀਡਰਸ਼ਿਪ ਭਾਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਖ਼ਤ ਸੁਨੇਹਾ ਦੇਣ ਦੀ ਦਿਸ਼ਾ 'ਚ ਚੁੱਕਿਆ 'ਇਕ ਮਜ਼ਬੂਤ ਕਦਮ' ਕਰਾਰ ਦਿੱਤਾ। ਦੂਜੇ ਪਾਸੇ ਵਿਰੋਧੀ ਧਿਰਾਂ ਨੇ ਆਪਣੇ ਭਾਸ਼ਨਾਂ 'ਚ ਪਹਿਲਗਾਮ ਹਮਲੇ ਨੂੰ ਖ਼ੁਫ਼ੀਆ ਤੰਤਰ ਦੀ ਕੁਤਾਹੀ, ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਅਤੇ 'ਆਪ੍ਰੇਸ਼ਨ ਸੰਧੂਰ' ਨੂੰ ਅਚਾਨਕ ਬੰਦ ਕਰਨ ਦੇ ਸੰਬੰਧ 'ਚ ਸਰਕਾਰ ਤੋਂ ਜਵਾਬ ਦੀ ਮੰਗ ਕੀਤੀ। ਰਾਜਨਾਥ ਸਿੰਘ ਨੇ ਜਿਥੇ ਆਪਣੇ ਭਾਸ਼ਨ 'ਚ ਸਰਕਾਰ ਦਾ ਪਹਿਲਾਂ ਤੋਂ ਲਿਆ ਰੁਖ਼ ਦੁਹਰਾਉਂਦਿਆਂ ਕਿਹਾ ਕਿ 'ਆਪ੍ਰੇਸ਼ਨ ਸੰਧੂਰ' ਅਜੇ ਖ਼ਤਮ ਨਹੀਂ ਹੋਇਆ ਹੈ ਤਾਂ ਵਿਰੋਧੀ ਧਿਰਾਂ ਨੇ ਮੁੜ ਸਵਾਲ ਉਠਾਉਂਦਿਆਂ ਕਿਹਾ ਕਿ ਜੇਕਰ 'ਆਪ੍ਰੇਸ਼ਨ ਸੰਧੂਰ' ਅਜੇ ਖ਼ਤਮ ਨਹੀਂ ਹੋਇਆ ਤਾਂ ਇਸ ਨੂੰ ਸਫ਼ਲ ਕਿਵੇਂ ਕਿਹਾ ਜਾ ਸਕਦਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 6 ਅਤੇ 7 ਮਈ ਨੂੰ ਹੋਏ ਆਪੋਸ਼ਨ ਸੰਧੂਰ'' ਨੂੰ ਭਾਰਤ ਦੀ ਮਜ਼ਬੂਤ ਨੀਤੀ ਨੂੰ ਦਰਸਾਉਣ ਵਾਲਾ ਪ੍ਰਭਾਵੀ ਅਤੇ ਫ਼ੈਸਲਾਕੁੰਨ ਕਦਮ ਕਰਾਰ ਦਿੱਤਾ। ਉਨ੍ਹਾਂ ਨੇ ਇਸ ਫ਼ੌਜੀ ਕਾਰਵਾਈ ਨੂੰ ਸੋਚ ਸਮਝ ਕੇ, ਸਾਰੇ ਵਿਕਲਪਾਂ 'ਚੋਂ ਚੁਣਿਆ ਅਸਰਦਾਰ ਕਦਮ ਕਰਾਰ ਦਿੱਤਾ ਜਿਸ 'ਚ "ਜਿਸ ਮੋਹੀ ਮਾਰਾ ਤੇ ਮੈਂ ਮਾਰੇ'' ਭਾਵ ਜਿਨ੍ਹਾਂ ਨੇ ਮੈਨੂੰ (ਭਾਰਤੀ ਨਾਗਰਿਕਾਂ ਨੂੰ) ਮਾਰਿਆ ਹੈ, ਉਨ੍ਹਾਂ ਨੂੰ ਮਾਰਿਆ ਗਿਆ। ਰਾਜਨਾਥ ਸਿੰਘ ਨੇ ਆਪਣੇ ਭਾਸ਼ਨ 'ਚ 'ਰਾਮਚਰਿਤ ਮਾਨਸ' ਦੀ ਉਕਤ ਚੌਪਾਈ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ (ਸਰਕਾਰ ਨੇ) ਪ੍ਰਭੂ ਹਨੂੰਮਾਨ ਦੀ ਰਣਨੀਤੀ ਵਾਂਗ 'ਆਪ੍ਰੇਸ਼ਨ ਸੰਧੂਰ' 'ਚ ਅੱਤਵਾਦੀਆਂ ਨੂੰ ਮਾਰਿਆ। ਰੱਖਿਆ ਮੰਤਰੀ ਨੇ ਆਪਣੇ ਭਾਸ਼ਨ 'ਚ ਹਨੂੰਮਾਨ ਤੋਂ ਇਲਾਵਾ ਭਗਵਾਨ ਰਾਮ, ਕ੍ਰਿਸ਼ਨ ਅਤੇ ਬੁੱਧ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਨੀਤੀ ਭਗਵਾਨ ਰਾਮ-ਕ੍ਰਿਸ਼ਨ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਰੁਖ਼ ਬਿਲਕੁਲ ਸਾਫ ਹੈ ਕਿ ਜਿਸਦੀ ਬੁਨਿਆਦ 'ਚ ਲੋਕਤੰਤਰ ਹੈ। ਰੱਖਿਆ ਮੰਤਰੀ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਲੋਂ ਕੀਤੀ ਲਾਹੌਰ ਬੱਲ ਯਾਤਰਾ ਨੂੰ ਸ਼ਾਂਤੀ ਦੀ ਦਿਸ਼ਾ ਵਲੋਂ ਚੁੱਕਿਆ ਕਦਮ ਦੱਸਦਿਆਂ ਕਿਹਾ ਕਿ ਜਿਸ ਵੇਲੇ ਅਸੀਂ ਨਵਾਜ਼ ਤਰੀਵ ਨਾਲ ਦੋਸਤੀ ਦਾ ਹੱਥ ਵਧਾਇਆ ਸੀ, ਉਹ ਉਸ ਵੇਲੇ ਸਾਡੇਬੰਦ ਕੀਤਾ ਗਿਆ ਜਦੋਂ 'ਆਪ੍ਰੇਸ਼ਨ ਸੰਧੂਰ' ਲਈ ਤੈਅ ਕੀਤੇ ਰਣਨੀਤਕ ਅਤੇ ਫ਼ੌਜੀ ਮਕਸਦ ਹਾਸਿਲ ਕਰ ਲਏ ਗਏ। ਰੱਖਿਆ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਲਈ ਇਹ ਕਹਿਣਾ ਕਿ 'ਆਪ੍ਰੇਸ਼ਨ ਸੰਧੂਰ' ਕਿਸੇ ਦੇ ਦਬਾਅ 'ਚ ਰੋਕਿਆ ਗਿਆ, ਬੇਬੁਨਿਆਦ ਹੈ। ਰਾਜਨਾਥ ਸਿੰਘ ਦਾ ਇਹ ਬਿਆਨ ਵਿਰੋਧੀ ਧਿਰਾਂ ਵਲੋਂ ਲਗਾਤਾਰ ਉਠਾਏ ਜਾ ਰਹੇ ਸਵਾਲ ਦਾ ਅਸਿੱਧਾ ਜਵਾਬ ਸੀ। 'ਆਪ੍ਰੇਸ਼ਨ ਸੰਧੂਰ' ਰੋਕਿਆ ਕਿਉਂ? ਇਹ ਟਿੱਪਣੀ ਉਸ ਵੇਲੇ ਆਈ ਜਦੋਂ ਰਾਜਨਾਥ ਸਿੰਘ 'ਆਪ੍ਰੇਸ਼ਨ ਸੰਧੂਰ' ਨੂੰ ਤਿੰਨੋਂ ਫ਼ੌਜਾਂ ਦੇ ਤਾਲਮੇਲ ਵਾਲੀ ਅਤੇ ਬਹਾਦਰੀ ਵਾਲੀ ਫ਼ੌਜੀ ਕਾਰਵਾਈ ਦੱਸਦਿਆਂ ਸਿਲਸਿਲੇਵਾਲ ਢੰਗ ਨਾਲ ਆਪ੍ਰੇਸ਼ਨ ਦੀ ਤਫਸੀਲ ਦੇ ਰਹੇ ਸਨ। ਰਾਹੁਲ ਗਾਂਧੀ ਦੇ ਇਸ ਸਵਾਲ 'ਤੇ ਸੱਤਾ ਧਿਰ ਦੇ ਨੇਤਾਵਾਂ ਨੇ ਇਤਰਾਜ਼ ਕੀਤਾ। ਮੰਤਰੀ ਨੇ ਆਪਣੇ ਭਾਸ਼ਨ 'ਚ 'ਆਪ੍ਰੇਸ਼ਨ ਸੰਧੂਰ' ਨੂੰ ਸਰਕਾਰ ਦੇ ਮਜ਼ਬੂਤ ਅਤੇ ਫ਼ੈਸਲਾਕੁੰਨ ਕਾਰਵਾਈ ਦੇ ਵਿਖਾਵੇ ਵਜੋਂ ਪੇਸ਼ ਕੀਤਾ। ਉਨ੍ਹਾਂ ਪਿਛਲੀਆਂ ਕਾਂਗਰਸ ਸਰਕਾਰਾਂ ਦੇ ਵੇਲੇ ਹੋਈਆਂ ਜੰਗਾਂ ਅਤੇ ਅੱਤਵਾਦੀ ਹਮਲਿਆਂ ਨੂੰ ਲੈ ਕੇ ਉਨ੍ਹਾਂ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਜਦੋਂ 1962 'ਚ ਚੀਨ ਦੇ ਨਾਲ ਜੰਗ 'ਚ ਭਾਰਤ ਦੀ ਹਾਰ ਹੋਈ ਸੀ ਤਾਂ ਉਸ ਵੇਲੇ (ਭਾਜਪਾ ਨੇ ਵਿਰੋਧੀ ਧਿਰ ਵਜੋਂ ਇਹ ਸਵਾਲ ਪੁੱਛੇ ਸਨ ਕਿ ਸਾਡੇ ਦੇਸ਼ 'ਤੇ ਦੂਜੇ ਦੇਸ਼ ਨੇ ਕਬਜ਼ਾ ਕਿਵੇਂ ਕੀਤਾ। ਅਸੀਂ (ਭਾਜਪਾ ਨੇ) - ਇਹ ਨਹੀਂ ਪੁੱਛਿਆ ਕਿ ਕਿੰਨੇ ਟੈਂਕ ਅਤੇ ਤੋਪਾਂ ਤਬਾਹ ਹੋਈਆਂ। ਰੱਖਿਆ ਮੰਤਰੀ ਦੀ ਇਹ ਟਿੱਪਣੀ ਵਿਰੋਧੀ ਧਿਰਾਂ ਵਲੋਂ ਉਠਾਏ ਜਾਂਦੇ ਉਸ ਸਵਾਲ ਤੋਂ ਬਾਅਦ ਆਈ ਹੈ ਜਿਸ 'ਚ ਉਨ੍ਹਾਂ ਪੁੱਛਿਆ ਕਿ 'ਆਪ੍ਰੇਸ਼ਨ ਸੰਧੂਰ' 'ਚ ਭਾਰਤੀ ਫ਼ੌਜ ਦੇ ਕਿੰਨੇ ਰਾਫੇਲ ਜਾਂ ਲੜਾਕੂ ਜਹਾਜ਼ ਤਬਾਹ ਹੋਏ ਹਨ।



(ਪਹਿਲੇ ਸਫ਼ੇ ਦਾ ਬਾਕੀ)

## ਲੈਂਡ ਪੂਲਿੰਗ ਨੀਤੀ ...

ਜੇਕਰ ਕਿਸਾਨ ਇੱਕ ਕਿੱਲਾ (4840 ਵਰਗ ਗਜ਼) ਜ਼ਮੀਨ ਦਿੰਦਾ ਹੈ, ਤਾਂ ਉਸ ਨੂੰ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਜੇਕਰ ਕਿਸੇ ਕੋਲ ਇੱਕ ਏਕੜ ਨਹੀਂ ਹੈ, ਤਾਂ ਉਸ ਨੂੰ ਇੱਕ ਕਨਾਲ ਲਈ 25 ਗਜ਼ ਦਾ ਬੂਥ ਅਤੇ 125 ਗਜ਼ ਦਾ ਰਿਹਾਇਸ਼ੀ ਪਲਾਟ ਮਿਲੇਗਾ। ਜੇਕਰ ਉਹ ਕਿਸਾਨ ਵਪਾਰਕ ਥਾਂ ਨਹੀਂ ਲੈਂਦਾ, ਤਾਂ ਉਸ ਨੂੰ ਤਿੰਨ ਗੁਣਾ ਰਿਹਾਇਸ਼ੀ ਥਾਂ ਮਿਲੇਗੀ। ਸਰਕਾਰ ਦਾ ਦਾਅਵਾ ਹੈ ਕਿ ਇਹ ਨੀਤੀ ਪੂਰੀ ਤਰ੍ਹਾਂ ਸਵੈ-ਇੱਛੁਕ ਹੈ ਅਤੇ ਕਿਸਾਨ ਆਪਣੀ ਜ਼ਮੀਨ 'ਤੇ ਖੇਤੀ ਜਾਰੀ ਰੱਖ ਸਕਦੇ ਹਨ ਜਦੋਂ ਤੱਕ ਵਿਕਾਸ ਕੰਮ ਸ਼ੁਰੂ ਨਹੀਂ ਹੁੰਦੇ।

### ਆਮ ਆਦਮੀ ਪਾਰਟੀ ਦੇ ਅੰਦਰੋਂ ਵੀ ਉੱਠੇ ਸਵਾਲ

ਇਸੇ ਦੌਰਾਨ ਆਮ ਆਦਮੀ ਪਾਰਟੀ ਦੇ



ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਆਪਣੀ ਹੀ ਸਰਕਾਰ ਦੀ ਨੀਤੀ 'ਤੇ ਸਵਾਲ ਚੁੱਕਦੇ ਹੋਏ ਸੋਸ਼ਲ ਮੀਡੀ ਪਲੇਟਫ਼ਾਰਮ 'ਐਕਸ' 'ਤੇ ਇੱਕ ਪੋਸਟ ਕੀਤੀ ਸੀ। ਹਾਲਾਂਕਿ, ਕੁਝ ਹੀ ਘੰਟਿਆਂ ਵਿੱਚ ਕੰਗ ਨੇ ਇਹ ਪੋਸਟ ਡਿਲੀਟ ਕਰ ਦਿੱਤੀ। ਆਪਣੀ ਪੋਜ ਵਿੱਚ ਕੰਗ ਨੇ ਲੈਂਡ ਪੂਲਿੰਗ ਤੋਂ ਇਲਾਵਾ ਕਿਸਾ ਦੇ ਹਿਤ ਵਿੱਚ ਚੁੱਕੇ ਗਏ ਫ਼ੈਸਲਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਬਿਜਲੀ ਸਪਲਾਈ, ਨਹਿਰੀ ਪਾਣੀ, ਫ਼ਸਲ ਮੰਡੀਕਰਨ ਸੁਧਾਰ ਅਤੇ ਵਿਭਿੰਨਤਾ ਵਰਗੇ ਕਈ ਕਦਮ ਸਰਕਾਰ ਨੇ ਚੁੱਕੇ ਹਨ, ਅਜਿਹੇ ਵਿੱਚ ਲੈਂਡ ਪਾਲਿਸੀ 'ਤੇ ਵੀ ਕਿਸਾਨਾਂ ਦਾ ਭਰੋਸਾ ਜ਼ਰੂਰੀ ਹੈ।

### ਖੇਤੀਬਾੜੀ ਅਰਥ ਵਿਵਸਥਾ ਹੋਵੇਗੀ ਤਬਾਹ: ਰਾਜਾ ਵੜਿੰਗ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਨੀਤੀ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਤਬਾਹ ਕਰ ਦੇਵੇਗੀ। ਉਨ੍ਹਾਂ ਨੇ ਇਸ ਨੂੰ "ਧੱਕੇਸ਼ਾਹੀ" ਕਰਾਰ ਦਿੱਤਾ ਅਤੇ ਕਿਹਾ ਕਿ ਕਾਂਗਰਸ ਇਸ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ। ਰਾਜਾ ਵੜਿੰਗ ਨੇ ਖ਼ੁਦ ਟਰੈਕਟਰ ਚਲਾ ਕੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਇਸ ਦੇ ਇਲਾਵਾ ਸੂਬੇ ਦੀ ਸਮੁੱਚੀ ਲੀਡਰਸ਼ਿਪ ਨੇ ਵੀ ਕੁਝ ਦਿਨ ਪਹਿਲਾਂ ਮੋਹਾਲੀ ਦੇ ਗਮਾਡਾ ਦਫ਼ਤਰ ਸਾਹਮਣੇ ਇਸ ਨੀਤੀ ਵਿਰੁੱਧ ਰੈਲੀ ਕੀਤੀ ਸੀ। ਇਸ ਦੇ ਨਾਲ ਹੀ ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੈਂਡ ਪੂਲਿੰਗ



ਪਾਲਿਸੀ ਤਹਿਤ ਕਿਸਾਨਾਂ ਦੀ ਮਰਜ਼ੀ ਨਾਲ ਹੀ ਜ਼ਮੀਨ ਲੈਣ ਦੀ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਪੂਰੀ ਤਰਾਂ ਗੁਮਰਾਹਕੁਨ ਦਸਦਿਆਂ ਮੁੱਖ ਮੰਤਰੀ ਨੂੰ ਚੁਨੌਤੀ ਦਿੱਤੀ ਦਿੱਤੀ ਹੈ ਹੈ ਕਿ ਕਿ' ਉਹ ਇਸ ਮਾਮਲੇ ਉੱਤੇ ਉਨ੍ਹਾਂ ਨਾਲ ਕਿਸੇ ਵੀ ਜਨਤਕ ਮੰਚ ਉੱਤੇ ਬਹਿਸ ਕਰ ਸਕਦੇ ਹਨ।

### ਰੀਅਲ ਅਸਟੇਟ ਖਿਡਾਰੀਆਂ ਨੂੰ ਫ਼ਾਇਦਾ ਪਹੁੰਚਾਉਣ ਦੀ ਸਾਜ਼ਿਸ਼: ਜਾਖੜ

ਭਾਜਪਾ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੇ ਲੈਂਡ ਪੂਲਿੰਗ ਪਾਲਿਸੀ ਨੂੰ ਇੱਕ "ਪੌਂਜ਼ੀ ਸਕੀਮ" ਕਰਾਰ ਦਿੰਦੇ ਹੋਏ ਦੋਸ਼ ਲਗਾਇਆ ਹੈ ਕਿ ਇਸ ਵਿੱਚ ਕਿਸਾਨਾਂ ਨੂੰ ਚਾਰ ਗੁਣਾ ਮੁਨਾਫ਼ੇ ਦਾ ਝੂਠਾ ਲਾਲਚ ਦੇ ਕੇ ਉਨ੍ਹਾਂ ਦੀ ਉਪਜਾਊ ਜ਼ਮੀਨ ਹੜੱਪਣ ਦੀ ਸਾਜ਼ਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਕਾਰਨ ਰਜਿਸਟਰੀ ਤੱਕ ਬੰਦ ਹੋ ਗਈ ਹੈ, ਜੋ ਕਿ ਕਿਸਾਨਾਂ ਦੇ ਮੌਲਿਕ ਅਧਿਕਾਰਾਂ ਦਾ ਹਨਨ ਹੈ। ਜਾਖੜ ਨੇ ਇਹ ਵੀ ਕਿਹਾ ਕਿ ਇਸ ਸਕੀਮ ਦੇ ਪਿੱਛੇ ਰੀਅਲ ਅਸਟੇਟ ਖਿਡਾਰੀਆਂ ਨੂੰ ਫ਼ਾਇਦਾ ਪਹੁੰਚਾਉਣ ਦੀ ਸਾਜ਼ਸ਼ ਹੈ। ਉਨ੍ਹਾਂ ਅਨੁਸਾਰ ਇਨ੍ਹਾਂ ਖਿਡਾਰੀਆਂ ਨੂੰ ਕਮਿਸ਼ਨ ਦੇ ਬਦਲੇ ਵਿੱਚ ਕਿਸਾਨਾਂ ਦੀ ਜ਼ਮੀਨ ਦਿਵਾਈ ਜਾ ਰਹੀ ਹੈ, ਜੋ ਕਿ ਪੂਰੀ ਤਰ੍ਹਾਂ ਨਾਲ ਅਨੈਤਿਕ ਅਤੇ ਸ਼ੋਸ਼ਣਕਾਰੀ ਹੈ। ਸਾਬਕਾ ਕੇਂਦਰੀ ਮੰਤਰੀ ਵਿਜੇ



ਸਾਂਪਲਾ ਅਤੇ ਭਾਜਪਾ ਆਗੂ ਕੇਡੀ ਭੰਡਾਰੀ ਵਰਗੇ ਨੇਤਾਵਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਪਹਿਲਾਂ ਹੀ ਕਈ ਕਾਲੋਨੀਆਂ ਖ਼ਾਲੀ ਪਈਆਂ ਹਨ ਅਤੇ ਹੋਰ ਸ਼ਹਿਰੀਕਰਨ ਦੀ ਕੋਈ ਲੋੜ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨੀਤੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਜਾਂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੀ ਬਜਾਏ, ਸਿਰਫ਼ ਆਪਣੀਆਂ ਜੇਬਾਂ ਭਰਨ ਦੀ ਚਾਲ ਹੈ। ਇਸ ਦੇ ਇਲਾਵਾ ਭਾਜਪਾ ਇਸ ਮੁੱਦੇ ਤੇ ਸੰਯੁਕਤ ਕਿਸਾਨ ਮੋਰਚੇ ਨੂੰ ਹਿਮਾਇਤ ਵੀ ਦੇ ਚੁੱਕੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਤੀਰਥ ਸਿੰਘ ਗਾਖ਼ਲ ਬਣੇ ਕੈਲੀਫ਼ੋਰਨੀਆ ਕਬੱਡੀ ਫੈਡਰੇਸ਼ਨ ਦੇ ਨਵੇਂ ਪ੍ਰਧਾਨ

## ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖ਼ਲ ਤੇ ਸਾਥੀਆਂ ਵਲੋਂ ਮੁਬਾਰਕਬਾਦ

**ਵਾਟਸਨਵਿੱਲ (ਬਿਊਰੋ):** ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੇ ਅਹੁਦੇਦਾਰਾਂ ਦੀ ਅਹਿਮ ਇਕੱਤਰਤਾ ਬੀਤੇ ਦਿਨੀਂ ਟਰੇਸੀ ਵਿਚ ਹੋਈ, ਜਿਸ ਵਿਚ 23 ਕਬੱਡੀ ਕਲੱਬਾਂ ਦੇ ਅਹੁਦੇਦਾਰਾਂ ਨੇ ਭਾਗ ਲਿਆ। ਇਸ ਮੌਕੇ ਆਪਣੇ ਜੀਵਨ ਦਾ ਲੰਮਾ ਸਮਾਂ ਕਬੱਡੀ ਖੇਡਣ ਅਤੇ ਖਿਡਾਉਣ ਨੂੰ ਸਮਰਪਿਤ ਕਰਨ ਵਾਲੇ ਵਰਲਡ ਸੁਪਰ ਸਟਾਰ ਕਬੱਡੀ ਖਿਡਾਰੀ ਰਹੇ ਤੀਰਥ ਸਿੰਘ ਗਾਖਲ ਨੂੰ ਫੈੱਡਰੇਸ਼ਨ ਦਾ ਪ੍ਰਧਾਨ ਬਣਾਇਆ ਗਿਆ। ਸਰਬਸੰਮਤੀ ਨਾਲ ਲਏ ਗਏ ਇਸ ਫ਼ੈਸਲੇ ਉਪਰੰਤ ਪਿਛਲੇ 20 ਸਾਲ ਤੋਂ ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਣ ਵਾਲੇ ਸੁਰਿੰਦਰ ਸਿੰਘ (ਸ਼ਿੰਦਾ ਅਟਵਾਲ) ਨੇ ਤੀਰਥ ਸਿੰਘ ਗਾਖਲ ਨੂੰ ਸਮੁੱਚੀ ਫੈੱਡਰੇਸ਼ਨ ਤੇ ਸਾਥੀਆਂ ਵਲੋਂ ਆਸ਼ੀਰਵਾਦ ਦਿੱਤਾ ਅਤੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।








ਇਸ ਮੌਕੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਉਹ ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇਕ ਕਰਨਗੇ। ਉਨ੍ਹਾਂ ਕਿਹਾ ਕਿ ਜਿੱਥੇ ਖੇਡ ਮੇਲੇ ਵਧਾਏ ਜਾਣਗੇ ਉੱਥੇ ਇੱਥੋਂ ਦੇ ਜੰਮ-ਪਲ ਨੌਜਵਾਨਾਂ ਨੂੰ ਕਬੱਡੀ ਨਾਲ ਜੋੜਨ ਦੇ ਉਪਰਾਲੇ ਵੀ ਕੀਤੇ ਜਾਣਗੇ। ਫੈੱਡਰੇਸ਼ਨ ਵਲੋਂ ਸਮੁੱਚੇ ਅਮਰੀਕਾ ਵਿਚ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਕਬੱਡੀ ਵਰਲਡ ਕੱਪ ਕਰਵਾਏ ਜਾਣ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਤੀਰਥ ਸਿੰਘ ਗਾਖਲ ਨੂੰ ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਵੀ ਗਾਖਲ ਗਰੁੱਪ, ਗਾਖਲ ਪਰਿਵਾਰ ਅਤੇ ਪਿੰਡ ਗਾਖਲਾਂ ਵਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਤੀਰਥ ਸਿੰਘ ਗਾਖਲ ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੀ ਬਿਹਤਰੀ ਲਈ ਪ੍ਰਧਾਨ ਵਜੋਂ ਵਧੀਆ ਸੇਵਾਵਾਂ ਨਿਭਾਉਣਗੇ ਅਤੇ ਸਾਥੀ ਕਲੱਬਾਂ ਦੇ ਸਹਿਯੋਗ ਨਾਲ ਇਸ ਫੈੱਡਰੇਸ਼ਨ ਨੂੰ ਹੋਰ ਵੀ ਕਾਮਯਾਬ ਕਰਨਗੇ। ਉਨ੍ਹਾਂ ਐਲਾਨ ਕੀਤਾ ਕਿ ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ. ਵਲੋਂ 2026 'ਚ ਕਬੱਡੀ ਫੈੱਡਰੇਸ਼ਨ ਕੈਲੀਫੋਰਨੀਆ ਦੇ ਸਹਿਯੋਗ ਨਾਲ ਕੈਲੀਫ਼ੋਰਨੀਆ 'ਚ ਵਰਲਡ ਕਬੱਡੀ ਕੱਪ ਕਰਵਾਇਆ ਜਾਵੇਗਾ।


# ਗੁਰੂ ਨਾਨਕ ਜਹਾਜ਼ ਦਿਹਾੜੇ 'ਤੇ ਸਰੀ ਸਿਟੀ ਹਾਲ ਵਿਚ ਯਾਦਗਾਰੀ ਸਮਾਗਮ

**ਸਰੀ (ਹਰਦਮ ਸਿੰਘ ਮਾਨ):** ਇੱਥੋਂ ਦੇ ਸਿਟੀ ਹਾਲ ਵਿਚ ਗੁਰੂ ਨਾਨਕ ਜਹਾਜ਼ ਦੀ 111ਵੀਂ ਵਰ੍ਹੇ-ਗੰਢ ਮੌਕੇ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਇਸ ਮੌਕੇ ਕੌਂਸਲ ਚੈਂਬਰ ਦੇ ਖਚਾ-ਖਚ ਭਰੇ ਹਾਲ ਵਿਚ ਕੈਨੇਡਾ ਦੀਆਂ ਦੋ ਦਰਜਨ ਤੋਂ ਵੱਧ ਸੰਸਥਾਵਾਂ ਨੇ ਇੱਕਜੁਟਤਾ ਵਿਖਾਉਂਦਿਆਂ ਬ੍ਰਿਟਿਸ਼ ਬਸਤੀਵਾਦੀ ਨਾਮ ਕਮਾਗਾਟਾਮਾਰੂ ਦੀ ਥਾਂ ਗੁਰਦਿੱਤ ਸਿੰਘ ਅਤੇ ਮੁਸਾਫਿਰਾਂ ਵੱਲੋਂ ਜਹਾਜ਼ 66,000 ਡਾਲਰ 'ਤੇ ਚਾਰਟਰ ਕਰਨ ਮਗਰੋਂ ਰੱਖੇ ਗਏ 'ਗੁਰੂ ਨਾਨਕ ਜਹਾਜ਼' ਨਾਂ ਨੂੰ ਬਹਾਲ ਕਰਨ ਲਈ ਅਹਿਦ ਲਿਆ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਪ੍ਰੋਗਰਾਮ ਦੌਰਾਨ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ। ਗੁਰੂ ਨਾਨਕ ਜਹਾਜ਼ ਦਿਹਾੜੇ ਵਜੋਂ ਇਤਿਹਾਸਕ ਮਾਨਤਾ ਮਿਲਣ 'ਤੇ ਇਸ ਸਮਾਗਮ ਵਿਚ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀਆਂ ਨੇ ਬੇਮਿਸਾਲ ਉਤਸ਼ਾਹ ਦਿਖਾਇਆ।













ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਵੱਲੋਂ ਜਾਰੀ ਐਲਾਨਨਾਮੇ ਨੂੰ ਕੌਂਸਲਰ ਹੈਰੀ ਬੈਂਸ, ਮਨਦੀਪ ਸਿੰਘ ਨਾਗਰਾ, ਲਿੰਡਾ ਐਨਿਸ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਪੁੱਤਰ ਜਨਮੀਤ ਸਿੰਘ ਖਾਲੜਾ ਨੂੰ ਭੇਟ ਕੀਤਾ, ਜਿਸ ਦੇ ਪੜਦਾਦਾ ਭਾਈ ਹਰਨਾਮ ਸਿੰਘ ਖਾਲੜਾ ਗੁਰੂ ਨਾਨਕ ਜਹਾਜ਼ ਰਾਹੀਂ ਕੈਨੇਡਾ ਪਹੁੰਚੇ ਸਨ। ਇਸ ਐਲਾਨਨਾਮੇ ਦੇ ਉਪਰਾਲੇ ਵਿਚ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸਰਬਜੀਤ ਸਿੰਘ ਬੈਂਸ ਨੇ ਵਿਸ਼ੇਸ਼ ਸਹਿਯੋਗ ਪਾਇਆ। ਇਸ ਮੌਕੇ ਸੈਨੇਟਰ ਬਲਤੇਜ ਸਿੰਘ ਢਿੱਲੋਂ, ਐਮ.ਪੀ. ਸੁਖ ਧਾਲੀਵਾਲ, ਐਮ.ਪੀ. ਗੁਰਬਖਸ਼ ਸਿੰਘ ਸੈਣੀ, ਐਮ.ਐਲ.ਏਜ਼ ਅਮੀਨਾ ਸ਼ਾਹ, ਗੈਰੀ ਬੈਗ, ਮਨਦੀਪ ਸਿੰਘ ਧਾਲੀਵਾਲ, ਹਰਮਨ ਭੰਗੂ ਤੇ ਜੋਡੀ ਤੂਰ ਨੇ ਵਿਚਾਰ ਸਾਂਝੇ ਕੀਤੇ।

ਪੰਜਾਬ ਤੋਂ ਸੰਗੀਤਕਾਰ ਭਾਈ ਬਲਦੀਪ ਸਿੰਘ ਅਤੇ ਸਿੱਖ ਵਿਦਵਾਨ ਹਰਿੰਦਰ ਸਿੰਘ, ਗਿਆਨ ਸਿੰਘ ਸੰਧੂ, ਪੰਜਾਬ ਪਾਕਿਸਤਾਨ ਤੋਂ ਸਤਿਕਾਰਤ ਸ਼ਖ਼ਸੀਅਤ ਰਾਏ ਅਜ਼ੀਜ਼ ਉੱਲਾ ਖਾਨ ਯਾਦਗਾਰੀ ਦਿਹਾੜੇ ਮੌਕੇ ਪਹੁੰਚੇ ਹੋਏ ਸਨ। ਖਾਲਸਾ ਸਕੂਲ ਦੀ ਟੀਮ ਨੇ ਗੱਤਕੇ ਦੇ ਜੌਹਰ ਦਿਖਾਏ। ਪ੍ਰੋਗਰਾਮ ਦੀ ਸ਼ੁਰੂਆਤ ਮੂਲ ਨਿਵਾਸੀਆਂ ਨੇ ਭਾਵਪੂਰਤ ਤਰੀਕੇ ਨਾਲ ਕੀਤੀ। ਉਪਰੰਤ ਕੈਨੇਡਾ ਦਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸ਼ਬਦ ਗਾਇਨ ਕੀਤੇ ਗਏ।

ਸਮਾਗਮ ਵਿਚ ਹਾਜ਼ਰ ਸੰਸਥਾਵਾਂ ਨੂੰ ਗੁਰੂ ਨਾਨਕ ਦਾ ਜਹਾਜ਼ ਯਾਦਗਾਰੀ ਦਿਹਾੜੇ 'ਤੇ ਜਾਰੀ ਐਲਾਨਨਾਮੇ ਭੇਟ ਕੀਤੇ ਗਏ। ਯਾਦਗਾਰੀ ਸਮਾਗਮ ਦੇ ਅਖੀਰ ਵਿਚ ਧੰਨਵਾਦ ਰਾਜ ਸਿੰਘ ਭੰਡਾਲ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਇਤਿਹਾਸਕ ਹਵਾਲਿਆਂ ਦੀ ਗੱਲ ਕਰਦਿਆਂ, ਕੈਨੇਡਾ ਵਿਚ ਫੈਡਰਲ ਪੱਧਰ ਦੇ ਮਾਫੀਨਾਮੇ ਵਿਚ ਵੀ ਮੁੱਖ ਨਾਂ ਗੁਰੂ ਨਾਨਕ ਜਹਾਜ਼ ਕਰ ਕੇ ਗਲਤੀ ਦੀ ਸੁਧਾਈ ਦਾ ਸੁਨੇਹਾ ਦਿੱਤਾ ਗਿਆ। ਇਸ ਪ੍ਰੋਗਰਾਮ ਦਾ ਸੰਚਾਲਨ ਸਾਹਿਬ ਕੌਰ ਨੇ ਕੀਤਾ।

ਪ੍ਰੋਗਰਾਮ ਦੌਰਾਨ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਵਲੋਂ 23 ਜੁਲਾਈ ਦਾ ਦਿਨ ਪੰਜਾਬ ਅਤੇ ਭਾਰਤ ਪੱਧਰ ਵਿਚ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ ਐਲਾਨੇ ਜਾਣ ਅਤੇ ਇਸ ਸਬੰਧੀ ਇਤਿਹਾਸ ਦੀਆਂ ਕਿਤਾਬਾਂ ਦਰੁਸਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਧੰਨਵਾਦ ਕੀਤਾ ਗਿਆ।


# ਸਿੱਖ ਧਰਮ ਤੇ ਇਤਿਹਾਸ ਸਬੰਧੀ ਕਿਤਾਬਾਂ ਖਰੀਦੋ

*ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਖਰੀਦਣ ਦੇ ਚਾਹਵਾਨ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਕਿਤਾਬਾਂ ਘਰ ਬੈਠਿਆਂ ਉਨ੍ਹਾਂ ਦੇ ਸਿਰਨਾਵੇਂ 'ਤੇ ਪਹੁੰਚਾਈਆਂ ਜਾ ਸਕਦੀਆਂ ਹਨ।*

*ਇਨ੍ਹਾਂ ਕਿਤਾਬਾਂ ਵਿਚ*

**ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ:**

* ਸਿੱਖ ਤਵਾਰੀਖ਼ 1469-2022 (5 ਜਿਲਦਾਂ) US $ 70 (including courier charges)
* ਨਵਾਂ ਤੇ ਵੱਡਾ ਮਹਾਨ ਕੋਸ਼ 2748 ਸਫ਼ੇ, ਸੈਂਕੜੇ ਰੰਗੀਨ ਤਸਵੀਰਾਂ (4 ਜਿਲਦਾਂ) US $ 120 (including courier charges)
* ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ) US $ 40 (including courier charges)
* 100 ਸਿੱਖ ਬੀਬੀਆਂ US $ 20 (incluidng courier charges)
* ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ US $ 20 (including courier charges)
* ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ US $ 20 (including courier charges)
* ਜਪੁਜੀ ਸਾਹਿਬ ਟੀਕਾ US $ 20 (including courier charges)
* ਕੀਰਤਪੁਰ ਸਾਹਿਬ ਇਤਿਹਾਸ US $ 20 (including courier charges)

**ਬੀਬੀ ਜਗਦੀਸ਼ ਕੌਰ ਪ੍ਰਯਾਗਰਾਜ ਲਿਖਤ**

*101 ਮਹਾਨ ਹਸਤੀਆਂ: ਜਿਨ੍ਹਾਂ ਨੇ ਸਿੱਖ ਇਤਿਹਾਸ ਸਿਰਜਿਆ US $ 25 (including courier charges)

**ਪ੍ਰਿੰਸੀਪਲ ਕਿਰਨਜੀਤ ਰੰਧਾਵਾ ਲਿਖਤ**

* 550 ਸਵਾਲ (ਗੁਰੂ ਨਾਨਕ ਸਾਹਿਬ ਸਬੰਧੀ) US $ 20 (including courier charges)

## English books: (by Dr Harjinder Singh Dilgeer)

* Guru Granth Sahib (English translation) 7 volumes. US $ 125 (including courier charges)
* Sikh History in 10 Volumes. US $ 100 (including courier charges)
* Amritsar & Darbar Sahib (Illustrated. with dozens of precious coloured photos of Darbar Sahib) US$ 40 (including courier charges)
* Heritage of the Punjab (with dozens of precious photos of historical buildings of Punjab) US $ 50 (including courier charges)
* Encyclopedia of Jalandhar District (with dozens of precious photos of historical buildings of Punjab) US $ 50 (including courier charges)
* Historical Sikh Shrines (with hundreds of precious photos of historical Gurdwaras of all the Gurus) US $ 125 (including courier charges)

**All books will be delivered to you at your door.**

**ਜਸਪ੍ਰੀਤ ਕੌਰ ਫੋਨ: 224-422-4773, ਹਰਜਿੰਦਰ ਸਿੰਘ ਦਿਲਗੀਰ ਫੋਨ: +44 777 549 9320**

# ਗੁਰੂ ਤੇਗ ਬਹਾਦਰ ਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰ ਕੇ ਭਾਰਤ ਸਰਕਾਰ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ ਸਥਾਪਿਤ ਕਰਨ ਨੂੰ ਪ੍ਰਵਾਨਗੀ ਦੇ ਨਾਲ-ਨਾਲ ਕਈ ਹੋਰ ਅਹਿਮ ਫ਼ੈਸਲੇ ਕੀਤੇ ਹਨ। ਗੱਲਬਾਤ ਕਰਦਿਆਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 2019 'ਚ ਮਨਾਏ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਕੁਝ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਦੀ ਤਬਦੀਲੀ ਦਾ ਨੋਟੀਫਿਕੇਸ਼ਨ ਕੀਤਾ ਸੀ, ਜਿਸ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਇਕ ਇਤਿਹਾਸਕ ਮੌਕਾ ਹੈ, ਜਿਸ 'ਤੇ ਭਾਰਤ ਸਰਕਾਰ ਨੂੰ ਆਪਣੇ ਵੱਲੋਂ ਕੀਤਾ ਹੋਇਆ ਫੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਕਿਹਾ ਕਿ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਖੇ



ਮਰੀਜ਼ਾਂ ਅਤੇ ਲੋੜਵੰਦਾਂ ਲਈ ਲੰਗਰ ਸੇਵਾ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਤੋਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਭੇਜੀ ਜਾਵੇਗੀ। ਇਕੱਤਰਤਾ 'ਚ ਰਘੂਜੀਤ ਸਿੰਘ ਵਿਰਕ, ਬਲਦੇਵ ਸਿੰਘ ਕਲਿਆਣ, ਸ਼ੇਰ ਸਿੰਘ ਮੰਡਵਾਲਾ, ਕੁਲਵੰਤ ਸਿੰਘ ਮੰਨਣ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਜਸਵੰਤ ਸਿੰਘ ਪੁੜੈਣ, ਪਰਮਜੀਤ ਸਿੰਘ ਰਾਏਪੁਰ ਆਦਿ ਮੌਜੂਦ ਸਨ।

## ਕਮੇਟੀ ਵੱਲੋਂ ਲਏ ਹੋਰ ਮਹੱਤਵਪੂਰਨ ਫ਼ੈਸਲੇ

*ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ ਸਥਾਪਿਤ ਕਰਨ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਯੂਨੀਵਰਸਿਟੀ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਇਸ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ।*

*ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਅਕੈਡਮੀ ਅਤੇ ਨਿਸ਼ਚੈ ਜੁਡੀਸ਼ਰੀ ਅਕੈਡਮੀ ਦੀ ਲਗਾਤਾਰਤਾ ਵਿਚ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ ਦੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ। ਚੁਣੇ ਗਏ ਵਿਦਿਆਰਥੀਆਂ ਨੂੰ ਗੈਜੂਏਸ਼ਨ ਦੀ ਮੁਫਤ ਪੜ੍ਹਾਈ ਅਤੇ ਮਹੀਨਾਵਾਰ ਵਜ਼ੀਫ਼ਾ ਦਿੱਤਾ ਜਾਵੇਗਾ।*

*ਰਾਜਸਥਾਨ 'ਚ ਬੀਤੇ ਦਿਨੀਂ ਗੁਰਸਿੱਖ ਲੜਕੀ ਨੂੰ ਪੇਪਰ ਦੇਣ ਤੋਂ ਰੋਕਣ ਦੇ ਮਾਮਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵੀ ਇਸ ਦੇਸ਼ ਦੇ ਬਾਸ਼ਿੰਦੇ ਹਨ, ਜਦ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀਖੁੱਲ੍ਹ ਦਿੰਦਾ ਹੈ ਤੇ ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਸਿੱਖ ਮਨਾਂ ਨੂੰ ਸੱਟ ਮਾਰਦੀਆਂ ਹਨ। ਪਹਿਲਾਂ ਵੀ ਅਜਿਹਾ ਮਾਮਲਾ ਆਇਆ ਸੀ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਇਸ ਮਾਮਲੇ ਵਿਚ ਵੀ ਸੰਸਥਾ ਵੱਲੋਂ ਢੁੱਕਵੇਂ ਕਦਮ ਚੁੱਕੇ ਜਾਣਗੇ।*

*ਐਡਵੋਕੇਟ ਧਾਮੀ ਨੇ ਭਾਰਤ ਅਤੇ ਪਾਕਿਸਤਾਨ ਵਿਚ ਪਿਛਲੇ ਸਮੇਂ ਬਣੇ ਤਲਖੀ ਭਰੇ ਹਾਲਾਤ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਿਆਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਵੀ ਇਜਾਜ਼ਤ ਦਿੱਤੇ ਜਾਣ ਦੀ ਦੋਵਾਂ ਸਰਕਾਰਾਂ ਤੋਂ ਮੰਗ ਕੀਤੀ ਹੈ।*

*ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕਾਂ ਵੱਲੋਂ ਪੁੱਜੀ ਮੰਗ ਅਨੁਸਾਰ ਤਖਤ ਸਾਹਿਬ ਅਤੇ ਦੱਖਣ ਪ੍ਰਦੇਸ਼ ਦੀਆਂ ਸੰਗਤਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 200 ਪਾਵਨ ਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਮਰਿਆਦਾ ਅਨੁਸਾਰ ਭੇਜਣ ਦਾ ਵੀ ਫੈਸਲਾ ਕੀਤਾ ਗਿਆ ਹੈ।*

*ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਖੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਹੋਈ' ਮਰਿਆਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਯੋਗ ਕਾਰਵਾਈ ਕਰਨ ਦੀ ਅਪੀਲ ਵੀ ਕੀਤੀ ਹੈ।*

# ਤਿੰਨ ਪਾਕਿਸਤਾਨੀ ਅਤਿਵਾਦੀ ਢੇਰ

**ਸ੍ਰੀਨਗਰ:** ਸੰਸਦ ਭਵਨ 'ਚ ਸੋਮਵਾਰ ਨੂੰ ਇਕ ਪਾਸੇ ਵਿਰੋਧੀ ਧਿਰ ਪਹਿਲਗਾਮ ਹਮਲੇ ਦੇ ਗੁਨਾਹਗਾਰਾਂ ਦੇ ਪਾਕਿਸਤਾਨ ਨਾਲ ਜੁੜਾਅ 'ਤੇ ਸਵਾਲ ਚੁੱਕ ਰਹੀ ਸੀ ਤਾਂ ਦੂਜੇ ਪਾਸੇ ਸ੍ਰੀਨਗਰ ਦੇ ਦਾਚੀਗਾਮ ਮੂਲਨਾਰ ਵਿਚ ਸੁਰੱਖਿਆ ਬਲਾਂ ਨੇ ਤਿੰਨ ਪਾਕਿਸਤਾਨੀ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ। ਇਨ੍ਹਾਂ ਵਿਚ ਪਹਿਲਗਾਮ ਹਮਲੇ ਦਾ ਮਾਸਟਰਮਾਈਂਡ ਸੁਲੇਮਾਨ ਉਰਫ਼ ਸੁਲੇਮਾਨੀ



ਉਰਫ਼ ਹਾਸ਼ਿਮ ਮੂਸਾ ਤੇ ਉਸ ਦੇ ਦੋ ਸਾਥੀ ਸ਼ਾਮਲ ਹਨ। ਦੋ ਦਿਨ ਪਹਿਲਾਂ ਫ਼ੌਜ ਨੇ 'ਆਪ੍ਰੇਸ਼ਨ ਮਹਾਦੇਵ' ਸ਼ੁਰੂ ਕੀਤਾ ਸੀ, ਜਿਹੜਾ ਸੋਮਵਾਰ ਦੇਰ ਸ਼ਾਮ ਤੱਕ ਜਾਰੀ ਰਿਹਾ। ਪੁਲਿਸ ਨੇ ਸੁਲੇਮਾਨੀ ਤੇ ਦੋ ਹੋਰ ਅੱਤਵਾਦੀਆਂ ਦੀ ਪਛਾਣ ਦੀ ਹਾਲੇ ਪੁਸ਼ਟੀ ਨਹੀਂ ਕੀਤੀ ਹੈ ਪਰ ਉਨ੍ਹਾਂ ਵਿਚ ਇਕ ਹਮਜਾ ਅਫ਼ਗਾਨੀ ਤੇ ਇਕ ਜਿਬਰਾਨ ਦੱਸਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ, ਮਾਰਿਆ ਗਿਆ ਸੁਲੇਮਾਨੀ ਲਸ਼ਕਰ-ਏ-ਤਇਬਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਪਾਕਿਸਤਾਨੀ ਫ਼ੌਜ ਦੇ ਸਪੈਸ਼ਲ ਸਟ੍ਰਾਈਕ ਗਰੁੱਪ (ਐੱਸ.ਐੱਸ.ਜੀ) ਦਾ ਕਮਾਂਡੋ ਸੀ। ਇਸ ਨਾਲ ਪਹਿਲਗਾਮ ਹਮਲੇ ਦੀ ਸਾਜ਼ਿਸ਼ ਵਿਚ ਪਾਕਿਸਤਾਨੀ ਫ਼ੌਜ ਦੇ ਸ਼ਾਮਲ ਹੋਣ ਦਾ ਸੱਚ ਇਕ ਵਾਰ ਫਿਰ ਉਜਾਗਰ ਹੋ ਗਿਆ ਹੈ। ਮੁਕਾਬਲੇ ਵਾਲੀ ਥਾਂ ਤੋਂ ਇਕ ਐੱਮ-ਚਾਰ ਕਾਰਬਾਈਨ, ਦੋ ਅਸਾਲਟ ਰਾਈਫਲਾਂ, 17 ਰਾਈਫਲ ਗ੍ਰਨੇਡ ਤੇ ਹੋਰ ਸਾਜ਼ੋ-ਸਮਾਨ ਬਰਾਮਦ ਕੀਤਾ ਗਿਆ ਹੈ।

ਅੱਤਵਾਦੀਆਂ ਨੇ 22 ਅਪ੍ਰੈਲ ਨੂੰ ਪਹਿਲਗਾਮ ਦੇ ਬੈਸਰਨ ਵਿਚ 25 ਸੈਲਾਨੀਆਂ ਨੂੰ ਮਾਰ ਦਿੱਤਾ ਸੀ। ਇਕ ਸਥਾਨਕ ਘੋੜੇ ਵਾਲੇ ਨੂੰ ਵੀ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਐੱਨਆਈਏ ਨੇ ਹਮਲੇ ਵਿਚ ਸ਼ਾਮਲ ਅੱਤਵਾਦੀਆਂ ਨੂੰ ਪਨਾਹ ਦੇਣ ਵਾਲੇ ਉਨ੍ਹਾਂ ਦੇ ਦੋ ਮਦਦਗਾਰਾਂ ਨੂੰ ਵੀ ਫੜਿਆ ਸੀ। ਸੁਲੇਮਾਨੀ ਤੇ ਉਸ ਨਾਲ ਪਹਿਲਗਾਮ ਹਮਲੇ ਵਿਚ ਸ਼ਾਮਲ ਹਰੇਕ ਅੱਤਵਾਦੀ 'ਤੇ ਸੁਰੱਖਿਆ ਬਲਾਂ ਨੇ 20-20 ਲੱਖ ਰੁਪਏ ਦਾ ਇਨਾਮ ਐਲਾਨਿਆ ਹੋਇਆ ਹੈ। ਇਸ ਹਮਲੇ ਤੋਂ ਬਾਅਦ ਭਾਰਤੀ ਫ਼ੌਜ ਨੇ ਆਪ੍ਰੇਸ਼ਨ ਸਿੰਧੂਰ ਚਲਾ ਕੇ ਪਾਕਿਸਤਾਨ ਵਿਚ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਸੀ।

### ਅਲਟਰਾਸੈੱਟ ਦੀ ਵਰਤੋਂ 'ਤੇ ਮਿਲੀ ਸੂਚਨਾ

ਅੱਤਵਾਦੀਆਂ ਦੇ ਸ੍ਰੀਨਗਰ ਤੋਂ ਕਰੀਬ 40 ਕਿਲੋਮੀਟਰ ਦੂਰ ਸਥਿਤ ਦਾਚੀਗਾਮ ਨੈਸ਼ਨਲ ਪਾਰਕ ਵਿਚ ਸਥਿਤ ਮਹਾਦੇਵ ਪਹਾੜੀ ਦੇ ਆਲੇ-ਦੁਆਲੇ ਲੁਕੇ ਹੋਣ ਦੀ ਸੂਚਨਾ ਦੇ ਆਧਾਰ 'ਤੇ ਫ਼ੌਜ ਦੀ 50 ਆਰਆਰ ਅਤੇ 24 ਆਰਆਰ ਨੇ ਸੰਯੁਕਤ ਰੂਪ ਨਾਲ 'ਆਪ੍ਰੇਸ਼ਨ ਮਹਾਦੇਵ' ਸ਼ੁਰੂ ਕੀਤਾ ਸੀ। ਸੂਚਨਾ ਸੀ ਕਿ ਇਸ ਇਲਾਕੇ ਵਿਚ ਅੱਤਵਾਦੀਆਂ ਵੱਲੋਂ ਅਲਟਰਾਸੈੱਟ ਇਸਤੇਮਾਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਲਸ਼ਕਰ ਦੇ ਅੱਤਵਾਦੀ ਅਲਟਰਾ ਹਾਈ-ਫ੍ਰੀਕਵੈਂਸੀ ਰੇਡੀਓ ਉਪਕਰਣਾਂ ਦਾ ਇਸਤੇਮਾਲ 2016 ਤੋਂ ਕਰ ਰਹੇ ਹਨ ਇਹ ਚੀਨ ਵਿਚ ਬਣੀ ਅਤਿ-ਆਧੁਨਿਕ ਇਨਕ੍ਰਿਪਡ ਸੰਚਾਰ ਪ੍ਰਣਾਲੀ ਹੈ। ਜਿਸ ਇਲਾਕੇ ਵਿਚ ਇਹ ਮੁਕਾਬਲਾ ਹੋਇਆ, ਉੱਥੇ ਪੁੱਜਣ ਲਈ ਲਗਪਗ 16 ਕਿਲੋਮੀਟਰ ਪੈਦਲ ਚੱਲਣਾ ਪੈਂਦਾ ਹੈ। ਇਸ ਖੇਤਰ ਵਿਚ ਖਾਨਾਬਦੋਸ਼ ਗੁੱਜਰ- ਬੱਕਰਵਾਲ ਭਾਈਚਾਰੇ ਨੇ ਵੀ ਇਨ੍ਹੀਂ ਦਿਨੀਂ ਆਪਣੇ ਡੇਰੇ ਲਗਾਏ ਹੋਏ ਹਨ

### ਬੇਹੱਦ ਯੋਜਨਾਬੱਧ ਸੀ ਫ਼ੌਜ ਦਾ ਅਪ੍ਰੇਸ਼ਨ



ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀ ਬਚ ਕੇ ਭੱਜ ਨਾ ਸਕਣ ਇਸ ਦੇ ਲਈ ਸੁਰੱਖਿਆ ਬਲਾਂ ਨੇ ਯੋਜਨਾਬੱਧ ਤਰੀਕੇ ਨਾਲ ਘੇਰਾਬੰਦੀ ਕੀਤੀ। ਸੋਮਵਾਰ ਸਵੇਰੇ ਕਰੀਬ ਨੌਂ ਵਜੇ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਦੇ ਟਿਕਾਣੇ ਨੂੰ ਘੇਰ ਲਿਆ। ਜਵਾਨਾਂ ਨੇ ਅੱਤਵਾਦੀਆਂ ਦੀ ਹਾਜ਼ਰੀ ਨੂੰ ਯਕੀਨੀ ਕਰਨ ਲਈ ਤਿੰਨ ਤੋਂ ਚਾਰ ਗੋਲੀਆਂ ਹਵਾ ਵਿਚ ਚਲਾਈਆਂ ਪਰ ਅੱਤਵਾਦੀਆਂ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਹੋਈ। ਜਵਾਨਾਂ ਨੇ ਇਸ ਤੋਂ ਬਾਅਦ ਜਦੋਂ ਅੱਗੇ ਵਧਣ ਦਾ ਯਤਨ ਕੀਤਾ ਤਾਂ ਅੱਤਵਾਦੀਆਂ ਨੇ ਉਨ੍ਹਾਂ 'ਤੇ ਰਾਈਫਲ ਗ੍ਰਨੇਡ ਦਾਗਿਆ। ਜਵਾਨਾਂ ਨੇ ਖ਼ੁਦ ਨੂੰ ਬਚਾਉਂਦੇ ਹੋਏ ਜਵਾਬੀ ਫਾਇਰ ਕੀਤਾ ਅਤੇ ਉਸ ਤੋਂ ਬਾਅਦ ਹੋਏ ਭਿਆਨਕ ਮੁਕਾਬਲੇ ਵਿਚ ਤਿੰਨੋਂ ਅੱਤਵਾਦੀ ਮਾਰੇ ਗਏ। ਕਸ਼ਮੀਰ ਦੇ ਆਈਜੀਪੀ ਵੀਕੇ ਬਿਰਦੀ ਨੇ ਮਾਰੇ ਗਏ। ਅੱਤਵਾਦੀਆਂ ਦੀ ਪਛਾਣ ਜਾਂ ਪਹਿਲਗਾਮ ਹਮਲੇ ਨਾਲ ਉਨ੍ਹਾਂ ਦੇ ਕਿਸੇ ਸਬੰਧ ਦੀ ਪੁਸ਼ਟੀ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਮੁਹਿੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਮਾਰੇ ਗਏ ਅੱਤਵਾਦੀਆਂ ਦੀਆਂ ਲਾਸ਼ਾਂ ਤੇ ਹਥਿਆਰ ਸੁਰੱਖਿਆ ਬਲਾਂ ਨੇ ਆਪਣੇ ਕਬਜ਼ੇ ਵਿਚ ਲੈ ਲਏ ਹਨ।

# ਮਰੀਜ਼ਾਂ ਦੀ ਮੌਤ ਲਈ ਮਾਨ ਸਰਕਾਰ ਜ਼ਿੰਮੇਵਾਰ: ਭਾਜਪਾ

**ਜਲੰਧਰ:** ਭਾਜਪਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ ਵੱਲੋਂ ਜਲੰਧਰ ਸਿਵਲ ਹਸਪਤਾਲ 'ਚ ਆਕਸੀਜਨ ਸਪਲਾਈ ਰੁਕਣ ਕਾਰਨ ਤਿੰਨ ਮਰੀਜ਼ਾਂ ਦੀ ਹੋਈ ਮੌਤ 'ਤੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਇਸ ਮਾਮਲੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਰਾਕੇਸ਼ ਨੇ ਕਿਹਾ ਕਿ ਇਹ ਘਟਨਾ ਸਿਰਫ਼ ਤਕਨੀਕੀ ਗਲਤੀ ਨਹੀਂ, ਸਗੋਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਲਾਪਰਵਾਹੀ ਤੇ ਨਾਕਾਮੀ ਦਾ ਜਿਉਂਦਾ- ਜਾਗਦਾ ਸਬੂਤ ਹੈ। ਇਕ ਪਾਸੇ ਭਗਵੰਤ ਮਾਨ ਸਰਕਾਰ ਕਹਿੰਦੀ ਹੈ ਕਿ ਉਹ ਸਿਹਤ ਕ੍ਰਾਂਤੀ ਲਿਆ ਰਹੀ ਹੈ, ਪਰ ਦੂਜੇ ਪਾਸੇ ਜਲੰਧਰ ਦੇ ਹਸਪਤਾਲ 'ਚ ਮਰੀਜ਼ ਆਕਸੀਜਨ ਬੰਦ ਹੋਣ ਕਰਕੇ ਤੜਫ-ਤੜਫ ਕੇ ਜਾਨ ਗੁਆ ਰਹੇ ਹਨ। ਇਸ ਨੂੰ ਇਕ ਲਾਪਰਵਾਹੀ ਨਹੀਂ ਸਰਕਾਰ ਦੀ ਬਹੁਤ ਵੱਡੀ ਅਣਗਹਿਲੀ ਕਹਿ ਸਕਦੇ ਹਾਂ ਕਿਉਂਕਿ ਮਰੀਜ਼ ਹਸਪਤਾਲ 'ਚ ਆਪਣਾ ਇਲਾਜ ਕਰਵਾਉਣ ਲਈ ਆਏ ਸੀ, ਪਰ ਅਫ਼ਸੋਸ ਕਿ ਇਥੇ ਆਕਸੀਜਨ ਪਲਾਂਟ 'ਚ ਖਰਾਬੀ ਕਰਕੇ 3 ਮਰੀਜ਼ਾ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੌਤਾਂ ਦੇ ਲਈ



ਸਿੱਧੇ ਤੌਰ 'ਤੇ ਭਗਵੰਤ ਮਾਨ ਸਰਕਾਰ ਦੇ ਮਾੜੇ ਪ੍ਰਬੰਧ ਜ਼ਿੰਮੇਵਾਰ ਹਨ। ਰਾਕੇਸ਼ ਰਾਠੌਰ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਨਿਆਇਕ ਜਾਂਚ ਹੋਵੇ, ਜ਼ਿੰਮੇਵਾਰ ਡਾਕਟਰਾਂ ਤੇ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਹੋਵੇ।

ਉਨ੍ਹਾਂ ਪੁੱਛਿਆ ਕਿ ਕੀ ਇਹੀ ਹੈ ਕੇਜਰੀਵਾਲ ਤੇ ਭਗਵੰਤ ਮਾਨ ਦਾ ਬਦਲਾਅ, ਜਿੱਥੇ ਆਕਸੀਜਨ ਦੇ ਬਿਨਾਂ ਲੋਕ ਮਰਦੇ ਹਨ ਤੇ ਸਰਕਾਰ ਸਿਰਫ਼ ਇਸ਼ਤਿਹਾਰਾਂ 'ਚ ਝੂਠੇ ਪ੍ਰਚਾਰ ਕਰ ਰਹੀ ਹੈ ।

# ਬਿਹਾਰ ’ਚ ਵੋਟਰ ਸੂਚੀ ਦੇ ਖਰੜੇ ਦੇ ਪ੍ਰਕਾਸ਼ਨ ’ਤੇ ਅੰਤ੍ਰਿਮ ਰੋਕ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਬਿਹਾਰ ਦੀ ਵੋਟਰ ਸੂਚੀ ਦੇ ਖਰੜੇ ਦੇ ਪ੍ਰਕਾਸ਼ਨ ‘ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ।ਸੋਮਵਾਰ ਨੂੰ ਸਮੇਂ ਦੀ ਕਮੀ ਕਾਰਨ ਕੋਰਟ ਵਲੋਂ ਤੜ ਵਿਸਥਾਰਤ ਸੁਣਵਾਈ ਨਹੀਂ ਹੋਈ। ਪਟੀਸ਼ਨ ਦਾਖ਼ਲ ਕਰਤਾ ਵਲੋ ਕਿਹਾ ਗਿਆ ਸੀ ਕਿ ਕਮਿਸ਼ਨ ਵੱਲੋਂ ਮਨਜ਼ੂਰ ਦਸਤਾਵੇਜ਼ਾਂ ਦੀ ਸੂਚੀ ‘ਚ ਸ਼ਾਮਿਲ ਦਸਤਾਵੇਜ਼ ਫ਼ਰਜ਼ੀ ਹੋ ਸਕਦੇ ਹਨ। ਕੋਰਟ ਨੇ ਸਾਰੀਆਂ ਧਿਰਾਂ ਨੂੰ ਕਿਹਾ ਕਿ ਉਹ ਮਾਮਲੇ ‘ਚ ਬਹਿਸ ਲਈ ਕਿੰਨਾ ਸਮਾਂ ਲੈਣਗੇ, ਇਸ ਦਾ ਸ਼ਡਿਊਲ ਕੋਰਟ ਨੂੰ ਦੇ ਦਿਓ।

ਗ਼ੈਰ ਸਰਕਾਰੀ ਸੰਗਠਨ ਏਡੀਆਰ ਸਮੇਤ ਕਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸੁਪਰੀਮ ਕੋਰਟ ‘ਚ ਪਟੀਸ਼ਨਾਂ ਦਾਖ਼ਲ ਕਰਕੇ ਬਿਹਾਰ ‘ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਪੁਨਰ ਜਾਂਚ ਮੁਹਿੰਮ ਨੂੰ ਚੁਣੌਤੀ ਦਿੱਤੀ ਹੈ। ਪਿਛਲੀ ਸੁਣਵਾਈ ‘ਤੇ ਵੀ ਕੋਰਟ ਨੇ ਐੱਸਆਈਆਰ ‘ਤੇ ਰੋਕ ਲਗਾਈ ਸੀ। ਕੋਰਟ ਨੇ ਮੰਨਿਆ ਸੀ ਕਿ ਚੋਣ ਕਮਿਸ਼ਨ ਨੂੰ ਵੋਟਰ ਸੂਚੀ ਦੀ ਡੂੰਘੀ ਪੁਨਰ ਜਾਂਚ ਦਾ ਸੰਵਿਧਾਨਕ ਅਧਿਕਾਰ ਹੈ। ਹਾਲਾਂਕਿ ਕੋਰਟ ਨੇ ਉਦੋਂ ਵੀ ਚੋਣ ਕਮਿਸ਼ਨ ਨੂੰ ਕਿਹਾ ਸੀ ਕਿ ਉਹ ਸਵੀਕਾਰ ਕੀਤੇ ਜਾਣ ਵਾਲੇ ਦਸਤਾਵੇਜ਼ਾਂ ‘ਚ ਆਧਾਰ, ਵੋਟਰ ਪਛਾਣ ਪੱਤਰ ਤੇ ਰਾਸ਼ਨ ਕਾਰਡ ਨੂੰ ਮਨਜ਼ੂਰ ਕਰੇ।



ਸੁਣਵਾਈ ਦੌਰਾਨ ਜਦੋਂ ਕੋਰਟ ਨੇ ਕਿਹਾ ਕਿ ਉਸ ਕੋਲ ਵਿਸਥਾਰਤ ਸੁਣਵਾਈ ਦਾ ਸਮਾਂ ਨਹੀਂ ਹੈ ਤਾਂ ਪਟੀਸ਼ਨਰਾਂ ਦੇ ਵਕੀਲ ਨੇ ਕਿਹਾ ਕਿ ਵੋਟਰ ਸੂਚੀ ਦਾ ਖਰੜਾ ਪ੍ਰਕਾਸ਼ਤ ਕਰਨ ‘ਤੇ ਅੰਤ੍ਰਿਮ ਰੋਕ ਲਗਾਈ ਜਾਵੇ। ਪਰ ਬੈਂਚ ਨੇ ਇਨਕਾਰ ਕਰਦੇ ਹੋਏ ਕਿਹਾ ਕਿ ਉਹ ਅੰਤ੍ਰਿਮ ਰੋਕ ਨਹੀਂ ਲਗਾਉਣਗੇ ਤੇ ਛੇਤੀ ਹੀ ਫਾਈਨਲ ਸੁਣਵਾਈ ਕਰਨਗੇ। ਪਿਛਲੇ ਹੁਕਮ ਦਾ ਜ਼ਿਕਰ ਕਰਦੇ ਹੋਏ ਬੈਂਚਨੇ ਕਿਹਾ ਕਿ ਪਟੀਸ਼ਨਰਾਂ ਨੇ ਉਸ ‘ਚ ਅੰਤ੍ਰਿਮ ਮੰਗ ‘ਤੇ ਜ਼ੋਰ ਨਹੀਂ ਦਿੱਤਾ। ਇਸ ‘ਤੇ ਸ਼ੰਕਰ ਨਾਰਾਇਣ ਨੇ ਕਿਹਾ ਕਿ ਮਾਮਲਾ 28 ਜੁਲਾਈ ਨੂੰ ਸੁਣਵਾਈ ‘ਤੇ ਲੱਗਿਆ ਸੀ, ਜੋ ਖਰੜਾ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਸੀ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਇਕ ਅਗਸਤ ਨੂੰ ਖਰੜਾ ਪ੍ਰਕਾਸ਼ਤ ਕਰ ਦੇਵੇਗਾ ਤੇ ਲੱਖਾਂ ਲੋਕ ਬਾਹਰ ਹੋ ਜਾਣਗੇ। ਖਰੜਾ ਪ੍ਰਕਾਸ਼ਤ ਹੋਣ ਨਾਲ 4.5 ਕਰੋੜ ਵੋਟਰਾਂ ਨੂੰ ਮੁਸ਼ਕਲ ਹੋਵੇਗੀ। ਇਸ ‘ਤੇ ਬੈਂਚ ਨੇ ਕਿਹਾ ਕਿ ਇਹ ਸਿਰਫ਼ ਖਰੜਾ ਹੈ, ਕੋਈ ਫਾਈਨਲ ਵੋਟਰ ਸੂਚੀ ਨਹੀਂ ਹੈ।

ਕੋਰਟ ਨੇ ਇਹ ਵੀ ਕਿਹਾ ਕਿ ਪਿਛਲੀ ਤਰੀਕ ਦਾ ਅੰਤ੍ਰਿਮ ਹੁਕਮ ਉਨ੍ਹਾਂ ਨੂੰ ਸਹੀ ਲੱਗਦਾ ਹੈ, ਜਿਸ ‘ਚ ਕਮਿਸ਼ਨ ਨੂੰ ਆਧਾਰ, ਵੋਟਰ ਪਛਾਣ ਪੱਤਰ ਤੇ ਰਾਸ਼ਨ ਕਾਰ ਨੂੰ ਮਾਨਤਾ ਦੇਣ ਲਈ ਕਿਹਾ ਗਿਆ ਸੀ। ਪਰ ਇਕ ਪਟੀਸ਼ਨਰ ਵੱਲੋਂ ਪੇਸ਼ ਕਪਿਲ ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਕੋਰਟ ਦੇ ਹੁਕਮ ਦੇ ਬਾਵਜੂਦ ਇਨ੍ਹਾਂ ਦਸਤਾਵੇਜ਼ਾਂ ਨੂੰ ਨਹੀਂ ਮਨਜ਼ੂਰ ਕਰ ਰਿਹਾ। ਬੈਂਚ ਨੇ ਕਿਹਾ ਕਿ ਕਮਿਸ਼ਨ ਦਾ ਕਹਿਣਾ ਹੈ ਕਿ ਉਹ ਪਹਿਲਾਂ ਤੋਂ ਹੀ ਆਧਾਰ ਤੇ ਵੋਟਰ ਪਛਾਣ ਪੱਤਰ ਦਾ ਰੈਫਰੈਂਸ ਫਾਰਮ ‘ਚ ਭਰਵਾ ਰਿਹਾ ਹੈ, ਇਸ ਦਾ ਮਤਲਬ ਹੈ ਕਿ ਉਸ ਨੇ ਉਨ੍ਹਾਂ ਨੂੰ ਮਨਜ਼ੂਰ ਨਹੀਂ ਕੀਤਾ। ਇਸ ਦੌਰਾਨ ਚੋਣ ਕਮਸ਼ਿਨ ਵੱਲੋਂ ਪੇਸ਼ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਕਿਹਾ ਕਿ ਗਿਣਤੀ ਫਾਰਮ ‘ਚ ਵੋਟਰ ਆਪਣਾ ਆਧਾਰ ਨੰਬਰ ਤੇ ਵੋਟਰ ਪਛਾਣ ਪੱਤਰ ਦਾ ਇਪਿਕ ਨੰਬਰ ਦਿੰਦਾ ਹੈ। ਬੈਂਚ ਨੇ ਕਿਹਾ ਕਿ ਰਾਸ਼ਨ ਕਾਰਡ ‘ਤੇ ਉਸ ਦੀ ਗੱਲ ਠੀਕ ਹੋ ਸਕਦੀ ਹੈ, ਪਰ ਆਧਾਰ ਤੇ ਵੋਟਰ ਪਛਾਣ ਪੱਤਰ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਦਸਤਾਵੇਜ਼ ਤਾਂ ਕੋਈ ਵੀ ਫ਼ਰਜ਼ੀ ਹੋ ਸਕਦਾ ਹੈ, ਉਨ੍ਹਾਂ ਦੀ ਜਾਂਚ ਕੇਸ ਟੂ ਕੇਸ ਨਿਰਭਰ ਕਰੇਗੀ।

# ਡਿੰਪਲ ਯਾਦਵ ’ਤੇ ਮੌਲਾਨਾ ਦੀ ਟਿੱਪਣੀ ਨਾਲ ਸਿਆਸੀ ਉਬਾਲ




ਲਖਨਊ:ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਦੀ ਪਤਨੀ ਅਤੇ ਮੈਨਪੁਰੀ ਦੀ ਸੰਸਦ ਮੈਂਬਰ ਡਿੰਪਲ ਯਾਦਵ ‘ਤੇ ਮੌਲਾਨਾ ਸਾਜਿਦ ਰਸ਼ੀਦੀ ਦੀ ਟਿੱਪਣੀ ਦਾ ਮਾਮਲਾ ਭਖ਼ਦਾ ਜਾ ਰਿਹਾ ਹੈ। ਇਸ ਸਬੰਧੀ ਐੱਨਡੀਏ ਸੰਸਦ ਮੈਂਬਰਾਂ ਨੇ ਸੋਮਵਾਰ ਨੂੰ ਸੰਸਦ ਕੰਪਲੈਕਸ ‘ਚ ਪ੍ਰਦਰਸ਼ਨ ਕੀਤਾ ਤੇ ਇਸ ‘ਤੇ ਸਮਾਜਵਾਦੀ ਪਾਰਟੀ ਦੀ ਚੁੱਪੀ ‘ਤੇ ਸਵਾਲ ਖੜ੍ਹੇ ਕੀਤੇ।

ਸਮਾਜਵਾਦੀ ਪਾਰਟੀ ਵਰਕਰ ਪ੍ਰਵੇਸ਼ ਯਾਦਵ ਨੇ ਐਤਵਾਰ ਨੂੰ ਗੋਮਤੀ ਨਗਰ ਦੇ ਵਿਭੂਤੀ ਡਵੀਜ਼ਨਲ ਥਾਣੇ ਵਿਚ ਸ਼ਿਕਾਇਤ ਦੇ ਕੇ ਮੌਲਾਨਾ ਸਾਜਿਦ ‘ਤੇ ਔਰਤ ਵਿਰੋਧੀ ਬਿਆਨ ਦੇਣ ਅਤੇ ਔਰਤਾਂ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਹੈ। ਸ਼ਿਕਾਇਤ ‘ਤੇ ਮੁਕੱਦਮਾ ਦਰਜ ਕਰ ਕੇ ਅਗਲੇ ਕਦਮ ਚੁੱਕੇ ਜਾ ਰਹੇ ਹਨ। ਦੂਜੇ ਪਾਸੇ, ਮੌਲਾਨਾ ਸਾਜਿਦ ਰਸ਼ੀਦੀ ਨੇ ਸਫ਼ਾਈ ਦਿੱਤੀ ਕਿ ਉਨ੍ਹਾਂ ਦੀ ਟਿੱਪਣੀ ਇਸਲਾਮਿਕ ਮਾਨਤਾਵਾਂ ਦੇ ਆਧਾਰ ‘ਤੇ ਸੀ। ਉਨ੍ਹਾਂ ਕਿਹਾ, ‘‘ਮੈਂ ਕੋਈ ਇਤਰਾਜ਼ਯੋਗ ਗੱਲ ਨਹੀਂ ਕੀਤੀ। ਇਹ ਸਾਡੀ ਸੰਸਕ੍ਰਿਤੀ ਦਾ ਹਿੱਸਾ ਹੈ ਕਿ ਮਸਜਿਦ ਵਿਚ ਸਿਰ ਢਕਣਾ ਚਾਹੀਦਾ ਹੈ।’’ ਹਾਲਾਂਕਿ, ਉਨ੍ਹਾਂ ਦੀ ਇਸ ਸਫਾਈ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ। ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਆਲ ਇੰਡੀਆ ਇਮਾਮ ਐਸੋਸੀਏਸ਼ਨ ਦੇ ਪ੍ਰਧਾਨ ਮੌਲਾਨਾ ਸਾਜਿਦ ਰਸ਼ੀਦੀ ਨੇ ਇਕ ਟੀਵੀ ਡਿਬੇਟ ਸ਼ੋਅ ਵਿਚ ਡਿੰਪਲ ਯਾਦਵ ਦੇ ਸੰਸਦ ਭਵਨਦੇ ਨੇੜੇ ਸਥਿਤ ਮਸਜਿਦ ਵਿਚ ਕਰਵਾਈ ਗਈ ਸਮਾਜਵਾਦੀ ਪਾਰਟੀ ਦੀ ਬੈਠਕ ਵਿਚ ਸ਼ਾਮਲ ਹੋਣ ਅਤੇ ਉਨ੍ਹਾਂ ਦੇ ਪਹਿਰਾਵੇ ‘ਤੇ ਟਿੱਪਣੀ ਕੀਤੀ ਇਸ ਬਿਆਨ ਤੋਂ ਬਾਅਦ ਸੋਮਵਾਰ ਨੂੰ ਸੰਸਦ ਤੋਂ ਲੈ ਕੇ ਸੜਕਾਂ ਤੱਕ ਹੰਗਾਮਾ ਮੱਚ ਗਿਆ। ਮੌਲਾਨਾ ਸਾਜਿਦ ਰਸ਼ੀਦੀ ਨੇ ਟੀਵੀ ਡਿਬੇਟ ਦੌਰਾਨ ਡਿੰਪਲ ਯਾਦਵ ਦੇ ਮਸਜਿਦ ਵਿਚ ਬਿਨਾਂ ਸਿਰ ਢਕੇ ਜਾਣ ‘ਤੇ ਇਤਰਾਜ਼ ਜ਼ਾਹਰ ਕੀਤਾ ਤੇ ਕਿਹਾ ਕਿ ‘‘ਮਸਜਿਦ ਵਿਚ ਦੋ ਮਹਿਲਾਵਾਂ ਸਨ, ਇਕ ਇਕਰਾ ਹਸਨ ਨੇ ਸਿਰ ਢਕਿਆ ਸੀ, ਪਰ ਡਿੰਪਲ ਯਾਦਵ ਨੇ ਨਹੀਂ।’’ ਇਸ ਟਿੱਪਣੀ ਨੂੰ ਔਰਤ ਵਿਰੋਧੀ ਅਤੇ ਅਪਮਾਨਜਨਕ ਦੱਸਦੇ ਹੋਏ ਸਮਾਜਵਾਦੀ ਪਾਰਟੀ ਵਰਕਰ ਪ੍ਰਵੇਸ਼ ਯਾਦਵ ਨੇ ਸ਼ਿਕਾਇਤ ਦਰਜ ਕਰਵਾਈ।

ਇੰਸਪੈਕਟਰ ਸੁਨੀਲ ਕੁਮਾਰ ਸਿੰਘ ਨੇ ਦੱਸਿਆ ਕਿ ਪ੍ਰਵੇਸ਼ ਯਾਦਵ ਸਮਾਜਵਾਦੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਇੰਟਰਨੈੱਟ ਮੀਡੀਆ ‘ਤੇ ਦੇਖਿਆ ਕਿ ਮੌਲਾਨਾ ਸਾਜਿਦ ਨੇ ਜਨਤਕ ਮੰਚ ‘ਤੇ ਡਿੰਪਲ ਯਾਦਵ ‘ਤੇ ਇਤਰਾਜ਼ਯੋਗ ਤੇ ਭੜਕਾਉਣ ਵਾਲੀ ਟਿੱਪਣੀ ਕੀਤੀ ਹੈ ਜਿਸ ਨਾਲ ਇਕ ਔਰਤ ਦੇ ਮਾਣ ਨੂੰ ਨੁਕਸਾਨ ਪਹੁੰਚਿਆ ਹੈ।

# ਹਰਿਆਣਾ ਨੂੰ ਵਾਧੂ ਪਾਣੀ ਦੇਣ ਖ਼ਿਲਾਫ਼ ਪੰਜਾਬ ਦੀ ਪਟੀਸ਼ਨ ਖ਼ਾਰਜ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪੰਜਾਬ ਸਰਕਾਰ ਦੀ ਉਸ ਪਟੀਸ਼ਨ ‘ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ‘ਚ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਛੱਡਣ ਦੇ ਫੈਸਲੇ ਦਾ ਪਾਲਣ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਦੋ ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ‘ਚ ਹੋਈ ਬੈਠਕ ‘ਚ ਲਏ ਗਏ ਫ਼ੈਸਲੇ ਦਾ ਪਾਲਣ ਕਰੇ।



ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਦੇ ਸਾਹਮਣੇ ਪੰਜਾਬ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਹਰਿਆਣਾ ਪਹਿਲਾਂ ਹੀ ਆਪਣੇ ਹੱਕ ਦਾ 100 ਫ਼ੀਸਦ ਤੋਂ ਵੱਧ ਪਾਣੀ ਇਸਤੇਮਾਲ ਕਰ ਰਿਹਾ ਹੈ ਤੇ ਮਨੁੱਖੀ ਆਧਾਰ ‘ਤੇ ਪੰਜਾਬ ਨੇ ਹਰਿਆਣਾ ਨੂੰ 4,000 ਕਿਊਸਿਕ ਵਾਧੂ ਪਾਣੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਦੋਵਾਂ ਸੂਬਿਆਂ ਲਈ ਭਾਵਨਾਤਮਕ ਮਹੱਤਵ ਦਾ ਮਾਮਲਾ ਹੈ। ਸਿੰਘਵੀ ਨੇ ਕਿਹਾ ਕਿ ਹਾਈ ਕੋਰਟ ਨੇ ਪੰਜਾਬ ਨੂੰ ਦੋ ਮਈ ਦੇ ਫ਼ੈਸਲੇ ਦਾ ਕਰਨ ਨੂੰ ਕਿਹਾ ਹੈ, ਜਿਸ ‘ਚ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐੱਮਬੀ) ਵੱਲੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਬੋਰਡ ਨੇ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਭਾਖੜਾ ਨੰਗਲ ਡੈਮ ‘ਤੇ ਪੁਲਿਸ ਭੇਜੀ ਤਾਂ ਜੋ ਪਾਣੀ ਦਾ ਰੁਖ਼ ਨਾ ਮੋੜਿਆ ਜਾਵੇ। ਮਹਿਤਾ ਨੇ ਕਿਹਾ ਕਿ ਇਕ ਸੂਬੇ ਵੱਲੋਂ ਉੱਥੇ ਆਪਣੀ ਪੁਲਿਸ ਤਾਇਨਾਤ ਕਰਨਾ ਠੀਕ ਨਹੀਂ ਸੀ। ਪਟੀਸ਼ਨ ਨੂੰ ਖ਼ਾਰਜ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮ ‘ਚ ਕੀਤੀ ਗਈ ਕਿਸੇ ਵੀ ਟਿੱਪਣੀ ਦਾ ਬਣਦੀ ਕਾਰਵਾਈ ‘ਚ ਅਥਾਰਟੀ ਵੱਲੋਂ ਲਏ ਜਾਣ ਵਾਲੇ ਕਿਸੇ ਵੀ ਹੋਰ ਫ਼ੈਸਲੇ ‘ਤੇ ਅਸਰ ਨਹੀਂ ਪੈਣਾ ਚਾਹੀਦਾ।

# ਅਸੀਂ ਹਮੇਸ਼ਾ ਸਿੱਧੇ ਬੱਲੇ ਨਾਲ ਖੇਡਦੇ ਹਾਂ: ਮੋਦੀ



ਲੰਡਨ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨੂੰ ਭਾਰਤ ਦੀ ਯੂ.ਕੇ. ਨਾਲ ਸਾਂਝੇਦਾਰੀ ਨੂੰ ਕ੍ਰਿਕਟ ਨਾਲ ਜੋੜਦਿਆਂ ਕਿਹਾ ਕਿ ਕਈ ਵਾਰ ਗੇਂਦ ‘ਸਵਿੰਗ’ ਅਤੇ ਕਈ ਵਾਰ ਖੁੰਝ ਸਕਦੀ ਹੈ ਪਰ ਅਸੀਂ ਹਮੇਸ਼ਾ ਸਿੱਧੇ ਬੱਲੇ ਨਾਲ ਖੇਡਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਯੂ.ਕੇ. ਨਾਲ ਇਕ ਉੱਚ ਸਕੋਰ ਵਾਲੀ ਠੋਸ ਭਾਈਵਾਲੀ ਬਣਾਉਣ ਲਈ ਵਚਨਬੱਧ ਹੈ। ਸਾਡੇ ਦੋਵਾਂ ਲਈ ਕ੍ਰਿਕਟ ਸਿਰਫ਼ ਇਕ ਖੇਡ ਨਹੀਂ ਹੈ, ਸਗੋਂ ਇਕ ਜਨੂੰਨ ਹੈ। ਉਨ੍ਹਾਂ ਕਿਹਾ ਕਿ ਅੱਜ ਹਸਤਾਖ਼ਰ ਕੀਤੇ ਗਏ ‘ਸਮਝੌਤੇ ਅਤੇ ਵਿਜ਼ਨ 2035’ ਇਸ ਭਾਵਨਾ ਨੂੰ ਅੱਗੇ ਵਧਾਉਣ ਵਾਲਾ ਮੀਲ ਪੱਥਰ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਸਟਾਰਮਰ ਦੇ ਨਾਲ ਲੰਡਨ ਵਿਚ ‘ਬਕਿੰਘਮ ਸਟ੍ਰੀਟ ਕ੍ਰਿਕਟ ਹੱਬ’ ਦੇ ਖਿਡਾਰੀਆਂ ਨਾਲ ਵੀ ਗੱਲਬਾਤ ਕੀਤੀ।

# ਥਰੂਰ ਨੇ ਅਪ੍ਰੇਸ਼ਨ ਸਿੰਧੂਰ ਖ਼ਿਲਾਫ਼ ਪਾਰਟੀ ਲਾਈਨ ’ਤੇ ਬੋਲਣ ਤੋਂ ਕੀਤਾ ਇਨਕਾਰ

ਨਵੀਂ ਦਿੱਲੀ:ਪਹਿਲਗਾਮ ਹਮਲੇ ਤੋਂ ਬਾਅਦ ਤੋਂ ਹੀ ਪਾਕਿਸਤਾਨ ਸਪਾਂਸਡਰ ਅੱਤਵਾਦ ਖ਼ਿਲਾਫ਼ ਖੁੱਲ੍ਹ ਕੇ ਬੋਲਣ ਵਾਲੇ ਤੇ ਆਪ੍ਰੇਸ਼ਨ ਸਿੰਧੂਰ ‘ਤੇ ਦੁਨੀਆ ਦੇ ਸਾਹਮਣੇ ਭਾਰਤ ਦਾ ਪੱਖ ਰੱਖਣ ਵਾਲੇ ਸ਼ਸ਼ੀ ਥਰੂਰ ਨੇ ਕਾਂਗਰਸ ਦੀ ਲਾਈਨ ‘ਤੇ ਲੋਕ ਸਭਾ ‘ਚ ਬੋਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਕਾਂਗਰਸ ਨੇ ਵੀ ਉਨ੍ਹਾਂ ਨੂੰ ਪਾਰਟੀ ਦੇ ਬੁਲਾਰਿਆਂ ਦੀ ਸੂਚੀ ਤੋਂ ਬਾਹਰ ਕਰ ਦਿੱਤਾ।ਆਪ੍ਰੇਸ਼ਨ ਸਿੰਧੂਰ ‘ਤੇ ਚਰਚਾ ਹੋਣ ਤੋਂ ਪਹਿਲਾਂ ਸੰਸਦ ਭਵਨ ਪਹੁੰਚੇ ਸ਼ਸ਼ੀ ਥਰੂਰ ਨੇ ਇਸ ਮਾਮਲੇ ‘ਚ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ। ਅੱਜ ਦਾ ਦਿਨ ਮਹੱਤਵਪੂਰਣ ਹੋਣ ਦੇ ਬਾਰੇ ਪੁੱਛੇ ਜਾਣ ‘ਤੇ ਥਰੂਰ ਨੇ ਮੁਸਕਰਾਉਂਦੇ ਹੋਏ ਪੱਤਰਕਾਰਾਂ ਨੂੰ ਕਿਹਾ- ਮੌਨ ਵਰਤ, ਮੌਨ ਵਰਤ। ਅਸਲ ‘ਚ, ਆਪ੍ਰੇਸ਼ਨ ਸਿੰਧੂਰ ਦੌਰਾਨ ਸਭ ਤੋਂ ਖੁੱਲ੍ਹ ਕੇ ਬੋਲਣ ਵਾਲੇ ਸ਼ਸ਼ੀ ਥਰੂਰ ਦੇ ਲੋਕ ਸਭਾ ‘ਚ ਬੋਲਣ ਨੂੰ ਲੈ ਕੇ ਪਹਿਲਾਂ ਹੀ ਭੰਬਲਭੂਸੇ ਵਾਲੀ ਸਥਿਤੀ ਸੀ।



# ਹੁਣ 22 ਭਾਸ਼ਾਵਾਂ ’ਚ ਮਿਲਣਗੀਆਂ ਯੂ.ਜੀ-ਪੀ.ਜੀ ਦੀਆਂ ਕਿਤਾਬਾਂ

ਨਵੀਂ ਦਿੱਲੀ:ਮੈਡੀਕਲ, ਇੰਜੀਨੀਅਰਿੰਗ, ਮੈਨੇਜਮੈਂਟ ਤੇ ਫਾਰਮੇਸੀ ਵਰਗੇ ਉੱਚ ਸਿੱਖਿਆ ਨਾਲ ਜੁੜੇ ਕੋਰਸਾਂ ਦੀ ਰਾਹ ‘ਚ ਹੁਣ ਭਾਸ਼ਾ ਰੁਕਾਵਟ ਨਹੀਂ ਬਣੇਗੀ, ਬਲਕਿ ਵਿਦਿਆਰਥੀ ਹੁਣ ਆਪਣੀ ਪਸੰਦ ਨਾਲ 22 ਭਾਰਤੀ ਭਾਸ਼ਾਵਾਂ ‘ਚੋਂ ਕਿਸੇ ਵੀ ਭਾਸ਼ਾ ‘ਚ ਇਨ੍ਹਾਂ ਦੀ ਪੜ੍ਹਾਈ ਪੂਰੀ ਕਰ ਸਕਣਗੇ।



ਸਿੱਖਿਆ ਮੰਤਰਾਲੇ ਨੇ ਹੁਣ ਉੱਚ ਵਿੱਦਿਅਕ ਅਦਾਰਿਆਂ ‘ਚ ਪੜ੍ਹਾਏ ਜਾਣ ਵਾਲੇ ਸਾਰੇ ਅੰਡਰ ਗ੍ਰੈਜੂਏਟ (ਯੂਜੀ) ਤੇ ਪੋਸਟ ਗ੍ਰੈਜੂਏਟ (ਪੀਜੀ) ਕੋਰਸਾਂ ਦੀਆਂ ਪ੍ਰਮੁੱਖ ਕਿਤਾਬਾਂ ਨੂੰ 22 ਭਾਰਤੀ ਭਾਸ਼ਾਵਾਂ ‘ਚ ਅਨੁਵਾਦ ਕਰ ਕੇ ਡਿਜੀਟਲ ਰੂਪ ਨਾਲ ਮੁਹੱਈਆ ਕਰਾਉਣ ਦਾ ਫ਼ੈਸਲਾ ਕੀਤਾ ਹੈ। ਜਿਸ ਦੀਆਂ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਨਾਲ ਹੀ ਪਹਿਲੇ ਪੜਾਅ ‘ਚ ਅਨੁਵਾਦ ਕੀਤੀਆਂ ਜਾਣ ਵਾਲੀਆਂ ਕਿਤਾਬਾਂ ਦੀ ਮੈਪਿੰਗ ਦਾ ਕੰਮ ਵੀ ਪੂਰਾ ਕਰ ਲਿਆ ਹੈ। ਸਿੱਖਿਆ ਮੰਤਰਾਲੇ ਨੇਂ ਇਹ ਮੁਹਿੰਮ ਭਾਰਤੀ ਭਾਸ਼ਾ ਪੁਸਤਕ ਪ੍ਰੋਜੈਕਟ ਦੇ ਤਹਿਤ ਸ਼ੁਰੂ ਕੀਤੀ ਹੈ।

ਪੰਜਾਬ ਟਾਈਮਜ਼

*2 ਅਗਸਤ, ਸ਼ਨਿਚਰਵਾਰ*

# ਲੈਂਡ ਪੂਲਿੰਗ ਨੀਤੀ ਦਾ ਬਵਾਲ

*ਇਕ ਤੋਂ ਬਾਅਦ ਇਕ ਯੂ-ਟਰਨ ਮਾਰਨ ਵਾਲੀ ਪੰਜਾਬ ਸਰਕਾਰ ਇਕ ਵਾਰ ਫੇਰ ਯੂ-ਟਰਨ ਮਾਰਨ ਲਈ ਆਪਣੇ ਪਰ ਤੋਲ ਰਹੀ ਦਿਸ ਰਹੀ ਹੈ। ਇਸੇ ਸਾਲ 19 ਜੂਨ ਨੂੰ 'ਲੈਂਡ ਪੂਲਿੰਗ' ਨੀਤੀ ਸੰਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਇਹ ਨੋਟੀਫਿਕੇਸ਼ਨ ਜਾਰੀ ਹੁੰਦਿਆਂ ਹੀ ਸੂਬੇ ਭਰ ਵਿਚ ਵਿਵਾਦ ਛਿੜਿਆ ਨਜ਼ਰ ਆਉਂਦਾ ਹੈ। ਕਿਸਾਨ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਹੋਰ ਵੱਖ-ਵੱਖ ਵਰਗਾਂ ਵਲੋਂ ਇਸ ਸੰਬੰਧੀ ਉਠਾਏ ਗਏ ਸਵਾਲਾਂ ਤੋਂ ਬਾਅਦ ਸਰਕਾਰ ਨੂੰ ਹੀ ਘੱਟੋ-ਘੱਟ ਤਿੰਨ ਵਾਰ ਇਸ ਵਿਚ ਕਈ ਤਰ੍ਹਾਂ ਦੇ ਬਦਲਾਅ ਕਰਨ ਦਾ ਐਲਾਨ ਕਰਨਾ ਪਿਆ ਹੈ। ਹੁਣ ਤੱਕ ਦੇ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ ਕਿਸਾਨਾਂ ਤੋਂ ਜ਼ਮੀਨਾਂ ਲੈਣ ਸੰਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤੇ ਗਏ ਹਨ। ਜਿਸ ਕਿਸਾਨ ਦੀ ਜਿੰਨੀ ਵੀ ਜ਼ਮੀਨ ਨੋਟੀਫਿਕੇਸ਼ਨ ਅਧੀਨ ਦਰਜ ਕੀਤੀ ਗਈ, ਉਸ ਲਈ ਆਪਣੀ ਜ਼ਮੀਨ ਸੰਬੰਧੀ ਅਨਿਸ਼ਚਿਤਤਾ ਵਾਲੀ ਸਥਿਤੀ ਪੈਦਾ ਹੋ ਗਈ ਹੈ। ਚਾਹੇ ਸਰਕਾਰ ਇਹ ਬਿਆਨ ਜ਼ਰੂਰ ਦੇ ਰਹੀ ਹੈ ਕਿ ਕਿਸੇ ਵੀ ਕਿਸਾਨ ਤੋਂ ਉਸ ਦੀ ਮਰਜ਼ੀ ਤੋਂ ਬਗ਼ੈਰ ਜ਼ਮੀਨ ਨਹੀਂ ਲਈ ਜਾਵੇਗੀ, ਪਰ ਨੋਟੀਫਿਕੇਸ਼ਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਨੇ ਇਸ ਵਿਚ ਦਰਜ ਜ਼ਮੀਨਾਂ ਲੈਣ 'ਤੇ ਆਪਣਾ ਹੱਕ ਜਤਾ ਦਿੱਤਾ ਹੈ। ਜੇ ਲਿਖਤੀ ਰੂਪ ਵਿਚ ਇਹ ਗੱਲ ਦਰਜ ਹੋ ਗਈ ਹੈ ਤਾਂ ਕਿਸਾਨ ਦੀ ਮਰਜ਼ੀ ਜਾਂ ਇੱਛਾ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।*

*ਸਰਕਾਰ ਵਲੋਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਲੈਂਡ ਪੂਲਿੰਗ ਨੀਤੀ ਅਧੀਨ ਆਉਣ ਵਾਲੀ ਜ਼ਮੀਨ 'ਤੇ ਕਿਸਾਨਾਂ ਨੂੰ ਖੇਤੀ ਤੋਂ ਇਲਾਵਾ ਹੋਰ ਕੋਈ ਵੀ ਕੰਮ ਨਾ ਕਰਨ ਦਿੱਤਾ ਜਾਵੇ। ਅਜਿਹਾ ਵੱਡਾ ਕਦਮ ਉਠਾਉਣ ਤੋਂ ਪਹਿਲਾਂ ਸਰਕਾਰ ਵਲੋਂ ਪਹਿਲਾਂ ਕੀਤਾ ਗਿਆ ਕੋਈ ਗੰਭੀਰ ਸਰਵੇਖਣ ਵੀ ਸਾਹਮਣੇ ਨਹੀਂ ਆਇਆ, ਨਾ ਹੀ ਇਸ ਗੱਲ ਦਾ ਅਧਿਐਨ ਕੀਤਾ ਗਿਆ ਹੈ ਕਿ ਏਡੀ ਵੱਡੀ ਮਾਤਰਾ ਵਿਚ ਲਈ ਜਾਣ ਵਾਲੀ ਜ਼ਮੀਨ ਦੀ ਮੰਗ ਕਿਨ੍ਹਾਂ ਵਰਗਾਂ ਜਾਂ ਲੋਕਾਂ ਤੋਂ ਪ੍ਰਾਪਤ ਹੋਈ ਹੈ। ਇਸ ਤੋਂ ਤਾਂ ਇਹ ਹੀ ਭਾਵ ਲਿਆ ਜਾ ਸਕਦਾ ਹੈ ਕਿ ਸਰਕਾਰ ਸੌਦੇ ਕਰ ਕੇ ਹੀ ਉਕਤ ਜ਼ਮੀਨ ਵੱਡੇ ਬਿਲਡਰਾਂ ਜਾਂ ਕੰਪਨੀਆਂ ਨੂੰ ਇਸ ਦਾ ਵਿਕਾਸ ਕਰਨ ਅਤੇ ਇਸ 'ਤੇ ਉਸਾਰੀਆਂ ਕਰਨ ਲਈ ਦੇ ਦੇਵੇਗੀ, ਜਦੋਂ ਕਿ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਘਰਾਂ ਦੀ ਜ਼ਰੂਰਤ ਲੰਮੇ ਸਮੇਂ ਤੱਕ ਪੈਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਫਿਰ ਇਹ ਉਪਜਾਊ ਜ਼ਮੀਨਾਂ ਨੂੰ ਵੱਡੀ ਮਾਤਰਾ ਵਿਚ ਲੈਣ ਦਾ ਕੀ ਮੰਤਵ ਹੈ, ਇਸ ਸੰਬੰਧੀ ਵੀ ਅਨੇਕਾਂ ਸਵਾਲ ਉੱਠ ਰਹੇ ਹਨ ਅਤੇ ਸਰਕਾਰ ਦੀ ਮਣਸ਼ਾ 'ਤੇ ਵੀ ਉਂਗਲੀਆਂ ਉਠਾਈਆਂ ਜਾ ਰਹੀਆਂ ਹਨ। ਅਜਿਹਾ ਫੈਸਲਾ ਕਰਨ ਤੋਂ ਪਹਿਲਾਂ ਕੀ ਸਰਕਾਰ ਨੇ ਇਸ ਸੰਬੰਧੀ ਕਿਸਾਨਾਂ ਨਾਲ, ਹੋਰ ਜਥੇਬੰਦੀਆਂ ਅਤੇ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧਾਂ ਨਾਲ ਕਿਸ ਪੱਧਰ 'ਤੇ ਵਿਚਾਰ ਕੀਤਾ ਹੈ? ਜਦੋਂ ਕਿ ਯੋਜਨਾ ਦੇ ਪਹਿਲੇ ਪੜਾਵਾਂ 'ਤੇ ਹੀ ਅਜਿਹੇ ਕਦਮ ਉਠਾਏ ਜਾਣੇ ਚਾਹੀਦੇ ਸਨ। ਇਸ ਯੋਜਨਾ ਅਧੀਨ ਅਨਿਸ਼ਚਿਤ ਭਵਿੱਖ ਨੂੰ ਸਾਹਮਣੇ ਰੱਖਦਿਆਂ ਕਿਸਾਨ ਅਤੇ ਖ਼ਾਸ ਤੌਰ 'ਤੇ ਛੋਟਾ ਕਿਸਾਨ ਆਪਣੀ ਜ਼ਮੀਨ ਦੇਣ ਲਈ ਕਿਉਂ ਤਿਆਰ ਹੋਵੇਗਾ? ਇਕ ਕਾਰਨ ਇਹ ਵੀ ਹੈ ਕਿ ਅੱਜ ਬਹੁਗਿਣਤੀ ਕਿਸਾਨਾਂ ਦੀਆਂ ਜ਼ਮੀਨਾਂ ਤਾਂ ਪਹਿਲਾਂ ਹੀ ਟੋਟਿਆਂ ਵਿਚ ਰਹਿ ਗਈਆਂ ਹਨ। ਚਾਹੇ ਹਾਲੇ ਤੱਕ ਵੀ ਸਰਕਾਰ ਆਪਣੇ ਫੈਸਲੇ 'ਤੇ ਬਜ਼ਿੱਦ ਜਾਪਦੀ ਹੈ ਪਰ ਇਸ ਨੀਤੀ ਦੀ ਅਨਿਸ਼ਚਿਤਤਾ ਨੂੰ ਦੇਖਦਿਆਂ ਕਿਸਾਨ ਆਪਣੀਆਂ ਜ਼ਮੀਨਾਂ ਦੇਣ ਤੋਂ ਇਨਕਾਰੀ ਹੁੰਦੇ ਨਜ਼ਰ ਆ ਰਹੇ ਹਨ।*

*ਸਰਕਾਰ ਨਾਲ ਸੰਬੰਧਿਤ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਹੋਰ ਪ੍ਰਤੀਨਿਧ ਇਸ ਯੋਜਨਾ ਦੇ ਹੱਕ ਵਿਚ ਕਈ ਤਰ੍ਹਾਂ ਦੀਆਂ ਦਲੀਲਾਂ ਜ਼ਰੂਰ ਦੇ ਰਹੇ ਹਨ। ਪਰ ਹਾਲੇ ਤੱਕ ਇਹ ਦਲੀਲਾਂ ਵੱਡੀ ਗਿਣਤੀ ਵਿਚ ਕਿਸਾਨਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੀਆਂ। ਇਸ ਦੀ ਜਗ੍ਹਾ ਬਹੁਤੀਆਂ ਥਾਵਾਂ ਤੋਂ ਇਸ ਦੇ ਵਿਰੋਧ ਵਿਚ ਵੱਡੀਆਂ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਇਸੇ ਕੜੀ ਵਿਚ ਹੀ ਆਮ ਆਦਮੀ ਪਾਰਟੀ ਦੇ ਅਨੰਦਪੁਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਅਤੇ ਪਾਰਟੀ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਲਾਹ ਦਿੱਤੀ ਹੈ ਕਿ ਲੈਂਡ ਪੂਲਿੰਗ ਦੀ ਇਸ ਨੀਤੀ 'ਤੇ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਭਰੋਸੇ ਵਿਚ ਲੈ ਕੇ ਹੀ ਅੱਗੇ ਵਧਣਾ ਚਾਹੀਦਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀਆਂ ਸਫ਼ਾਂ ਵਿਚ ਵੀ ਇਸ ਮਸਲੇ ਨੂੰ ਲੈ ਕੇ ਵੱਡੀ ਦੁਬਿਧਾ ਖੜ੍ਹੀ ਹੋ ਰਹੀ ਹੈ। ਬਣ ਰਹੇ ਸਮੁੱਚੇ ਦ੍ਰਿਸ਼ ਨੂੰ ਦੇਖਦਿਆਂ ਪੰਜਾਬ ਸਰਕਾਰ ਨੂੰ ਇਸ ਸੰਬੰਧੀ ਇਕ ਵਾਰ ਫਿਰ ਤੋਂ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਕਨਸੋਆਂ ਕਹਿ ਰਹੀਆਂ ਹਨ ਕਿ ਇਹ ਨੀਤੀ ਵਾਪਸ ਲੈਣ ਤੋਂ ਬਿਨਾਂ ਪੰਜਾਬ ਸਰਕਾਰ ਕੋਲ ਕੋਈ ਦੂਸਰਾ ਰਸਤਾ ਨਹੀਂ ਹੈ। ਬੱਸ ਦਿੱਲੀ ਅਤੇ ਪੰਜਾਬ ਵਿੱਚ ਸਹਿਮਤੀ ਬਣਨ ਦੀ ਉਡੀਕ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੱਜ ਸਿਹਤ ਖਰਾਬ ਦਾ!

*ਚਕਾਚੌਂਧ ਹੁੰਦੀ ਏ 'ਕਸੁੰਭੇ' ਜਿਹੀ ਥੋੜ-ਚਿਰੀ, ਲੋਕਾਂ ਭਾਣੇ ਲੱਗੇ ਜਿਉਂ ਫੁੱਲ ਹੈ 'ਗੁਲਾਬ' ਦਾ।*
*ਲੱਲੇ-ਭੱਬੇ ਲਾਉਂਦਿਆਂ ਚਮਚੇ ਲੁਕਾਈ ਜਾਂਦੇ, ਜਦੋਂ ਬਣੇ ਪਾਰਟੀ 'ਚ ਮਸਲਾ 'ਅਜਾਬ' ਦਾ।*
*ਪੱਤਰਕਾਰਾਂ ਦੇ ਵੀ ਹੁੰਦੇ 'ਸੂਤਰ ਭਰੋਸੇ' ਯੋਗ, ਲਾਹ ਕੇ ਪਰੇ ਮਾਰਦੇ ਨੇ ਪਰਦਾ 'ਨਕਾਬ' ਦਾ।*
*ਹੇਠਲੇ ਵਿਚਾਰਿਆਂ ਨੂੰ ਪਤਾ ਉਦੋਂ ਲੱਗਦਾ ਏ, 'ਪਾਰਾ' ਜਦੋਂ ਚੜ੍ਹ ਜਾਂਦਾ 'ਉਤਲੇ ਜਨਾਬ' ਦਾ।*
*ਪਾਰਟੀ 'ਚ ਬੀਜ ਵਾ.ਲਾ ਬੂਟਾ ਫਲੀਭੂਤ ਹੋਵੇ, ਲੰਮਾ ਚਿਰ ਕੱਢਦਾ ਨੀ ਲੱਗਿਆ ਜੋ ਦਾਬ ਦਾ।*
*ਉੱਤੋਂ ਆਵੇ 'ਹੁਕਮ' ਬਜਾ ਦਿੰਦੇ ਨੇ ਹੱਥੀਂ ਬੰਨ੍ਹੀਂ, ਲਾ ਦਿੰਦੇ 'ਬਹਾਨਾ' ਉਂਜ 'ਸਿਹਤ ਖਰਾਬ' ਦਾ!*

# ਕੀ ਕਾਂਗਰਸ ਲੜੇਗੀ ਦੂਜਾ ਆਜ਼ਾਦੀ ਅੰਦੋਲਨ?



ਰਾਸ਼ਟਰੀ ਪੱਧਰ 'ਤੇ ਸਿਰਫ਼ ਕਾਂਗਰਸ ਪਾਰਟੀ ਹੀ ਹੈ, ਜਿਹੜੀ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਦੇ ਸਕਦੀ ਹੈ। ਪਰ ਲੰਮੇ ਸਮੇਂ ਤੋਂ ਕਾਂਗਰਸ ਨੂੰ ਸਮਝ ਹੀ ਨਹੀਂ ਆ ਰਿਹਾ, ਕਿ ਉਸ ਦੀ ਦੇਸ਼ ਭਰ 'ਚ ਭਾਜਪਾ ਦੀ ਪਿੱਠ ਲਾਉਣ ਲਈ ਰਣਨੀਤੀ ਕੀ ਹੋਵੇ?

ਉਧਰ ਭਾਜਪਾ, ਲਗਾਤਾਰ ਕਾਂਗਰਸ ਅਤੇ ਉਸਦੇ ਨੇਤਾਵਾਂ ਨੂੰ ਠਿੱਠ ਕਰਨ ਲਈ ਯਤਨਸ਼ੀਲ ਹੈ। ਉਸਦੇ ਨਵੇਂ-ਪੁਰਾਣੇ ਨੇਤਾਵਾਂ ਦਾ ਅਕਸ ਵਿਗਾੜਨ ਲਈ ਉਹ ਹਰ ਹੀਲਾ ਵਰਤ ਰਹੀ ਹੈ। ਨਰੇਂਦਰ ਮੋਦੀ ਨੇ ਨਹਿਰੂ-ਗਾਂਧੀ ਪਰਿਵਾਰਾਂ ਤੋਂ ਉਨ੍ਹਾਂ ਦੀ ਜਾਇਦਾਦ ਖੋਹ ਕੇ ਉਨ੍ਹਾਂ ਨੂੰ ਇੰਨੀ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਤਕਲੀਫ਼ ਦਿੱਤੀ ਹੈ ਕਿ ਹੁਣ ਉਸ ਪਰਿਵਾਰ ਤੋਂ ਇਹ ਸਹਿ ਹੀ ਨਹੀਂ ਹੋ ਰਿਹਾ।

ਆਜ਼ਾਦੀ ਦੇ 75 ਵਰ੍ਹਿਆਂ 'ਚ ਨਹਿਰੂ-ਗਾਂਧੀ ਪਰਿਵਾਰ ਦਾ ਕੋਈ ਨਾ ਕੋਈ ਪਰਿਵਾਰਕ ਮੈਂਬਰ ਪ੍ਰਧਾਨ ਮੰਤਰੀ ਰਿਹਾ ਹੈ ਜਾਂ ਇਸ ਪਰਿਵਾਰ ਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਵਿਚ ਭੂਮਿਕਾ ਰਹੀ ਹੈ। ਸਾਲ 1947 ਤੋਂ 1964 ਤੱਕ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸਨ। ਫਿਰ ਲਾਲ ਬਹਾਦਰ ਸ਼ਾਸਤਰੀ ਆਏ। ਇੰਦਰਾ ਗਾਂਧੀ 1967 ਤੋਂ 1977 ਤੱਕ ਪ੍ਰਧਾਨ ਮੰਤਰੀ ਬਣੇ।

1980 'ਚ ਇੰਦਰਾ ਗਾਂਧੀ ਫਿਰ ਪ੍ਰਧਾਨ ਮੰਤਰੀ ਵਜੋਂ ਪਰਤੇ। ਸਾਲ 1984 'ਚ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਵਾਗਡੋਰ ਫਿਰ ਰਾਜੀਵ ਗਾਂਧੀ ਹੱਥ ਆਈ। ਉਨ੍ਹਾਂ ਦੀ ਹੱਤਿਆ 1992 'ਚ ਹੋਈ। ਸੋਨੀਆ ਗਾਂਧੀ ਤਾਕਤਵਰ ਨੇਤਾ ਵਜੋਂ ਉਭਰੀ। ਉਨ੍ਹਾਂ ਆਪ ਪ੍ਰਧਾਨ ਮੰਤਰੀ ਨਾ ਬਣ ਕੇ ਮੌਕਾ ਨਰਸਿਮਹਾ ਰਾਓ ਅਤੇ ਮਨਮੋਹਨ ਸਿੰਘ ਨੂੰ ਦਿੱਤਾ। ਫਿਰ ਕਾਂਗਰਸ ਹਾਰੀ ਤੇ ਤਾਕਤ ਨਰੇਂਦਰ ਮੋਦੀ ਹੱਥ ਆਈ, ਜਿਸਨੇ 'ਕਾਂਗਰਸ ਮੁਕਤ ਭਾਰਤ' ਬਣਾਉਣ ਦਾ ਟੀਚਾ ਮਿਥਿਆ। ਪਿਛਲੇ ਗਿਆਰਾਂ ਵਰ੍ਹੇ ਦੇਸ਼ ਲਈ 'ਕਾਂਗਰਸੀ ਨੇਤਾਵਾਂ' ਅਨੁਸਾਰ 'ਲੋਕਤੰਤਰ ਦੀ ਹੱਤਿਆ' ਦੇ ਵਰ੍ਹੇ ਹਨ।

ਕਾਂਗਰਸੀ ਨੇਤਾ, ਰਾਹੁਲ ਗਾਂਧੀ ਜੋ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਨ, ਕਹਿ ਰਹੇ ਹਨ ਕਿ ਉਨ੍ਹਾਂ ਨੂੰ ਪਾਰਲੀਮੈਂਟ 'ਚ ਬੋਲਣ ਨਹੀਂ ਦਿੱਤਾ ਜਾ ਰਿਹਾ। ਉਹ ਇਹ ਵੀ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਕਮਜ਼ੋਰ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੁਝ ਨਹੀਂ ਕਰ ਸਕੇ।

ਜਦੋਂ ਵੀ ਦੇਸ਼ ਦੇ ਪਾਰਲੀਮੈਂਟ ਸੈਸ਼ਨ ਸ਼ੁਰੂ ਹੁੰਦੇ ਹਨ। ਆਪੋਜ਼ੀਸ਼ਨ ਵਲੋਂ ਖ਼ਾਸ ਕਰਕੇ ਕਾਂਗਰਸ ਵਲੋਂ ਸਦਨ ਦਾ ਬਾਈਕਾਟ ਕਰ ਦਿੱਤਾ ਜਾਂਦਾ ਹੈ। ਭਾਜਪਾ ਦੀ ਸਰਕਾਰ, ਜਿਹੜੀ ਪਹਿਲਾਂ ਹੀ ਨਿਤੀਸ਼ ਤੇ ਨਾਇਡੂ ਦੀਆਂ ਫਹੁੜੀਆਂ 'ਤੇ ਖੜ੍ਹੀ ਹੈ, ਉਹ ਮਨਮਾਨੀਆਂ ਵਾਲੇ ਬਿੱਲ ਪਾਸ ਕਰਵਾਉਂਦੀ ਹੈ, ਦੇਸ਼ ਉਤੇ ਸ਼ਾਨੋ-ਸ਼ੌਕਤ ਨਾਲ ਰਾਜ ਕਰੀ ਜਾਂਦੀ ਹੈ ਅਤੇ ਆਪੋਜ਼ੀਸ਼ਨ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ ਆਪਣੀ ਗੱਲ ਦੇਸ਼ ਵਾਸੀਆਂ ਤੱਕ ਪਹੁੰਚਾਉਂਦੀ ਹੈ।

ਦੇਸ਼ ਦੇ ਲੋਕਾਂ ਦੇ ਵੱਡੇ ਮੁੱਦੇ ਹਨ। ਜੇਕਰ ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਸੰਸਦ ਵਿਚ ਉਠਾਉਣ 'ਚ ਕਾਮਯਾਬ ਨਹੀਂ ਹੋ ਰਹੀ, ਜਿਵੇਂ ਕਿ ਉਹ ਕਹਿੰਦੀ ਹੈ, ਤਾਂ ਫਿਰ ਉਹ ਆਮ ਜਨਤਾ ਕੋਲ ਉਨ੍ਹਾਂ ਮੁੱਦਿਆਂ ਨੂੰ ਲੈ ਕੇ ਕਿਉਂ ਨਹੀਂ ਜਾਂਦੀ? ਲੋਕ ਸਵਾਲ ਪੁੱਛਦੇ ਹਨ।

ਅੱਜ ਲੋਕ ਐਮਰਜੈਂਸੀ ਦੇ ਦਿਨਾਂ ਵਰਗੇ ਹਾਲਾਤ ਦੇਸ਼ 'ਚ ਵੇਖ ਰਹੇ ਹਨ, ਜਿਥੇ ਲੋਕਾਂ ਨੂੰ ਬੋਲਣ ਦੀ ਆਜ਼ਾਦੀ ਨਹੀਂ, ਉਹ ਅਣ-ਐਲਾਨੀ ਐਮਰਜੈਂਸੀ 'ਚੋਂ ਲੰਘ ਰਹੇ ਹਨ। ਭੁੱਖਣ-ਭਾਣੇ, ਬੇਰੁਜ਼ਗਾਰ, ਛੱਤਾਂ ਤੋਂ ਵਿਹੂਣੇ, ਭੈੜੇ ਹਾਲਾਤ ਉਨ੍ਹਾਂ ਨੂੰ ਉਪਰਾਮ ਕਰ ਰਹੇ ਹਨ ਅਤੇ ਕਾਂਗਰਸ ਭਲੀ-ਭਾਂਤ ਇਸ ਸਥਿਤੀ ਤੋਂ ਵਾਕਿਫ਼ ਹੈ, ਲੋਕਾਂ ਨੂੰ ਲਾਮਬੰਦ ਕਿਉਂ ਨਹੀਂ ਕਰਦੀ? ਕਿਉਂ ਉਨ੍ਹਾਂ ਹਾਲਾਤ 'ਚ ਚੁੱਪ ਕਰਕੇ ਜਾਂ ਸਿਰਫ਼ ਬਿਆਨ ਦੇ ਕੇ ਬੈਠ ਜਾਂਦੀ ਹੈ, ਜਦੋਂ ਕਿ ਉਸ ਨੂੰ ਲੋਕਾਂ ਦੇ ਭੈੜੇ ਹਾਲਾਤ ਨਿਵਰਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਕੀ ਅੱਜ ਹਾਲਾਤ ਉਸ ਤੋਂ ਵੱਖਰੇ ਹਨ, ਜਦੋਂ ਦੇਸ਼ ਭਰ ਦੇ ਨੇਤਾ ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ, ਸਮਾਜਵਾਦੀ ਨੇਤਾ ਜਾਰਜ ਫਰਨਾਂਡਿਸ ਲੋਕਾਂ ਨੂੰ ਲਾਮਬੰਦ ਕਰਨ ਲਈ ਦੇਸ਼ ਦੇ ਕੋਨੇ-ਕੋਨੇ 'ਚ ਪਹੁੰਚੇ ਸਨ ਅਤੇ ਉਨ੍ਹਾਂ ਇੰਦਰਾ ਗਾਂਧੀ ਦਾ 'ਸਥਿਰ ਪ੍ਰਸ਼ਾਸ਼ਨ' ਹਿਲਾ ਮਾਰਿਆ ਸੀ ਤੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਸੀ। ਗੱਲ ਵੱਖਰੀ ਹੈ ਕਿ ਉਹ ਆਪਣੀਆਂ ਅਸਪਸ਼ਟ-ਸਪਸ਼ਟ ਨੀਤੀਆਂ ਕਾਰਨ ਅੱਗੇ ਨਹੀਂ ਵਧ ਸਕੇ।

ਕੁਝ ਸਮਾਂ ਪਹਿਲਾਂ ਕਾਂਗਰਸ ਦਾ ਨੌਜਵਾਨ ਨੇਤਾ 'ਰਾਹੁਲ' ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਜਨ-ਯਾਤਰਾ 'ਤੇ ਨਿਕਲਿਆ। ਉਸ ਨੇ ਜਾਗਰੂਕਤਾ ਲਹਿਰ ਚਲਾਉਣ ਲਈ ਹੰਭਲਾ ਮਾਰਿਆ। ਇਹ ਹੰਭਲਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਸੀ। ਇੰਡੀਆ ਗੱਠਜੋੜ ਦੀ ਸਥਾਪਨਾ ਹੋਈ। ਵਿਰੋਧੀ ਧਿਰਾਂ ਨੇ ਇਕਜੁੱਟਤਾ ਵਿਖਾਉਣ ਦਾ ਯਤਨ ਕੀਤਾ। ਕੁਝ ਕਾਮਯਾਬੀ ਵੀ ਮਿਲੀ ਪਰ ਲੋਕ ਹਿੱਤਾਂ ਨਾਲੋਂ ਸਿਆਸੀ ਧਿਰਾਂ ਦੇ ਸਵਾਰਥੀ ਹਿੱਤ ਭਾਰੂ ਹੋ ਗਏ। 'ਇੰਡੀਆ ਗੱਠਜੋੜ' ਕੁਝ ਪ੍ਰਾਪਤ ਨਾ ਕਰ ਸਕਿਆ ਤੇ ਕਾਂਗਰਸ ਵੀ ਮਸਾਂ ਥੋੜ੍ਹਾ ਬਹੁਤਾ ਆਪਣਾ ਅਕਸ ਸੁਧਾਰ ਸਕੀ। ਇੰਜ ਜਿਸ ਗੱਲ ਦੀ ਆਸ ਸੀ ਕਿ ਭਾਜਪਾ ਲਈ ਕਾਂਗਰਸ ਵੱਡੀ ਚੁਣੌਤੀ ਬਣੇਗੀ, ਉਹ 'ਸਿਆਸੀ ਦੂਰਦਰਸ਼ਤਾ ਅਤੇ ਆਪਸੀ ਅੰਦਰਲੀ ਕਾਟੋ ਕਲੇਸ਼' ਕਾਰਨ ਵੱਡੀਆਂ ਪ੍ਰਾਪਤੀਆਂ ਨਾ ਕਰ ਸਕੀ। ਕਾਰਨ ਕੀ ਇਹੋ ਹੀ ਹੈ ਕਿ ਗਾਂਧੀ-ਨਹਿਰੂ ਪਰਿਵਾਰ ਕਾਂਗਰਸ ਨੂੰ ਆਪਣੇ ਹਿੱਤਾਂ ਤੋਂ ਅੱਗੇ ਨਹੀਂ ਵਧਣ ਦੇ ਰਿਹਾ ਜਾਂ ਕਾਰਨ ਕੁਝ ਹੋਰ ਵੀ ਨੇ?

ਮਹਾਰਾਸ਼ਟਰ 'ਚ ਕਾਂਗਰਸ ਦੀ ਹਾਰ ਕੀ ਕਹਿੰਦੀ ਹੈ? ਹਰਿਆਣਾ 'ਚ ਜਿੱਤ ਕਿਨਾਰੇ ਪਹੁੰਚੀ ਕਾਂਗਰਸ ਹਾਰ ਕਿਉਂ ਗਈ? ਪੰਜਾਬ 'ਚ ਕਾਂਗਰਸ ਸਾਰਥਿਕ ਵਿਰੋਧੀ ਧਿਰ ਦਾ ਰੋਲ ਅਦਾ ਕਰਨ 'ਚ ਕਾਮਯਾਬ ਕਿਉਂ ਨਹੀਂ ਹੋ ਰਹੀ। ਸਪਸ਼ਟ ਜਵਾਬ ਕਾਂਗਰਸ 'ਚ ਫੈਲੀ ਅਨੁਸ਼ਾਸਨਹੀਣਤਾ, ਧੜੇਬਾਜ਼ੀ ਅਤੇ ਸਮੇਂ ਸਿਰ ਹਾਈਕਮਾਂਡ ਵੱਲੋਂ ਫ਼ੈਸਲੇ ਨਾ ਲੈਣ 'ਚ ਨਾਕਾਮੀ ਹੈ।

ਦੇਸ਼ 'ਚ ਕਿੱਡੀਆਂ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਹਨ। ਧਰਮ ਜਾਤ ਦੇ ਨਾਂਅ 'ਤੇ ਧਰੁਵੀਕਰਨ ਹੋ ਰਿਹਾ ਹੈ। ਕਾਂਗਰਸ ਚੁੱਪ ਹੈ। ਦੇਸ਼ 'ਚ ਨਿੱਜੀਕਰਨ ਹੋ ਰਿਹਾ ਹੈ, ਕਾਂਗਰਸ ਚੁੱਪ ਹੈ। ਦੇਸ਼ ਦੇ ਕੁਦਰਤੀ ਸਾਧਨ ਵੱਡਿਆਂ ਨੂੰ ਸੌਂਪੇ ਜਾ ਰਹੇ ਹਨ, ਕਾਂਗਰਸ ਸੁਸਤ ਤੇ ਚੁੱਪ ਹੈ। ਦੇਸ਼, ਵਿਸ਼ਵ ਪੱਧਰ 'ਤੇ ਆਪਣੀ ਸਾਖ਼ ਗੁਆ ਰਿਹਾ ਹੈ, ਕਾਂਗਰਸ ਦੀ ਚੁੱਪੀ ਰੜਕਦੀ ਹੈ। ਦੇਸ਼ 'ਚ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ, ਸੰਵਿਧਾਨ ਨੂੰ ਬਦਲਣ ਜਾਂ ਨਵਾਂ ਸੰਵਿਧਾਨ ਬਣਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਤਾਂ ਕਾਂਗਰਸ ਵੱਡੀ ਹਰਕਤ 'ਚ ਕਿਉਂ ਨਹੀਂ ਹੈ? ਕੀ ਸਿਰਫ਼ ਸਦਨ ਦੇ ਬਾਹਰ 'ਲੋਕਤੰਤਰ ਦੀ ਹੱਤਿਆ' ਦੇ ਝੰਡੇ ਲਾ ਕੇ ਪ੍ਰਦਰਸ਼ਨ ਕਰਨ ਨਾਲ 'ਮੋਦੀ ਸ਼ਾਸ਼ਨ' ਦਾ ਖ਼ੂਨੀ ਪੰਜਾ ਬੰਦ ਹੋ ਜਾਏਗਾ?

ਬਿਹਾਰ ਵਿਚ ਵੋਟਰਾਂ ਦੇ ਸ਼ੁੱਧੀਕਰਨ ਨਾਲ ਜੋ ਖਿਲਵਾੜ ਹੋ ਰਿਹਾ ਹੈ, ਕੀ ਕਾਂਗਰਸ ਉਸਨੂੰ ਚੋਣ ਕਮਿਸ਼ਨ ਅੱਗੇ ਰੋਕਣ 'ਚ ਕਾਮਯਾਬ ਹੋਈ ਹੈ ਜਾਂ ਹੋ ਸਕੇਗੀ? ਭਾਜਪਾ ਚੋਣ ਕਮਿਸ਼ਨ ਰਾਹੀਂ ਆਪਣੇ ਵਿਰੋਧੀਆਂ ਦੀਆਂ ਵੋਟਾਂ ਚੁਣ-ਚੁਣ ਕੇ ਬਿਹਾਰ 'ਚੋਂ ਕਟਵਾ ਰਹੀ ਹੈ, ਤੇ ਕਾਂਗਰਸੀ ਇਸ ਨੂੰ 'ਲੋਕਤੰਤਰ ਦੀ ਹੱਤਿਆ' ਦਾ ਨਾਂਅ ਦੇ ਕੇ 'ਵਿਸ਼ਰਾਮ' 'ਚ ਹਨ।

ਜਿਸ ਢੰਗ ਨਾਲ ਦੇਸ਼ ਉਤੇ ਰਾਜ ਕਰ ਰਹੀ ਦੁਕੜੀ ਆਪਣੇ ਵਿਰੋਧੀਆਂ ਨੂੰ ਇਕੋ ਝਟਕੇ 'ਚ ਹਲਾਲ ਕਰਨਾ ਜਾਣਦੀ ਹੈ, ਉਸਦੀ ਉਦਾਹਰਨ ਦੇਸ਼ ਦੇ ਉਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਦਾ ਕੁਝ ਘੰਟਿਆਂ 'ਚ ਲਿਆ ਜਾਣ ਵਾਲਾ ਅਸਤੀਫ਼ਾ ਹੈ। ਬਿਨਾਂ ਝਿਜਕ, ਬਿਨਾਂ ਕਿਰਕ ਧਨਖੜ ਅਹੁਦੇ ਤੋਂ ਲਾਹ ਦਿੱਤੇ ਗਏ। ਕੀ ਕਾਂਗਰਸ 'ਭਾਜਪਾ' ਤੋਂ ਕਿਸੇ ਰਿਆਇਤ ਦੀ ਉਮੀਦ 'ਤੇ ਬੈਠੀ ਹੈ? ਕੀ ਗਾਂਧੀ ਪਰਿਵਾਰ ਇਸੇ ਗੱਲ 'ਤੇ ਖੁਸ਼ ਹੈ ਕਿ ਕਾਂਗਰਸੀ ਸਰਵੋ-ਸਰਵਾ ਸੋਨੀਆ ਗਾਂਧੀ ਆਪ ਤੇ ਉਸਦੇ ਪੁੱਤ-ਧੀ, ਪਾਰਲੀਮੈਂਟ ਦੇ ਮੈਂਬਰ ਹਨ। ਕੀ ਅੱਗੇ ਉਨ੍ਹਾਂ ਨੂੰ ਕੋਈ ਝਾਕ ਨਹੀਂ ਹੈ?

ਸਵਾਲ ਤਾਂ ਹੁਣ ਇਹ ਉੱਠਦਾ ਹੈ ਕਿ ਉਨ੍ਹਾਂ ਹਾਲਾਤਾਂ ਵਿਚ ਜਦੋਂ ਹਾਕਮ ਦੇਸ਼ ਦੇ ਸੰਵਿਧਾਨ 'ਚੋਂ ਧਰਮ-ਨਿਰਪੱਖ ਅਤੇ ਸਮਾਜਵਾਦੀ ਸ਼ਬਦ ਨੂੰ ਆਰ.ਐੱਸ.ਐੱਸ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਖ਼ਤਮ ਕਰਨ 'ਤੇ ਤੁਲਿਆ ਹੈ, ਤਾਂ ਕੀ ਕਾਂਗਰਸ ਦੇਸ਼ ਦੇ ਲੋਕਾਂ ਲਈ ਦੂਜਾ ਆਜ਼ਾਦੀ ਅੰਦੋਲਨ ਲੜਨ ਲਈ ਅੱਗੇ ਆਏਗੀ? ਕੀ ਉਹ ਇਸਦੇ ਸਮਰੱਥ ਰਹਿ ਗਈ ਹੈ?

ਸਵਾਲ ਤਾਂ ਹੁਣ ਇਹ ਵੀ ਉੱਠਦਾ ਹੈ ਕਿ ਹਾਕਮ ਜਮਾਤਾਂ ਵੱਲੋਂ ਜਦੋਂ ਦੇਸ਼ ਨੂੰ ਨਿੱਜੀਕਰਨ ਵੱਲ ਤੋਰਿਆ ਜਾ ਰਿਹਾ ਹੈ, ਸਾਰੇ ਕੁਦਰਤੀ ਸਾਧਨ ਧਨ ਕੁਬੇਰਾਂ ਹੱਥ ਫੜਾਏ ਜਾ ਰਹੇ ਹਨ, ਦੇਸ਼ ਦੀ ਵਿਦੇਸ਼ ਨੀਤੀ 'ਜੰਗਬਾਜ਼ਾਂ' ਦੇ ਹੱਥ ਹੈ, ਸੁਰੱਖਿਆ ਦੇ ਨਾਂਅ 'ਤੇ ਜੰਗੀ ਬਜਟ ਵਧਾਇਆ ਜਾ ਰਿਹਾ ਹੈ ਅਤੇ ਗਰੀਬ ਪੱਖੀ ਸਕੀਮਾਂ ਤੋੜੀਆਂ-ਮਰੋੜੀਆਂ ਜਾ ਰਹੀਆਂ ਹਨ, ਤਾਂ ਕੀ ਕਾਂਗਰਸ ਇਨ੍ਹਾਂ ਨੀਤੀਆਂ ਵਿਰੁੱਧ ਲਾਮਬੰਦੀ ਕਰੇਗੀ? ਕੀ ਉਹ ਇਸਦੇ ਸਮਰੱਥ ਹੈ?

ਸਵਾਲ ਤਾਂ ਇਹ ਹੈ ਕਿ ਬੇਰੋਕ-ਟੋਕ ਕਾਰਪੋਰੇਟ ਰਾਜ ਅਤੇ ਆਰ.ਐੱਸ.ਐੱਸ. ਦਾ ਹਿੰਦੂ ਰਾਸ਼ਟਰ ਸੁਪਨਾ ਕੀ ਕਾਂਗਰਸ ਪੂਰਾ ਹੋਣ ਤੋਂ ਰੋਕਣ ਲਈ ਦੇਸ਼ ਦੇ ਮੂਲ ਨਿਵਾਸੀਆਂ, ਦਹਿਸ਼ਤ ਦੇ ਕਾਲੇ ਸਾਏ 'ਚ ਜੀਊਂਦੇ ਲੋਕਾਂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਖੜੇਗੀ ਅਤੇ ਕੀ ਕਾਂਗਰਸ ਤਿੰਨ ਫੌਜਦਾਰੀ ਕਾਨੂੰਨਾਂ, ਚਾਰ ਕਿਰਤ ਕੋਡ, ਯੂ.ਏ.ਪੀ.ਏ., ਅਫਸਪਾ, ਪਬਲਿਕ ਸਕਿਉਰਿਟੀ ਐਕਟ ਅਤੇ ਅਜਿਹੇ ਹੋਰ ਕਾਲੇ ਕਾਨੂੰਨਾਂ ਪ੍ਰਤੀ ਲੋਕ ਉਭਾਰ ਪੈਦਾ ਕਰੇਗੀ? ਕੀ ਕਾਂਗਰਸ ਦਾ ਨੇਤਾ, ਕੀ ਕਾਂਗਰਸ ਦਾ ਕਾਡਰ, ਗੋਦੀ ਮੀਡੀਆ ਦੇ ਕੂੜ-ਪ੍ਰਚਾਰ ਦਾ ਭਾਂਡਾ ਭੰਨ ਕੇ ਲੋਕ ਕਚਹਿਰੀ 'ਚ ਅਸਲ ਤੱਥ ਲਿਆਉਣ ਦੇ ਸਮਰੱਥ ਬਣ ਸਕੇਗੀ?

ਲੋਕਾਂ ਦੀ ਛੋਟੀ ਜਿਹੀ ਉਮੀਦ-ਆਸ ਕਾਂਗਰਸ ਪਾਰਟੀ ਤੋਂ ਹੈ। ਉਸ ਕੋਲ ਦੇਸ਼ ਦੀਆਂ ਦੂਜੀਆਂ ਜਮਹੂਰੀ ਧਿਰਾਂ ਨਾਲ ਰਲ ਕੇ ਨਿਰਸਵਾਰਥ ਹੋ ਕੇ ਲੜਨ ਬਿਨਾਂ ਇਹ ਤੈਅ ਕੀਤਿਆਂ ਕਿ ਉਸਨੇ ਪ੍ਰਧਾਨ ਮੰਤਰੀ ਦੀ ਕੁਰਸੀ ਹੀ ਹਥਿਆਉਣੀ ਹੈ, ਇਹ ਮੌਕਾ ਹੈ, ਦੇਸ਼ ਨੂੰ ਡਿਕਟੇਟਰਾਨਾ ਹਾਕਮਾਂ ਤੋਂ ਬਚਾਉਣ ਦਾ।

ਸਿਆਸੀ ਧਿਰ ਕਾਂਗਰਸ, ਜਿਸਨੇ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ, ਦੇਸ਼ ਦੇ ਲੋਕਾਂ 'ਚ ਆਜ਼ਾਦੀ ਦੀ ਅਲਖ ਜਗਾਉਣ ਦਾ ਵੱਡਾ ਕੰਮ ਕੀਤਾ ਸੀ, ਕੀ ਉਹ ਮੁੜ ਆਪਣੀ ਜ਼ਿੰਮੇਵਾਰੀ ਨਿਭਾਏਗੀ? ਕਿਉਂਕਿ ਮੌਜੂਦਾ ਹਾਕਮ ਦੇਸ਼ ਨੂੰ ਕਾਂਗਰਸ ਮੁਕਤ ਤਾਂ ਵੇਖਣਾ ਹੀ ਚਾਹੁੰਦੀ ਹੈ ਪਰ ਨਾਲ-ਨਾਲ ਉਹ ਉਨ੍ਹਾਂ ਆਜ਼ਾਦੀ ਸੰਗਰਾਮੀਆਂ ਦੇ ਸੰਘਰਸ਼ ਅਤੇ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਦਫ਼ਨ ਕਰਕੇ ਨਵੀਂ ਪੀੜ੍ਹੀ 'ਚ, ਪੁਸਤਕਾਂ, ਮੀਡੀਆ ਰਾਹੀਂ, ਉਨ੍ਹਾਂ ਅਕ੍ਰਿਤਘਣ ਲੋਕਾਂ ਨੂੰ ਅੱਗੇ ਕਰ ਕੇ 'ਦੇਸ਼ ਭਗਤ' ਗਰਦਾਨਣ ਦੇ ਰਾਹ ਹੈ, ਜਿਹੜੇ ਸਮੇਂ-ਸਮੇਂ ਦੇਸ਼ ਦੇ ਗੱਦਾਰਾਂ ਦੀ ਲਿਸਟ 'ਚ ਸ਼ਾਮਲ ਰਹੇ ਹਨ।

ਕਾਂਗਰਸ ਦੀ ਲੀਡਰਸ਼ਿਪ ਲਈ ਇਹ ਸਮਝਣ ਦਾ ਸਮਾਂ ਹੈ ਕਿ ਕੀ ਪਰਿਵਾਰ ਪ੍ਰਸਤੀ ਨਾਲੋਂ ਦੇਸ਼ ਪ੍ਰਸਤੀ, ਜ਼ਰੂਰੀ ਹੈ।

# ‘ਲੈਂਡ ਪੂਲਿੰਗ ਨੀਤੀ’ ਦਾ ਵਧ ਰਿਹਾ ਵਿਰੋਧ

*ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਕਿਸਾਨਾਂ ਨੂੰ ਕਾਇਲ ਕਰਨ ’ਚ ਕਾਮਯਾਬ ਹੁੰਦੀ ਨਜ਼ਰ ਨਹੀਂ ਆ ਰਹੀ। ਅਰਥ-ਸ਼ਾਸਤਰੀ, ਕਿਸਾਨ ਜਥੇਬੰਦੀਆਂ ਅਤੇ ਹੋਰ ਜਾਗਰੂਕ ਹਿੱਸੇ ਵੀ ਇਸ ਨੀਤੀ ਉੱਪਰ ਤਿੱਖੇ ਸਵਾਲ ਉਠਾ ਰਹੇ ਹਨ। ਕੀ ਇਸ ਨੀਤੀ ਵਿਚ ਵਿਕਾਸ ਵਰਗਾ ਕੁਝ ਹੈ, ਜਿਸਦੇ ਦਾਅਵੇ ਕੀਤੇ ਜਾ ਰਹੇ ਹਨ, ਜਾਂ ਇਹ ਨਵੇਂ ਸੰਕਟਾਂ ਨੂੰ ਜਨਮ ਦੇਵੇਗੀ? ਇਨ੍ਹਾਂ ਮਹੱਤਵਪੂਰਨ ਨੁਕਤਿਆਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ॥*

**ਬੂਟਾ ਸਿੰਘ ਮਹਿਮੂਦਪੁਰ**

ਜਿਉਂ-ਜਿਉਂ ਭਗਵੰਤ ਮਾਨ ਸਰਕਾਰ ਕਿਸਾਨਾਂ ਨੂੰ ਭਰਮਾਉਣ ਲਈ ‘ਲੈਂਡ ਪੂਲਿੰਗ ਨੀਤੀ’ ਵਿਚ ਨਵੀਂਆਂ-ਨਵੀਂਆਂ ਸੋਧਾਂ ਕਰ ਰਹੀ ਹੈ, ਓਨਾ ਹੀ ਇਹ ਨੀਤੀ ਹੋਰ ਜ਼ਿਆਦਾ ਵਿਵਾਦਾਂ ’ਚ ਘਿਰਦੀ ਜਾਂਦੀ ਹੈ। ਗ਼ਲਤ ਨੀਤੀ ਨੂੰ ਵਾਪਸ ਲੈਣ ਦੀ ਬਜਾਏ ‘ਆਮ ਆਦਮੀ’ ਦੇ ਭੇਸ ਵਿਚ ਇਹ ਰਾਜਨੀਤਕ ਠੱਗ ਵੀ ਮੋਦੀ ਵਜ਼ਾਰਤ ਦੀ ਤਰਜ਼ ’ਤੇ ਇਸ ਨੂੰ ਲੋਕ-ਹਿਤੈਸ਼ੀ ਸਿੱਧ ਕਰਨ ਲਈ ਨਵੀਂਆਂ-ਨਵੀਂਆਂ ਦਲੀਲਾਂ ਨਾਲ ਸ਼ਿੰਗਾਰ ਕੇ ਪੇਸ਼ ਕਰ ਰਹੇ ਹਨ। ਜਦੋਂ ਨੀਤੀ ਕਿਸੇ ਖ਼ਾਸ ਪਰਤ ਦੇ ਵਪਾਰਕ ਲੋਟੂ ਹਿਤ ਅਤੇ ਗੁੱਝੇ ਮਕਸਦ ਲਈ ਬਣਾਈ ਗਈ ਹੋਵੇ, ਓਦੋਂ ਇੰਝ ਹੀ ਵਾਪਰਦਾ ਹੈ ਅਤੇ ਹੁਕਮਰਾਨ ਧਿਰ ਕੋਲ ਆਪਣੀ ਲੋਕ ਵਿਰੋਧੀ ਨੀਤੀ ਨੂੰ ਜਚਣਹਾਰ ਬਣਾਉਣ ਲਈ ਨਵੀਂਆਂ-ਨਵੀਂਆਂ ਲੁਭਾਉਣੀਆਂ ਝੂਠੀਆਂ ਦਲੀਲਾਂ ਪੇਸ਼ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ਹੁੰਦਾ।

ਪ੍ਰਭਾਵਿਤ ਹੋਣ ਵਾਲੇ ਕਿਸਾਨ ਇਸ ਨੀਤੀ ਦਾ ਤਿੱਖਾ ਵਿਰੋਧ ਕਰ ਰਹੇ ਹਨ। ਸਰਕਾਰ ਉਨ੍ਹਾਂ ਦੇ ਵਿਰੋਧ ਦੀ ਧਾਰ ਖੁੰਢੀ ਕਰਨ ਲਈ ਇਹ ਪ੍ਰਚਾਰ ਕਰ ਰਹੀ ਹੈ ਕਿ ਅਸੀਂ ਤਾਂ ਪਹਿਲੀਆਂ ਸਰਕਾਰਾਂ ਦੀ ਨੀਤੀ ਨੂੰ ਹੀ ‘ਲਾਹੇਵੰਦ’ ਬਣਾ ਕੇ ਪੇਸ਼ ਕਰ ਰਹੇ ਹਾਂ, ਵਿਰੋਧੀ-ਧਿਰ ਤਾਂ ਰਾਜਨੀਤਕ ਲਾਹਾ ਲੈਣ ਲਈ ਇਸ ਮੁੱਦੇ ਨੂੰ ਤੂਲ ਦੇ ਰਹੀ ਹੈ। ਵੋਟ ਸਿਆਸਤ ਵਿਚ ਹਰ ਵਿਰੋਧੀ-ਧਿਰ ਨੇ ਰਾਜਨੀਤਕ ਲਾਹਾ ਲੈਣ ਲਈ ਇਸੇ ਤਰ੍ਹਾਂ ਕਰਨਾ ਹੁੰਦਾ ਹੈ, ਇਸ ਵਿਚ ਹੈਰਾਨੀਜਨਕ ਕੀ ਹੈ! ਸਵਾਲ ਤਾਂ ਇਹ ਹੈ ਕਿ ਪਹਿਲੀਆਂ ਸਰਕਾਰਾਂ ਦੀ ਆਮ ਲੋਕਾਈ ਦੇ ਸਰੋਕਾਰਾਂ ਤੇ ਹਿਤਾਂ ਨੂੰ ਦਰਕਿਨਾਰ ਕਰਕੇ ਬਣਾਈ ਸ਼ਹਿਰੀਕਰਨ ਦੀ ਨੀਤੀ ਨੂੰ ਰੱਦ ਕਰਨ ਦੀ ਬਜਾਏ ਤੁਸੀਂ ਜਾਰੀ ਕਿਉਂ ਰੱਖਣਾ ਚਾਹੁੰਦੇ ਹੋ? ਸ਼ਹਿਰੀਕਰਨ ਦੇ ਪਸਾਰੇ ਲਈ ਤੁਹਾਡੀ ਇਸ ਨੀਤੀ ਦਾ ਆਧਾਰ ਕਿਹੜਾ ਅਧਿਐਨ ਅਤੇ ਕਿਹੜੇ ਮਾਹਰਾਂ ਦੀਆਂ ਸਿਫ਼ਾਰਸ਼ਾਂ ਹਨ? ਤੁਸੀਂ ਕਿਹੜਾ ਸਰਵੇ ਕਰਾਇਆ, ਜਿਸ ਤੋਂ ਇਹ ਪਤਾ ਲੱਗਿਆ ਕਿ ਸਮਾਜ ਦੇ ਫਲਾਣੇ ਹਿੱਸੇ ਦੀ ਘਰਾਂ ਦੀ ਲੋੜ ਪੂਰਤੀ ਲਈ ਫਲਾਣੇ ਸ਼ਹਿਰ ਨੂੰ ਫਲਾਣੇ ਪਾਸੇ ਵੱਲ ਉਪਜਾਊ ਜ਼ਮੀਨਾਂ ਦੀ ਬਲੀ ਦੇ ਕੇ ਵਧਾਉਣਾ ਜ਼ਰੂਰੀ ਹੈ?

2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਪਹਿਲਾਂ ਹੀ ਭਾਰਤ ਦਾ ਛੇਵਾਂ ਸਭ ਤੋਂ ਵੱਧ ਸ਼ਹਿਰੀਕਰਨ ਹੋ ਚੁੱਕਾ ਰਾਜ ਹੈ। ਜਿੱਥੇ ਪਹਿਲਾਂ ਹੀ ਮੁਲਕ ਦੇ ਔਸਤ ਸ਼ਹਿਰੀਕਰਨ (31%) ਨਾਲੋਂ ਵੱਧ ਸ਼ਹਿਰੀਕਰਨ (37.48%) ਹੋ ਚੁੱਕਾ ਹੈ, ਉੱਥੇ ਸ਼ਹਿਰੀਕਰਨ ਨੂੰ ਹੋਰ ਵਧਾਉਣ ਦੀ ਕੀ ਵਾਜਬੀਅਤ ਹੈ। ਕੋਰੋਨਾ ਮਹਾਮਾਰੀ ਨੇ ਵੀ ਪ੍ਰਤੱਖ ਦਿਖਾ ਦਿੱਤਾ ਸੀ ਕਿ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੀ ਘੱਟ ਸਹੂਲਤਾਂ ਵਾਲੀ ਜ਼ਿੰਦਗੀ ਕਿੰਨੀ ਸੁਰੱਖਿਅਤ ਹੈ ਅਤੇ ਉੱਥੇ ਰੋਜ਼ਗਾਰ ਦੇ ਮੌਕੇ ਤੇ ਆਧੁਨਿਕ ਸਹੂਲਤਾਂ ਵਧਾਉਣ ਦੀ ਠੋਸ ਨੀਤੀ ਲੈ ਕੇ ਗ਼ੈਰਜ਼ਰੂਰੀ ਸ਼ਹਿਰੀਕਰਨ ਦੇ ਰੁਝਾਨ ਨੂੰ ਨਿਰਉਤਸ਼ਾਹਤ ਕੀਤਾ ਜਾ ਸਕਦਾ ਹੈ। ਦੂਜੇ ਪਾਸੇ, ਰੀਅਲ ਅਸਟੇਟ ਕਾਰੋਬਾਰੀਆਂ ਵੱਲੋਂ ਧਨ ਅਤੇ ਰਾਜਨੀਤਕ ਰਸੂਖ਼ ਦੇ ਜ਼ੋਰ ਕੀਤਾ ਜਾ ਰਿਹਾ ਬੇਤਹਾਸ਼ਾ ਸ਼ਹਿਰੀਕਰਨ ਸਮਾਜ ਲਈ ਪਹਿਲਾਂ ਹੀ ਵੱਡੇ ਸੰਕਟ ਪੈਦਾ ਕਰ ਰਿਹਾ ਹੈ, ਜਿਨ੍ਹਾਂ ਦਾ ਸਰਕਾਰਾਂ ਕੋਲ ਕੋਈ ਹੱਲ ਨਹੀਂ ਹੈ। ਸ਼ਹਿਰਾਂ ਦੀਆਂ ਬੁਰੀ ਤਰ੍ਹਾਂ ਟੁੱਟੀਆਂ ਸੜਕਾਂ, ਸੀਵਰ ਪ੍ਰਬੰਧ ਦੇ ਮਾੜੇ ਹਾਲ, ਕੂੜੇ ਅਤੇ ਗੰਦਗੀ ਦੀ ਸਮੱਸਿਆ, ਸਾਹ ਲੈਣ ਦੇ ਨਾਕਾਬਲ ਦੂਸ਼ਿਤ ਪੌਣ-ਪਾਣੀ, ਪੀਣ ਵਾਲੇ ਪਾਣੀ ਦੀ ਸਮੱਸਿਆ ਆਦਿ ਸ਼ਹਿਰੀਕਰਨ ਨਾਲ ਹੋਏ ‘ਵਿਕਾਸ’ ਦੀ ਮੂੰਹ ਬੋਲਦੀ ਤਸਵੀਰ ਹਨ। ਪਹਿਲਾਂ ਹੋ ਚੁੱਕੇ ਸ਼ਹਿਰੀਕਰਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹੀ ਯੋਜਨਾਬੰਦੀ ਕਰਨ ਅਤੇ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਜਟ ਮੁਹੱਈਆ ਕਰਨ ਦੀ ਬਜਾਏ ਸ਼ਹਿਰੀਕਰਨ ਦਾ ਪਸਾਰਾ ਸਮੱਸਿਆਵਾਂ ਨੂੰ ਹੋਰ ਵਧਾਉਣ ਦੀ ਨੀਤੀ ਤੋਂ ਸਿਵਾਏ ਕੁਝ ਨਹੀਂ ਹੈ।

ਪੰਜਾਬ ਵਿਚ ਜ਼ਮੀਨ ਦਾ ਖੇਤੀਬਾੜੀ ਹੇਠਲਾ ਰਕਬਾ ਲਗਾਤਾਰ ਘਟ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਸਰਮਾਏ ਦੇ ਕਾਰੋਬਾਰੀ ਹਿਤਾਂ ਲਈ ਉਪਜਾਊ ਜ਼ਮੀਨਾਂ ਉੱਪਰ ਬਣਾਏ ਜਾ ਰਹੇ ‘ਭਾਰਤ ਮਾਲਾ’ ਵਰਗੇ ਐਕਸਪ੍ਰੈੱਸ ਹਾਈਵੇਅ ਪ੍ਰੋਜੈਕਟ ਪਹਿਲਾਂ ਹੀ ਅਜਿਹੀ ਦਹਿ-ਹਜ਼ਾਰਾਂ ਏਕੜ ਜ਼ਮੀਨ ਕਬਜ਼ਾ ਕੇ ਉਪਜਾਊ ਜ਼ਮੀਨ ਦਾ ਰਕਬਾ ਘਟਾ ਰਹੇ ਹਨ। ਭਵਿੱਖ ਵਿਚ ਇਸਦਾ ਗੰਭੀਰ ਅਸਰ ਖੇਤੀਬਾੜੀ ਪੈਦਾਵਾਰ ਅਤੇ ਵਸੋਂ ਦੀ ਭੋਜਨ ਸੁਰੱਖਿਆ ਉੱਪਰ ਪੈਣਾ ਹੈ। ਖੇਤੀਬਾੜੀ ਹੇਠਲੇ ਮੌਜੂਦਾ ਰਕਬੇ ਨੂੰ ਬਚਾਉਣ ਦੇ ਨਜ਼ਰੀਏ ਨਾਲ ਲੋੜਵੰਦ ਸ਼ਹਿਰੀ ਵਸੋਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕੋਈ ਤਰਕਪੂਰਨ ਨੀਤੀ ਬਣਾਉਣ ਦੀ ਬਜਾਏ ਸ਼ਹਿਰੀਕਰਨ ਦੀ ਉਪਰੋਕਤ ਤਰਕਹੀਣ ਨੀਤੀ ਨੌਕਰਸ਼ਾਹ ਦਿਮਾਗਾਂ ਦੀ ਕਾਢ ਹੈ। ਜਿਸਦੇ ਪਿੱਛੇ ਲਾਜ਼ਮੀ ਤੌਰ ’ਤੇ ਪਿੰਡਾਂ ਦੀ ਕੀਮਤ ’ਤੇ ਖ਼ਾਸ ਹਿਤਾਂ ਨੂੰ ਲਾਭ ਪਹੁੰਚਾਉਣ ਦਾ ਲੋਕ ਵਿਰੋਧੀ ਮਕਸਦ ਕੰਮ ਕਰਦਾ ਹੈ ਜਿਸ ਨੂੰ ਪੁੱਡਾ (ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ) ਦੇ ਨਾਂ ਹੇਠ ਅੰਜਾਮ ਦਿੱਤਾ ਜਾਣਾ ਹੈ।

ਬਹੁਤ ਸਾਰੇ ਸ਼ਹਿਰਾਂ ਵਿਚ ਪਹਿਲਾਂ ਹੀ ਬਿਲਡਰਾਂ ਅਤੇ ਰੀਅਲ ਐਸਟੇਟ ਮਾਫ਼ੀਆ ਨੇ ਖੇਤੀ ਵਾਲਾ ਉਪਜਾਊ ਰਕਬਾ ਸ਼ਹਿਰੀਕਰਨ ਹੇਠ ਲਿਆ ਕੇ ਕਲੋਨੀਆਂ ਅਤੇ ਪਲਾਟ ਕੱਟੇ ਹੋਏ ਹਨ ਜੋ ਖਾਲੀ ਪਏ ਹਨ। ਵੱਖ-ਵੱਖ ਕਾਰਨਾਂ ਕਰਕੇ ਅਜਿਹੀ ਜ਼ਮੀਨ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਲਿਆਂਦੀ ਜਾ ਰਹੀ। ਜ਼ਮੀਨ ਦੇ ਉਸ ਰਕਬੇ ਨੂੰ ਵਰਤੋਂ ’ਚ ਲਿਆਉਣ, ਅਣਅਧਿਕਾਰਕ ਕਾਲੋਨੀਆਂ ਕੱਟਣ ਵਾਲੇ ਮਾਫ਼ੀਆ ਨੂੰ ਨੱਥ ਪਾ ਕੇ ਜ਼ਮੀਨਾਂ ਦੀ ਹੋਰ ਦੁਰਵਰਤੋਂ ਨੂੰ ਰੋਕਣ ਨੂੰ ਤਰਜ਼ੀਹ ਦੇਣੀ ਬਣਦੀ ਸੀ। ਪਰ ਸਰਕਾਰ ਨੇ ਸਗੋਂ ਹੋਰ ਜ਼ਮੀਨਾਂ ਐਕਵਾਇਰ ਕਰਨ ਦੀ ਵਿਨਾਸ਼ਕਾਰੀ ਨੀਤੀ ਥੋਪਣੀ ਸ਼ੁਰੂ ਕਰ ਦਿੱਤੀ ਹੈ।

ਇਸ ਸਰਕਾਰ ਦਾ ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਸ਼ਹਿਰੀਕਰਨ ਦੀ ਪਾਰਦਰਸ਼ੀ ਅਤੇ ਲੋਕ ਹਿਤੈਸ਼ੀ ਨੀਤੀ ਦਾ ਦਾਅਵਾ ਪੂਰੀ ਤਰ੍ਹਾਂ ਖੋਖਲਾ ਅਤੇ ਝੂਠਾ ਹੈ। ਹਕੀਕਤ ਇਹ ਹੈ ਕਿ ਇਹ ਨੀਤੀ ‘ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬਾ ਵਿਚ ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013’ ਨੂੰ ਲਾਂਭੇ ਕਰਕੇ ਜ਼ਮੀਨ ਹਥਿਆਉਣ ਲਈ ਹੈ। ਉਸ ਐਕਟ ਵਿਚ ਜੋ ਸਮਾਜ ਦੇ ਵੱਖ-ਵੱਖ ਹਿੱਸਿਆਂ ਉੱਪਰ ਪੈਣ ਵਾਲੇ ਅਸਰਾਂ ਦਾ ਅੰਦਾਜ਼ਾ ਲਾਉਣ ਦੀ ਬਾਕਾਇਦਾ ਪ੍ਰਕਿਰਿਆ, ਘੱਟੋਘੱਟ 70% ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਲੈਣ, ਯੋਗ ਮੁਆਵਜ਼ੇ, ਮੁੜ-ਵਸੇਬੇ ਆਦਿ ਦੀ ਕੁਝ ਨਾ ਕੁਝ ਗਾਰੰਟੀ ਹੈ, ਇਹ ਨੀਤੀ ਇਸ ਐਕਟ ਦੀ ਕਾਨੂੰਨੀ ਵਿਵਸਥਾ ਨੂੰ ਵੀ ਲਾਗੂ ਨਹੀਂ ਕਰਦੀ। ਫਿਰ ਇਸ ਵਿਚ ਪਾਰਦਰਸ਼ਤਾ ਕਿੱਥੇ ਹੈ?

ਕਿਸਾਨਾਂ ਕੋਲ ਸਿਰਫ਼ ਖੇਤੀ ਕਰਨ ਦਾ ਹੁਨਰ ਅਤੇ ਤਜਰਬਾ ਹੈ। ਸਰਕਾਰ ਜੋ ਵਪਾਰਕ ਪਲਾਟਾਂ ਦੀ ਪੇਸ਼ਕਸ਼ ਕਰ ਰਹੀ ਹੈ, ਉਸ ਉੱਪਰ ਕਿਸਾਨ ਕਿਸ ਹੁਨਰ ਅਤੇ ਤਜਰਬੇ ਨਾਲ, ਅਤੇ ਕਿਹੜਾ ਨਵਾਂ ਕਾਰੋਬਾਰ ਸ਼ੁਰੂ ਕਰਨਗੇ। ਇਹ ਨਵੇਂ ਕਾਰੋਬਾਰ ਉੱਥੇ ਹੀ ਖੋਲ੍ਹੇ ਜਾਣਗੇ, ਜਿੱਥੇ ਸਰਕਾਰਾਂ ਦੀਆਂ ਵੱਡੇ ਅਜਾਰੇਦਾਰ ਸਰਮਾਏ ਪੱਖੀ ਨੀਤੀਆਂ ਕਾਰਨ ਛੋਟੇ ਤੇ ਦਰਮਿਆਨੇ ਕਾਰੋਬਾਰ ਪਹਿਲਾਂ ਹੀ ਵੱਡੇ ਸੰਕਟ ਦੀ ਲਪੇਟ ’ਚ ਆ ਚੁੱਕੇ ਹਨ। ਜਦੋਂ ਵੱਡੇ-ਵੱਡੇ ਮਾਲ ਤੇ ਐਮਾਜ਼ੋਨ ਵਰਗੇ ਅਜਾਰੇਦਾਰ ਕਾਰੋਬਾਰ ਆਨ-ਲਾਈਨ ਹੋਮ ਡਿਲੀਵਰੀ ਰਾਹੀਂ ਛੋਟੇ ਦੁਕਾਨਦਾਰਾਂ ਦੀ ਮਾਰਕੀਟ ਤੇਜ਼ੀ ਨਾਲ ਹੜੱਪ ਰਹੇ ਹਨ, ਉੱਥੇ ਜ਼ਮੀਨ ਬਦਲੇ ਵਪਾਰਕ ਪਲਾਟ ਲੈਣ ਵਾਲੀ ਕਿਸਾਨੀ ਦੇ ਹਨੇਰੇ ਭਵਿੱਖ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਜਦੋਂ ਸ਼ਹਿਰੀਕਰਨ ਦੇ ਵਧਾਰੇ-ਪਸਾਰੇ ਨਾਲ ਪਿੰਡ ਖ਼ਤਮ ਹੁੰਦਾ ਹੈ ਤਾਂ ਕਿਸਾਨਾਂ ਤੋਂ ਬਿਨਾਂ ਹੋਰ ਕਈ ਸਮਾਜਿਕ ਹਿੱਸੇ ਵੀ ਉੱਜੜਦੇ ਤੇ ਬਰਬਾਦ ਹੁੰਦੇ ਹਨ। ਪੰਜਾਬ ਵਿਚ ਬੇਰੁਜ਼ਗਾਰੀ ਪਹਿਲਾਂ ਹੀ ਬਹੁਤ ਵੱਡੀ ਸਮੱਸਿਆ ਹੈ। ਪਿੰਡ ਉੱਜੜਣ ਨਾਲ ਸਵੈ ਕਿੱਤੇ ਰਾਹੀਂ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਗੁਜ਼ਾਰਾ ਕਰਨ ਵਾਲੇ ਇਨ੍ਹਾਂ ਸਾਰੇ ਲੋਕਾਂ ਦੇ ਰੋਜ਼ਗਾਰ ਦੇ ਵਸੀਲੇ ਖ਼ਤਮ ਹੋ ਜਾਂਦੇ ਹਨ। ਸ਼ਹਿਰੀਕਰਨ ਵੱਲੋਂ ਨਿਗਲ ਲਏ ਸੈਂਕੜੇ ਪਿੰਡ ਇਸ ਦੇ ਗਵਾਹ ਹਨ। ਸਰਕਾਰ ਕਿਸਾਨਾਂ ਨੂੰ ਤਾਂ ਜ਼ਮੀਨਾਂ ਬਦਲੇ ਰਿਹਾਇਸ਼ੀ ਤੇ ਵਪਾਰਕ ਪਲਾਟਾਂ ਤੇ ਮੁਆਵਜ਼ੇ ਦੀ ਪੇਸ਼ਕਸ਼ ਕਰ ਰਹੀ ਹੈ ਪਰ ਬੇਜ਼ਮੀਨੇ ਹਿੱਸਿਆਂ ਲਈ ਇਸ ਨੀਤੀ ਵਿਚ ਕੋਈ ਜਗ੍ਹਾ ਨਹੀਂ ਹੈ। ਨਾ ਇਸ ਕੋਲ ਉਨ੍ਹਾਂ ਲਈ ਬਦਲਵੇਂ ਰੋਜ਼ਗਾਰ ਦੀ ਕੋਈ ਯੋਜਨਾ ਹੈ। ਉਨ੍ਹਾਂ ਦਾ ਕੀ ਬਣੇਗਾ?

ਜੇਕਰ ਸਰਕਾਰ ਦੀ ਇਹ ਨੀਤੀ ਪਾਰਦਰਸ਼ੀ ਅਤੇ ਲੋਕ ਹਿਤੈਸ਼ੀ ਹੈ ਤਾਂ ਫਿਰ ਇਹ ਵਾਰ-ਵਾਰ ਬਦਲੀ ਕਿਉਂ ਜਾ ਰਹੀ ਹੈ? ਪਿੰਡਾਂ ਦੀ ਗਿਣਤੀ ਵੀ ਹੁਣ 156 ਤੋਂ ਵਧ ਕੇ 164 ਦੱਸੀ ਜਾਣ ਲੱਗੀ ਹੈ, ਜਿਨ੍ਹਾਂ ਦੀ ਜ਼ਮੀਨ ਲੈਂਡ ਪੂਲਿੰਗ ਹੇਠ ਲਿਆਂਦੀ ਜਾਣੀ ਹੈ। ਪਹਿਲਾਂ ਜ਼ਮੀਨ ‘ਵਿਕਸਿਤ ਹੋਣ ਤੱਕ’ ਜ਼ਮੀਨ ਮਾਲਕ ਨੂੰ ਪ੍ਰਤੀ ਏਕੜ ਬਦਲੇ ਇਕ ਹਜ਼ਾਰ ਵਰਗ ਰਿਹਾਇਸ਼ੀ ਪਲਾਟ ਅਤੇ 200 ਵਰਗ ਵਪਾਰਕ ਪਲਾਟ ਦੇ ਨਾਲ 30000 ਰੁਪਏ ਗੁਜ਼ਾਰਾ ਭੱਤਾ ਦੇਣ ਦੀ ਪੇਸ਼ਕਸ਼ ਕੀਤੀ ਗਈ। ਵਿਰੋਧ ਦੇ ਮੱਦੇਨਜ਼ਰ ਇਹ ਰਕਮ ਵਧਾ ਕੇ 50000 ਅਤੇ ਹੁਣ 1 ਲੱਖ ਰੁਪਏ ਕਰ ਦਿੱਤੀ ਗਈ ਹੈ। ਸਵਾਲ ਇਹ ਹੈ ਕਿ ਇਹ ਰਕਮ ਕਿਸ ਆਧਾਰ ’ਤੇ ਤੈਅ ਕੀਤੀ ਜਾ ਰਹੀ ਹੈ? ਤੀਹ ਹਜ਼ਾਰ ਵੀ ਵਾਜਬ ਅਤੇ ਇਕ ਲੱਖ ਵੀ ਵਾਜਬ! ਇਹ ਦਲੀਲ ਹੋਰ ਵੀ ਹਾਸੋ-ਹੀਣੀ ਹੈ ਕਿ ਪਹਿਲੀਆਂ ਸਰਕਾਰਾਂ ਵੱਲੋਂ ਇਹ ਰਕਮ 20000 ਰੁਪਏ ਦਿੱਤੀ ਜਾਣੀ ਸੀ, ਸਾਡੀ ਸਰਕਾਰ ਤਾਂ ਪੰਜ ਗੁਣਾ ਦੇ ਰਹੀ ਹੈ! ਕਿਸਾਨਾਂ ਨੂੰ ਵੱਡੇ ਮੁਨਾਫ਼ੇ ਕਮਾਉਣ ਦੇ ਲਾਲਚ ਦਿੱਤੇ ਜਾ ਰਹੇ ਹਨ ਅਤੇ ਸ਼ਹਿਰੀ ਲੋਕਾਂ ਨੂੰ ਸਸਤੇ ਘਰ ਮੁਹੱਈਆ ਕਰਨ ਦੇ ਲਾਰੇ ਲਾਏ ਜਾ ਰਹੇ ਹਨ। ਲੁਧਿਆਣਾ ਵਿਚ ਅਰਬਨ ਅਸਟੇਟ ਬਣਾਉਣ ਲਈ 32 ਪਿੰਡਾਂ ਦੀ ਪੂਲ ਕੀਤੀ ਜਾਣ ਵਾਲੀ 24322 ਏਕੜ ਜ਼ਮੀਨ ਸਮੇਤ 19 ਸ਼ਹਿਰਾਂ ਵਿਚ ਅਰਬਨ ਅਸਟੇਟ ਬਣਾਉਣ ਅਤੇ ਮੁਹਾਲੀ ਦੇ ਸੈਕਟਰਾਂ ਨੂੰ ਵਧਾਉਣ ਸਮੇਤ ਪੂਰੇ ਪੰਜਾਬ ਵਿਚ 164 ਪਿੰਡਾਂ ਦੀ 65533 ਏਕੜ ਜ਼ਮੀਨ ਐਕਵਾਇਰ ਕਰਨ ਦੀ ਯੋਜਨਾ ਨੂੰ ਲਾਗੂ ਕਰਨ ਲਈ ਧਨ ਦੇ ਉਪਰੋਕਤ ਪਾੜੇ ਨੂੰ ਪੂਰਨ ਲਈ ਪੈਸਾ ਕਿੱਥੋਂ ਆਵੇਗਾ? ਮਾਹਰਾਂ ਅਨੁਸਾਰ ਪੰਜਾਬ ਸਿਰ ਕਰਜ਼ੇ ਦੇ ਪਹਿਲਾਂ ਹੀ ਵਿਤੀ ਸਾਲ 2025-26 ਵਿਚ ਘੱਟੋ-ਘੱਟ 4 ਲੱਖ ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ‘ਲੈਂਡ ਪੂਲਿੰਗ ਨੀਤੀ’ ਲਈ ਕੀਤਾ ਜਾਣ ਵਾਲਾ ਉਪਰੋਕਤ ਖ਼ਰਚ ਇਸ ਕਰਜ਼ੇ ਦੀ ਪੰਡ ਨੂੰ ਹੋਰ ਵਧਾਏਗਾ।

ਕਿਸਾਨਾਂ ਦੀ ਸਹਿਮਤੀ ਲਈ ਜਾ ਰਹੀ ਹੈ ਜਾਂ ਨਹੀਂ, ਗੁਜ਼ਾਰਾ ਭੱਤਾ ਕਿੰਨਾ ਦਿੱਤਾ ਜਾ ਰਿਹਾ ਹੈ, ਜ਼ਮੀਨ ਵਿਕਸਤ ਹੋਣ ’ਤੇ ਜ਼ਮੀਨ ਮਾਲਕ ਨੂੰ ਕੀ-ਕੀ ਲਾਭ ਦਿੱਤੇ ਜਾਣਗੇ, ਜ਼ਮੀਨ ਐਕਵਾਇਰ ਕਰਨ ਸਮੇਂ ਇਹ ਸਾਰੇ ਪੱਖ ਮਹੱਤਵਪੂਰਨ ਹਨ। ਪਰ ਸਭ ਤੋਂ ਮਹੱਤਵਪੂਰਨ ਤਾਂ ਇਹ ਹੈ ਕਿ ਪੈਸਾ ਖ਼ਰਚਣ ਦੇ ਸਮਰੱਥ ਧਨਾਢ ਹਿੱਸਿਆਂ ਅਤੇ ਵਪਾਰਕ ਮੁਨਾਫ਼ਿਆਂ ਨੂੰ ਮੁੱਖ ਰੱਖ ਕੇ ਲਿਆਂਦਾ ਜਾ ਰਿਹਾ ਇਹ ਮਾਡਲ, ਕੀ ਇਹ ਸੱਚੀਂ-ਮੁੱਚੀਂ ਸਾਡੇ ਸਮਾਜ ਨੂੰ ਵਿਕਾਸ ਦੇ ਰਾਹ ’ਤੇ ਲਿਜਾ ਰਿਹਾ ਹੈ? ਇਹ ਦਰਅਸਲ ਵਿਨਾਸ਼ਕਾਰੀ ‘ਵਿਕਾਸ’ ਮਾਡਲ ਹੈ, ਜੋ ਉਪਜਾਊ ਜ਼ਮੀਨਾਂ ਨੂੰ ਮੁਨਾਫ਼ਾਖ਼ੋਰ ਗ਼ੈਰ-ਉਪਜਾਊ ਵਪਾਰਕ ਸਰਮਾਏ ਦੇ ਮੁਨਾਫ਼ਿਆਂ ਦਾ ਸਾਧਨ ਬਣਾਉਂਦਾ ਹੈ ਅਤੇ ਸਵੈ-ਰੋਜ਼ਗਾਰ ਦੇ ਵਸੀਲੇ ਖੋਂਹਦਾ ਹੈ। ਇਹ ਸਾਫ਼ ਪੌਣ-ਪਾਣੀ ਦਾ ਨਾਸ਼ ਮਾਰ ਕੇ ਸਮਾਜ ਨੂੰ ਹੋਰ ਜ਼ਿਆਦਾ ਸੰਕਟ ਵੱਲ ਧੱਕ ਰਿਹਾ ਹੈ ਜੋ ਪਹਿਲਾਂ ਹੀ ਪ੍ਰਦੂਸ਼ਣ ਅਤੇ ਖ਼ਤਰਨਾਕ ਬੀਮਾਰੀਆਂ ਨਾਲ ਜੂਝ ਰਹੇ ਹਨ। ਹਾਕਮ ਜਮਾਤ ਨੂੰ ਵਿਕਰਾਲ ਰੂਪ ਧਾਰ ਰਹੇ ਮਨੁੱਖੀ ਅਤੇ ਵਾਤਾਵਰਣੀ ਸੰਕਟਾਂ ਨਾਲ ਕੋਈ ਸਰੋਕਾਰ ਨਹੀਂ ਹੈ।

ਕਿਸਾਨ, ਮਜ਼ਦੂਰ ਅਤੇ ਹੋਰ ਤਬਕੇ ਆਪਣੀਆਂ ਜਿਨ੍ਹਾਂ ਮੰਗਾਂ ਨੂੰ ਮੰਨਵਾਉਣ ਤੇ ਮਸਲੇ ਹੱਲ ਕਰਨ ਲਈ ਸਰਕਾਰ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਉੱਪਰ ਸਰਕਾਰ ਗੱਲ ਕਰਨ ਤੋਂ ਵੀ ਟਾਲਾ ਵੱਟ ਰਹੀ ਹੈ ਅਤੇ ਜੋ ਨੀਤੀਆਂ ਸਰਕਾਰ ਪੇਸ਼ ਕਰ ਰਹੀ ਹੈ, ਉਹ ਲੋਕਾਂ ਨੂੰ ਮਨਜ਼ੂਰ ਨਹੀਂ। ਪੰਜਾਬ ਦੇ ਲੋਕਾਂ ਨਾਲ ਇਸ ਤੋਂ ਵੱਡਾ ਕੁਹਜਾ ਮਜ਼ਾਕ ਕੀ ਹੋ ਸਕਦਾ ਹੈ ਜਿਨ੍ਹਾਂ ਨੇ ਪਹਿਲੀਆਂ ਸਰਕਾਰਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਇਸ ਪਾਰਟੀ ਨੂੰ ਸੱਤਾ ਸੌਂਪੀ। ‘ਉਸਾਰੂ ਖੇਤੀ ਨੀਤੀ’ ਬਣਾਉਣਾ ਇਸ ਪਾਰਟੀ ਦੇ ਮੁੱਖ ਚੋਣ ਵਾਅਦਿਆਂ ’ਚ ਸ਼ੁਮਾਰ ਸੀ। ਜਿਵੇਂ ਪਹਿਲੀਆਂ ਦੋਹਾਂ ਸਰਕਾਰਾਂ ਨੇ ਆਪਣੇ ਕਾਰਜਕਾਲ ਵਿਚ ਖੇਤੀ ਨੀਤੀ ਬਾਰੇ ਬਣਾਈਆਂ ਕਮੇਟੀਆਂ ਵੱਲੋਂ ਪੇਸ਼ ਕੀਤੇ ਨੀਤੀ ਖਰੜਿਆਂ ਅਤੇ ਮਾਹਰਾਂ ਦੇ ਸੁਝਾਵਾਂ ਉੱਪਰ ਕੋਈ ਕਾਰਵਾਈ ਨਹੀਂ ਸੀ ਕੀਤੀ, ਉਸੇ ਤਰ੍ਹਾਂ ਇਹ ਸਰਕਾਰ ਵੀ ਖੇਤੀ ਸੰਕਟ ਦੇ ਬਹੁਤ ਹੀ ਮਹੱਤਵਪੂਰਨ ਮੁੱਦੇ ਨੂੰ ਚਲਾਕੀ ਨਾਲ ਟਾਲਦੀ ਆ ਰਹੀ ਹੈ।

ਕਿਸਾਨੀ ਦੀ ਮੰਗ ਇਹ ਸੀ ਕਿ ਸਰਕਾਰ ਡੂੰਘੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਠੋਸ ਨੀਤੀ ਪੇਸ਼ ਕਰੇ। ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਭਗਵੰਤ ਮਾਨ ਸਰਕਾਰ ਨੂੰ ਖੇਤੀ ਨੀਤੀ ਦਾ ਖਰੜਾ ਬਣਾਉਣਾ ਪਿਆ। ਉਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਖੇਤੀ ਨੀਤੀ ਬਣਾਉਣ ਲਈ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਸਰਕਾਰ ਨੇ ਹੁਣ ਉਪਜਾਊ ਜ਼ਮੀਨਾਂ ਨੂੰ ਗ਼ੈਰ-ਉਪਜਾਊ ਮਨੋਰਥ ਲਈ ਹਥਿਆਉਣ ਦਾ ਰਾਹ ਫੜ ਲਿਆ ਹੈ। ਦਹਿ-ਹਜ਼ਾਰਾਂ ਏਕੜ ਉਪਜਾਊ ਜ਼ਮੀਨਾਂ ਹਥਿਆਉਣ ਦੀ ਇਸ ਨੀਤੀ ਵਿਰੁੱਧ ਕਿਸਾਨਾਂ ’ਚ ਵਧ ਰਹੇ ਗੁੱਸੇ ਨੂੰ ਸ਼ਾਂਤ ਕਰਨ ਲਈ ਭਗਵੰਤ ਮਾਨ ਦੀ ਵਜ਼ਾਰਤ ਵਾਰ-ਵਾਰ ਸੋਧਾਂ ਕਰਕੇ ਭਰਮਾਊ ਸਕੀਮਾਂ ਪੇਸ਼ ਕਰ ਰਹੀ ਹੈ ਤਾਂ ਜੋ ਕਿਸੇ ਤਰ੍ਹਾਂ ਕਿਸਾਨਾਂ ਨੂੰ ਜ਼ਮੀਨਾਂ ਛੱਡਣ ਲਈ ਵਰਗਲਾਇਆ ਜਾ ਸਕੇ। ਸਵਾਲ ਤਾਂ ਇਹ ਵੀ ਹੈ ਕਿ ਮਹਿੰਗੇ ਭਾਅ ਵਿਕਸਤ ਕੀਤੀਆਂ ਜ਼ਮੀਨਾਂ ਉੱਪਰ ਕੱਟੇ ਪਲਾਟਾਂ ਦੇ ਖ਼ਰੀਦਦਾਰ ਕੌਣ ਹੋਣਗੇ। ਬੇਘਰੇ, ਗ਼ਰੀਬ ਕਿਰਤੀ ਅਤੇ ਹੇਠਲੇ ਮੱਧਵਰਗੀ ਲੋਕ ਤਾਂ ਮਹਿੰਗੇ ਪਲਾਟਾਂ ਨੂੰ ਖ਼ਰੀਦ ਹੀ ਨਹੀਂ ਸਕਣਗੇ। ਜੇਕਰ ਜ਼ਮੀਨ ਦੀ ਵਰਤੋਂ ਦਾ ਕੋਈ ਠੋਸ ਪ੍ਰੋਜੈਕਟ ਹੀ ਨਹੀਂ ਹੈ ਅਤੇ ਪੂਲ ਕੀਤੀ ਜ਼ਮੀਨ ਦੀ ‘ਹਰ ਤਰ੍ਹਾਂ ਦੇ ਮੰਤਵਾਂ ਲਈ ਵਰਤੋਂ’ ਦੀ ਗੱਲ ਕੀਤੀ ਜਾ ਰਹੀ ਹੈ, ਫਿਰ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਪੁਡਾ ਲਈ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਪੁਡਾ ਲਈ ਹੀ ਵਰਤੀ ਜਾਵੇਗੀ।

ਦੂਜੇ ਪਾਸੇ, ਪੰਜਾਬ ਦੇ ਬੇਜ਼ਮੀਨੇ ਮਜ਼ਦੂਰ ਆਪਣੀਆਂ ਰਿਹਾਇਸ਼ੀ ਤੇ ਹੋਰ ਜ਼ਰੂਰੀ ਲੋੜਾਂ ਲਈ ਪੰਜ-ਪੰਜ ਮਰਲੇ ਦੇ ਪਲਾਟਾਂ ਦੀ ਮੰਗ ਕਰਦੇ ਆ ਰਹੇ ਹਨ, ਸਰਕਾਰ ਵਾਰ-ਵਾਰ ਉਨ੍ਹਾਂ ਨਾਲ ਮੀਟਿੰਗਾਂ ਰੱਖ ਕੇ ਮੁੱਕਰਦੀ ਰਹੀ ਹੈ। ਸਰਕਾਰ ਨੇ ਅੱਜ ਤੱਕ ਇਸ ਮਸਲੇ ਉੱਪਰ ਚਰਚਾ ਕਰਨ ਲਈ ਕੋਈ ਗੰਭੀਰਤਾ ਨਹੀਂ ਦਿਖਾਈ। ਸਰਕਾਰ ਨੇ ਕੋਈ ਸਰਵੇ ਵੀ ਨਹੀਂ ਕਰਾਇਆ ਕਿ ਪੰਜਾਬ ਵਿਚ ਕਿੰਨੇ ਬੇਜ਼ਮੀਨੇ ਲੋਕਾਂ ਨੂੰ ਘਰਾਂ ਲਈ ਜ਼ਮੀਨ ਦੀ ਲੋੜ ਹੈ ਅਤੇ ਨਾ ਹੀ ਕਦੇ ਮਾਹਰਾਂ ਅਤੇ ਬੇਜ਼ਮੀਨੇ ਲੋਕਾਂ ਦੀਆਂ ਜਥੇਬੰਦੀਆਂ ਨਾਲ ਇਹ ਚਰਚਾ ਕਰਨ ਦੀ ਲੋੜ ਸਮਝੀ ਕਿ ਇਸ ਮੁੱਢਲੀ ਮਨੁੱਖੀ ਜ਼ਰੂਰਤ ਦੀ ਪੂਰਤੀ ਲਈ ਕਿਸ ਤਰ੍ਹਾਂ ਦੀ ਜ਼ਮੀਨ ਵਰਤੋਂ ’ਚ ਲਿਆਂਦੀ ਜਾ ਸਕਦੀ ਹੈ। ਜਦੋਂ ਨਾ ਇਹ ਕਿਸਾਨਾਂ ਦੀ ਮੰਗ ਸੀ ਕਿ ਸਾਡੀਆਂ ਜ਼ਮੀਨਾਂ ਲੈ ਕੇ ਇਸ ਦੇ ਬਦਲੇ ਦੁਕਾਨਾਂ ਪਾਉਣ ਲਈ ਵਪਾਰਕ ਪਲਾਟ ਦੇ ਦਿਓ ਅਤੇ ਸਾਡੀਆਂ ਉੱਪਰ ਕੰਕਰੀਟ ਦੇ ਜੰਗਲ ਉਸਾਰ ਦਿਓ, ਨਾ ਇਹ ਮਜ਼ਦੂਰਾਂ ਦੀ ਮੰਗ ਸੀ, ਫਿਰ ਮੌਜੂਦਾ ਸਰਕਾਰ ਨੇ ਸ਼ਹਿਰੀਕਰਨ ਦੀ ਨੀਤੀ ਬਣਾਈ ਕੀਹਦੇ ਲਈ ਹੈ?

ਅਜੇ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਜ਼ਮੀਨ ਸਿਰਫ਼ ਰੀਅਲ ਅਸਟੇਟ ਦੇ ਕਾਰੋਬਾਰੀਆਂ ਲਈ ਹਥਿਆਈ ਜਾ ਰਹੀ ਹੈ ਜਾਂ ਇਸਦੇ ਪਿੱਛੇ ਵੱਡੇ ਕਾਰਪੋਰੇਟ ਸਰਮਾਏ ਦੇ ਹਿਤਾਂ ਦੀ ਪੂਰਤੀ ਦੀ ਕੋਈ ਹੋਰ ਡੂੰਘੀ ਯੋਜਨਾ ਹੈ। ਪਰ ਇਕ ਗੱਲ ਤੈਅ ਹੈ ਕਿ ਇਹ ਨੀਤੀ ਸਾਡੇ ਸਮਾਜ ਦੀਆਂ ਅਸਲ ਜ਼ਰੂਰਤਾਂ ਦੀ ਪੂਰਤੀ ਲਈ ਨਹੀਂ ਹੈ। ਹਰ ਫ਼ੈਸਲਾ ਦਿੱਲੀ ਵਾਲੇ ਆਕਾਵਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੈਣ ਵਾਲੀ ਭਗਵੰਤ ਮਾਨ ਵਜ਼ਾਰਤ ਦੀ ਇਹ ਨੀਤੀ ਵੀ ਲੋਕ ਵਿਰੋਧੀ ਨੌਕਰਸ਼ਾਹ ਦਿਮਾਗਾਂ ਦੀ ਕਾਢ ਹੈ। ਨੌਕਰਸ਼ਾਹ ਦਿਮਾਗਾਂ ਦੇ ਇਸ਼ਾਰੇ ’ਤੇ ਨੱਚਣ ਵਾਲੀ ਗ਼ੁਲਾਮ ਜ਼ਿਹਨੀਅਤ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਸਾਡੇ ਲੋਕਾਂ ਦੇ ਭਵਿੱਖ ਉੱਪਰ ਅਸਰ ਪਾਉਣ ਵਾਲਾ ਅਜਿਹਾ ਨੀਤੀ ਫ਼ੈਸਲਾ ਲੈਣ ਤੋਂ ਪਹਿਲਾਂ ਸਰਕਾਰ ਇਸ ਨਾਲ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਲਾਹ ਅਤੇ ਸਹਿਮਤੀ ਨਾਲ ਫ਼ੈਸਲੇ ਲੈਣ ਦਾ ਅਮਲ ਚਲਾਏਗੀ ਜਾਂ ਵਿਰੋਧ ਦੇ ਮੱਦੇਨਜ਼ਰ ਗ਼ਲਤ ਫ਼ੈਸਲਿਆਂ ਉੱਪਰ ਦਿਆਨਤਦਾਰੀ ਨਾਲ ਮੁੜ ਸੋਚ-ਵਿਚਾਰ ਕਰੇਗੀ। ਲੋਕਾਂ ਦੇ ਹੋਰ ਹਿੱਸਿਆਂ ਦੀ ਹਮਾਇਤ ਨਾਲ ਕਿਸਾਨ ਸੰਘਰਸ਼ ਦੀ ਤਾਕਤ ਹੀ ਸਰਕਾਰ ਨੂੰ ਇਸ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਕਰ ਸਕਦੀ ਹੈ।

ਇਸ ਹਮਲੇ ਦੀ ਮਾਰ ਹੇਠ ਆ ਰਹੇ ਕਿਸਾਨਾਂ ਨੂੰ ਜ਼ਮੀਨਾਂ ਬਚਾਉਣ ਦੇ ਨਾਂ ਹੇਠ ਸਰਗਰਮ ਬਾਦਲ ਦਲੀਆਂ, ਕਾਂਗਰਸੀਆਂ ਸਮੇਤ ਸਮੁੱਚੇ ਹਾਕਮ ਜਮਾਤੀ ਲਾਣੇ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ, ਜਿਨ੍ਹਾਂ ਨੇ ਇਹ ਨੀਤੀ ਆਪਣੇ ਹੱਥੀਂ ਬਣਾਈ ਅਤੇ ਹੁਣ ਪਿੰਡਾਂ ਤੇ ਕਿਸਾਨਾਂ ਦੇ ਉਜਾੜੇ ਉੱਪਰ ਝੂਠੇ ਹੰਝੂ ਕੇਰ ਕੇ ਕਿਸਾਨਾਂ ਦੇ ਗੁੱਸੇ ਦਾ ਰਾਜਨੀਤਕ ਲਾਹਾ ਲੈਣ ਲਈ ਤਰਲੋਮੱਛੀ ਹੋ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਇਨ੍ਹਾਂ ਕਿਸਾਨਾਂ ਦੀ ਰਾਖੀ ਦਾ ਐਲਾਨ ਕਰ ਦਿੱਤਾ ਹੈ। ਜੇਕਰ ਕਿਸਾਨ ਅੰਦੋਲਨ ਜ਼ੋਰ ਫੜਦਾ ਹੈ ਤਾਂ ਰਾਜਨੀਤਕ ਲਾਹਾ ਲੈਣ ਵਾਲੇ ਉਸੇ ਤਰ੍ਹਾਂ ਗ਼ੈਰਪ੍ਰਸੰਗਿਕ ਹੋ ਜਾਣਗੇ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਵਾਪਰਿਆ ਸੀ।




*ਪੰਜਾਬ ਸਰਕਾਰ ਦੀ ‘ਲੈਂਡ ਪੂਲਿੰਗ ਨੀਤੀ’ ਖ਼ਿਲਾਫ ਪ੍ਰਦਰਸ਼ਨ ਕਰਦੇ ਹੋਏ ਕਿਸਾਨ।*

# ਜਦੋਂ ਪਿੰਡ ਉਜਾੜੇ ਜਾਂਦੇ ਨੇ...ਫਿਰ ਰੌਲੇ ਪੈਂਦੇ ਨੇ!

ਜਦੋਂ ਪਿੰਡ ਉਜਾੜੇ ਜਾਂਦੇ ਨੇ ਫਿਰ ਰੌਲੇ ਪੈਂਦੇ ਨੇ। ਤੇ ਹੁਣ ਪੰਜਾਬ ਵਿਚ ਪੈ ਰਹੇ ਹਨ। ਕਿਉਂਕਿ ਸਮੇਂ ਦੇ ਹਾਕਮਾਂ ਨੇ ਲੁਧਿਆਣਾ ਦੇ ਆਸ-ਪਾਸ ਅਤੇ ਕਈ ਹੋਰ ਥਾਂਵਾਂ 'ਤੇ ਪਿੰਡਾਂ ਦਾ ਵਜੂਦ ਮਿਟਾ ਕੇ ਸ਼ਹਿਰ ਉਸਾਰਨ ਦਾ ਐਲਾਨ ਕਰ ਦਿੱਤਾ ਹੈ। ਇਸ ਐਲਾਨ ਦੇ ਖ਼ਿਲਾਫ਼ ਪਿੰਡਾਂ 'ਚ ਲਲਕਾਰੇ ਵੱਜ ਰਹੇ ਨੇ। ਪੰਜਾਬ ਦੇ ਕਿਸਾਨਾਂ ਤੇ ਲੋਕਾਂ ਨੇ ਇਕ ਵਾਰ ਫਿਰ ਆਪਣੀਆਂ 'ਨਸਲਾਂ ਤੇ ਫ਼ਸਲਾਂ' ਦੀ ਹੋਂਦ ਦੀ ਲੜਾਈ ਲੜਨ ਲਈ ਕਮਰਕੱਸੇ ਕਸ ਲਏ ਹਨ। ਸਰਕਾਰ ਦੇ ਐਲਾਨ ਦੇ ਖ਼ਿਲਾਫ ਘੋਲ ਦਾ ਰਣਸਿੰਗਾ ਵੱਜ ਚੁਕਾ ਹੈ। ਪਿੰਡਾਂ 'ਚ ਗ੍ਰਾਮ ਸਭਾਵਾਂ ਹੋ ਰਹੀਆਂ ਹਨ।



ਸਰਕਾਰੀ ਤੰਤਰ ਲੋਕਾਂ ਨੂੰ, ਕਿਸਾਨਾਂ ਨੂੰ ਸੋਧੀ ਹੋਈ ਲੈਂਡ ਪੂਲਿੰਗ ਨੀਤੀ ਦੇ ਫਾਈਦੇ ਗਿਣਾ ਰਿਹਾ ਹੈ, ਪਰ

**ਸਰਬਜੀਤ ਧਾਲੀਵਾਲ**
**ਫੋਨ: 98141-23338**

ਲੋਕ ਪੈਰਾਂ 'ਤੇ ਪਾਣੀ ਨਹੀਂ ਪੈਣ ਦੇ ਰਹੇ। ਗ੍ਰਾਮ ਸਭਾਵਾਂ ਨੇ ਸਰਕਾਰ ਵਲੋਂ ਜ਼ਮੀਨ ਹਥਿਆਉਣ ਖ਼ਿਲਾਫ ਮਤੇ ਪਾਸ ਕਰਨੇ ਸ਼ੁਰੂ ਕਰ ਦਿੱਤੇ ਹਨ।

ਲੋਕ ਕਹਿ ਰਹੇ ਨੇ ਜੇਕਰ ਲੈਂਡ ਪੂਲਿੰਗ ਨੀਤੀ ਐਨੀ ਹੀ ਵਧੀਆ ਹੈ ਤਾਂ ਮੁੱਖ ਮੰਤਰੀ ਪਹਿਲਾਂ ਇਹ ਆਪਣੇ ਪਿੰਡ ਤੋਂ ਸ਼ੁਰੂ ਕਰੇ ਤੇ ਉਸਨੂੰ ਸ਼ਹਿਰ 'ਚ ਤਬਦੀਲ ਕਰੇ। ਸੋਸ਼ਲ ਮੀਡੀਆ 'ਤੇ ਅੱਗ ਵਰਗੇ ਤੱਤੇ ਬਿਆਨ ਆ ਰਹੇ ਨੇ। ਇਕ ਅੰਦਾਜ਼ੇ ਮੁਤਾਬਕ ਸਾਰੇ ਪੰਜਾਬ 'ਚ 116 ਪਿੰਡਾਂ ਦੀ 65,533 ਏਕੜ ਜ਼ਮੀਨ ਸਰਕਾਰ ਨੇ ਲੈਣ ਦੀ ਤਜਵੀਜ਼ ਬਣਾਈ ਹੈ। ਪਰ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਲੁਧਿਆਣਾ ਦੇ ਆਸ-ਪਾਸ ਦਾ ਇਲਾਕਾ ਹੈ, ਜਿਥੇ ਲਗਭਗ 25 ਪਿੰਡਾਂ ਦੀ 25,000 ਏਕੜ ਜ਼ਮੀਨ ਸ਼ਹਿਰੀਕਰਨ ਤੇ ਉਦਯੋਗਾਂ ਲਈ ਹਾਸਿਲ ਕੀਤੀ ਜਾਣੀ ਹੈ। ਲਗਭਗ 6 ਉਦਯੋਗਿਕ ਝੁੰਡ ਬਣਾਉਣ ਦੀ ਵਿਉਂਤ ਹੈ। ਜਿਨ੍ਹਾਂ ਪਿੰਡਾਂ 'ਤੇ ਉਜਾੜੇ ਦੀ ਤਲਵਾਰ ਲਟਕਦੀ ਹੈ, ਉਨ੍ਹਾਂ ਵਿਚ ਦਾਖਾ, ਢੈਪੀ, ਅਲੀਗੜ੍ਹ, ਹੀਰਾਂ, ਰੁੜਕਾ, ਨੂਰਪੁਰ ਬੇਟ, ਜੋਧਾਂ, ਮਨਸੂਰਾਂ ਕੈਲਪੁਰ, ਮਲਕਪੁਰ, ਗੜਾ, ਪਮਾਲੀ, ਪਮਾਲ, ਲਲਤੋਂ ਕਲਾਂ, ਸ਼ੇਕਰਾਂ, ਰਤਨ, ਖਡੂਰ ਤੇ ਚੱਕ ਕਲਾਂ ਆਦਿ ਸ਼ਾਮਿਲ ਨੇ।

ਜਜ਼ਬਾਤ ਮੁਕਤ ਸਰਕਾਰੀ ਤੰਤਰ ਨੂੰ ਇਹ ਖ਼ਬਰ ਨਹੀਂ ਕਿ ਹਰ ਪਿੰਡ ਆਪਣੇ ਆਪ ਵਿਚ ਇਕ ਇਤਿਹਾਸਕ ਸ਼ਿਲਾਲੇਖ ਹੈ। ਸਾਡੇ ਵੱਡ-ਵਡੇਰਿਆਂ ਦੇ ਜਨਮ ਤੋਂ ਲੈ ਕੇ ਮਰਨ ਤੱਕ ਦਾ ਲੇਖਾ-ਜੋਖਾ ਇਨ੍ਹਾਂ ਪਿੰਡਾਂ ਦੀਆਂ ਗਲੀਆਂ, ਰਾਹਾਂ, ਖੇਤਾਂ ਤੇ ਕੰਧਾਂ 'ਤੇ ਉਕਰਿਆ ਹੋਇਆ ਹੈ। ਹਰ ਪਿੰਡ ਦੀ ਆਪਣੀ ਕਥਾ, ਕਹਾਣੀ ਹੈ। ਕਿਸੇ ਦੀ ਛੋਟੀ ਤੇ ਕਿਸੇ ਦੀ ਵੱਡੀ। ਪਿੰਡ ਨੂੰ ਉਜਾੜਨਾ ਇਤਿਹਾਸਕ ਸ਼ਿਲਾਲੇਖ ਨੂੰ ਮਿਟਾਉਣਾ ਹੈ। ਕਿਸੇ ਵੀ ਵਿਅਕਤੀ ਦੀ ਮੁਢਲੀ ਪਛਾਣ ਉਸਦੀ ਜੰਮਣ-ਭੋਇੰ ਨਾਲ ਜੁੜੀ ਹੁੰਦੀ ਹੈ। ਇਸ ਪਛਾਣ ਨੂੰ ਬੰਦੇ ਤੋਂ ਸੱਤਾ-ਸ਼ਕਤੀ ਦੇ ਜ਼ੋਰ ਨਾਲ ਖੋਹਿਆ ਜ਼ਰੂਰ ਜਾ ਸਕਦਾ ਹੈ ਪਰ ਉਸਦੇ ਅੰਦਰੋਂ ਮਨਫ਼ੀ ਕਿਸੇ ਕਦਰ ਨਹੀਂ ਕੀਤਾ ਜਾ ਸਕਦਾ।

ਇਹ ਵੀ ਸਾਡੇ ਤੇ ਇਸ ਤੋਂ ਪਹਿਲੇ ਸਮਿਆਂ ਦਾ ਸੱਚ ਹੈ ਕਿ ਮਨੁੱਖਾਂ ਨੂੰ ਮਨੁੱਖ ਉਜਾੜਦੇ ਹੀ ਆਏ ਨੇ। ਨਵੇਂ ਸ਼ਹਿਰੀ ਇਲਾਕੇ ਵਸਾਉਣ ਲਈ ਪਿੰਡਾਂ ਨੂੰ ਉਜਾੜਨ ਦਾ ਬੀੜਾ ਉਸੇ ਸਿਲਸਿਲੇ ਦਾ ਹਿੱਸਾ ਹੈ।

ਦੇਸ਼ ਦੀ ਵੰਡ ਹੋਈ। ਲੱਖਾਂ ਲੋਕ ਆਪਣੇ ਪਿੰਡਾਂ 'ਚੋਂ ਉਜਾੜ ਦਿੱਤੇ ਗਏ। ਬੇਸ਼ੁਮਾਰ ਲੋਕ ਬੇਘਰ ਹੋ ਕੇ ਨਵੇਂ ਥਾਈਂ ਆ ਕੇ ਵੱਸ ਗਏ। ਕਈਆਂ ਨੇ ਨਵੇਂ ਪਿੰਡ ਬਣਾ ਲਏ ਪਰ ਉਨ੍ਹਾਂ ਦੇ ਚੇਤਿਆਂ 'ਚੋਂ ਆਪਣਾ ਜੱਦੀ ਪਿੰਡ ਆਖ਼ਰੀ ਸਾਹ ਤਕ ਮਨਫ਼ੀ ਨਹੀਂ ਹੋਇਆ। ਅਖ਼ੀਰ ਤੱਕ ਉਨ੍ਹਾਂ ਦੀ ਰੂਹ ਆਪਣੇ ਪਿੰਡ ਨੂੰ ਦੇਖਣ ਲਈ ਤਰਸਦੀ ਰਹੀ। ਮਹਾਨ ਫਿਲਮ ਐਕਟਰ ਸੁਨੀਲ ਦੱਤ ਜਦੋਂ ਬਿਮਾਰ ਹੋ ਕੇ ਮੰਜੇ 'ਤੇ ਪੈ ਗਿਆ ਤਾਂ ਉਸ ਨੇ ਬੇਟੇ ਸੰਜੇ ਦੱਤ (ਮੁੰਨਾ ਭਾਈ) ਨੂੰ ਕਿਹਾ ਕਿ 'ਮੈਨੂੰ ਮੇਰੇ ਪਿੰਡ ਲੈ ਚੱਲ।' ਸੰਜੇ ਕਹੇ ਕਿ ਤੁਹਾਡਾ ਪਿੰਡ ਇੱਥੇ ਹੀ ਹੈ। ਸੁਨੀਲ ਦੱਤ, ਜਿਸਦਾ ਜਨਮ ਤੋਂ ਬਾਅਦ ਨਾਮ ਬਲਰਾਜ ਰੱਖਿਆ ਗਿਆ ਸੀ, ਕਹੇ ਨਹੀਂ ਇੱਥੇ ਮੇਰਾ ਪਿੰਡ ਨਹੀਂ। ਸੁਨੀਲ ਦੱਤ ਦਾ ਜਨਮ ਜੇਹਲਮ ਜ਼ਿਲ੍ਹੇ ਦੇ ਪਿੰਡ ਨਾਕਾ ਖੁਰਦ (ਹੁਣ ਪਾਕਿਸਤਾਨ) ਹੋਇਆ ਸੀ। ਵੰਡ ਤੋਂ ਬਾਅਦ ਉਸ ਦਾ ਪਰਿਵਾਰ ਯਮੁਨਾਨਗਰ ਦੇ ਪਿੰਡ ਮੜੌਲੀ 'ਚ ਵੱਸ ਗਿਆ ਸੀ। ਉਹ ਨਾਕਾ ਖੁਰਦ ਜਾਣ ਨੂੰ ਤਰਸਦਾ ਮਰ ਗਿਆ। ਵੰਡ ਤੋਂ 78 ਸਾਲ ਬਾਅਦ ਵੀ ਵਾਗਿਓਂ ਪਾਰੋਂ ਆਏ ਲੱਖਾਂ ਲੋਕਾਂ ਨਾਲ ਰਿਫਿਊਜੀ 'ਟੈਗ' ਚਿਪਕਿਆ ਹੋਇਆ ਹੈ। ਇਹ ਵੰਡ ਦੌਰਾਨ ਹੋਏ ਉਜਾੜੇ ਦੀ ਹੀ ਦੇਣ ਹੈ।

ਪੰਜਾਬ ਦੇ ਸਿਰਮੌਰ ਕਵੀਸ਼ਰ ਕਰਨੈਲ ਸਿੰਘ ਪਾਰਸ (ਬਲਵੰਤ ਸਿੰਘ ਰਾਮੂਵਾਲੀਆ ਦਾ ਪਿਤਾ) ਜਦੋਂ ਬਿਮਾਰ ਹੋ ਗਿਆ ਤਾਂ ਉਸ ਸਮੇਂ ਉਹ ਕੈਨੇਡਾ ਵਿਚ ਸੀ। ਉਥੇ ਉਸਦੇ ਪੁੱਤ-ਪੋਤੇ ਤੇ ਨੂੰਹਾਂ ਰਹਿੰਦੇ ਨੇ। ਉਸ ਨੇ ਆਪਣੇ ਪੁੱਤਰਾਂ ਨੂੰ ਬੁਲਾ ਕੇ ਕਿਹਾ, 'ਮੈਨੂੰ ਮੇਰੇ ਪਿੰਡ ਲੈ ਚਲੋ। ਮੈਂ ਉਥੇ ਜਾ ਕੇ ਹੀ ਆਖ਼ਰੀ ਸਾਹ ਲੈਣੇ ਨੇ।' ਉਸਨੂੰ ਰਾਮੂਵਾਲ (ਮੋਗੇ ਨੇੜੇ) ਲਿਆਂਦਾ ਗਿਆ ਤੇ ਆਖ਼ਰੀ ਸਾਹ ਉਸਨੇ ਉਥੇ ਹੀ ਲਏ।

ਅਠਾਰਵੀਂ ਸਦੀ ਦੇ ਮੱਧ ਦੀ ਗੱਲ ਹੈ। ਪੱਛਮੀ ਅਫਰੀਕਾ ਦੇ ਗੈਮਬੀਆ ਦੇਸ਼ ਦਾ ਰਹਿਣ ਵਾਲਾ ਅਠਾਰਾਂ ਸਾਲਾ ਕੁੰਤਾ ਆਪਣੇ ਘਰ ਤੋਂ ਥੋੜ੍ਹੀ ਦੂਰ ਲੱਕੜੀਆਂ ਇਕੱਠੀਆਂ ਕਰ ਰਿਹਾ ਸੀ। ਅਚਾਨਕ ਅਮਰੀਕੀ ਗੋਰੇ ਉਸ 'ਤੇ ਇੱਲ ਵਾਂਗ ਆ ਝਪਟੇ ਤੇ ਚੁੱਕ ਕੇ ਬੰਦਰਗਾਹ ਦੇ ਨਜ਼ਦੀਕ ਘਰ ਵਿਚ ਲੈ ਗਏ। ਉਥੋਂ ਉਸਨੂੰ ਸਮੁੰਦਰੀ ਜਹਾਜ਼ 'ਚ ਸੁੱਟਿਆ ਤੇ ਅਮਰੀਕਾ ਲੈ ਆਏ। ਰਾਹ 'ਚ ਉਸ ਨੂੰ ਤੇ ਉਸਦੇ ਨਾਲ ਦੇ ਸੈਂਕੜੇ ਕਾਲੇ ਅਫ਼ਰੀਕਨਾਂ ਨੂੰ ਜੋ ਤਸੀਹੇ ਦਿੱਤੇ ਗਏ, ਉਹ ਸੁਣ ਕੇ ਮਨੁੱਖੀ ਮਨ ਕੰਬ ਜਾਂਦਾ ਹੈ। ਉਨ੍ਹਾਂ 'ਚ ਬਹੁਤ ਸਾਰੇ ਤਾਂ ਰਸਤੇ 'ਚ ਹੀ ਮਰ ਗਏ ਤੇ ਸਮੁੰਦਰ ਦੀ ਕੁੱਖ 'ਚ ਸਮਾ ਗਏ। ਪੁਰਤਗੇਜ਼ੀ, ਡੱਚ, ਫਰਾਂਸੀਸੀ, ਅਮਰੀਕੀ, ਸਪੇਨੀ ਤੇ ਹੋਰ ਕਈ ਦੇਸ਼ ਕਾਲੇ ਲੋਕਾਂ ਨੂੰ ਗੁਲਾਮ ਬਣਾ ਕੇ ਅੱਗੇ ਵੇਚ ਦਿੰਦੇ ਸਨ। ਅਸਲ ਵਿਚ ਇਹ ਵਪਾਰ ਪੁਰਤਗੇਜ਼ੀਆਂ ਨੇ 16ਵੀਂ ਸਦੀ 'ਚ ਸ਼ੁਰੂ ਕੀਤਾ। ਕਾਲਿਆਂ ਦੇ ਸ਼ਿਕਾਰੀ ਗੋਰਿਆਂ, ਜਿਨ੍ਹਾਂ ਨੂੰ 'ਬਲੈਕ ਹੰਟਰ' ਕਿਹਾ ਜਾਂਦਾ ਸੀ, ਨੇ ਅਫ਼ਰੀਕਾ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਤੇ ਉਨ੍ਹਾਂ ਨੂੰ ਕਈ ਸਦੀਆਂ ਗੁਲਾਮ ਬਣਾ ਕੇ ਆਪਣੇ ਦੇਸ਼ਾਂ 'ਚ ਰੱਖਿਆ। ਗੋਰੇ ਜ਼ਿਆਦਾ ਔਰਤਾਂ ਤੇ ਬਚਿਆਂ ਨੂੰ ਗੁਲਾਮ ਬਣਾ ਕੇ ਲਿਆਉਂਦੇ ਸੀ। ਉਨ੍ਹਾਂ ਨੂੰ ਅਫ਼ਰੀਕੀ ਜੰਗਲਾਂ 'ਚ ਲੱਕੜਾਂ ਚੁੱਕਦਿਆਂ ਨੂੰ ਅਗਵਾ ਕਰ ਲੈਂਦੇ ਸੀ।





*1). ਪਿੰਡ ਰੁੜਕੀ ਦੀ ਪੁਰਾਣੀ ਤਸਵੀਰ ਜਿਸ ਨੂੰ ਉਜਾੜ ਕੇ ਚੰਡੀਗੜ੍ਹ ਦਾ ਸੈਕਟਰ 17 ਬਣਾਇਆ ਗਿਆ। 2). ਸੈਕਟਰ 17 ਦੀ ਮੌਜੂਦਾ ਤਸਵੀਰ।*

ਭਾਵੇਂ ਗੁਲਾਮਾਂ ਦਾ ਵਪਾਰ 1808 'ਚ ਬੰਦ ਹੋ ਗਿਆ ਸੀ, ਪਰ ਅਮਰੀਕਾ ਅੰਦਰ ਇਹ ਵਰਤਾਰਾ 1860 ਤਕ ਜਾਰੀ ਰਿਹਾ। ਫਿਰ ਪੰਜ ਸਾਲ ਸਿਵਲ ਵਾਰ ਹੋਇਆ ਤੇ ਗੁਲਾਮ ਪ੍ਰਥਾ ਤੋਂ ਮੁਕਤੀ ਇਸ ਸਿਵਲ ਵਾਰ ਤੋਂ ਬਾਅਦ ਮਿਲੀ। ਫਰਾਂਸ 'ਚ ਇਹ ਪ੍ਰਥਾ 1794 'ਚ ਫਰਾਂਸੀਸੀ ਇਨਕਲਾਬ ਤੋਂ ਬਾਅਦ ਬੰਦ ਕਰ ਦਿਤੀ ਗਈ ਪਰ 1808 ਵਿਚ ਇਸ ਨੂੰ ਨੈਪੋਲੀਅਨ ਨੇ ਫਿਰ ਸ਼ੁਰੂ ਕਰ ਦਿੱਤਾ। ਇਸਦਾ ਅੰਤ ਫਰਾਂਸ ਵਿਚ 1848 'ਚ ਸਰਕਾਰੀ ਤੌਰ 'ਤੇ ਹੋਇਆ। ਸਦੀਆਂ ਪਹਿਲਾਂ ਉਜਾੜੇ ਕਾਲੇ ਲੋਕ ਆਪਣੀ ਪਛਾਣ ਤੇ ਪਿਛੋਕੜ ਦੀ ਤਲਾਸ਼ ਲਈ ਕਈ ਦਹਾਕੇ ਜੂਝਦੇ ਰਹੇ।

ਅਸੀਂ ਕੌਣ ਹਾਂ? ਇਹ ਸਵਾਲ ਉਨ੍ਹਾਂ ਨੂੰ ਪਰੇਸ਼ਾਨ ਕਰਦਾ ਰਿਹਾ। ਇਕ ਸਮਾਂ ਅਜੇਹਾ ਆਇਆ ਕਿ ਇਸ ਸਵਾਲ ਨੇ ਕਾਲੇ ਮੂਲ ਦੇ ਲੇਖਕ ਐਲੈਕਸ ਹੇਲੀ ਦੇ ਮਨ 'ਚ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਤੇ ਉਹ 1960 ਦੇ ਕਰੀਬ ਆਪਣੀਆਂ ਜੜ੍ਹਾਂ (ਆਪਣੇ ਪਿੰਡਾਂ) ਦੀ ਤਲਾਸ਼ ਵਿਚ ਅਫ਼ਰੀਕਾ ਨੂੰ ਨਿਕਲ ਪਿਆ। ਉਸਨੇ ਆਪਣੀ ਦਾਦੀ ਸੀਨਥਾ ਤੋਂ ਆਪਣੇ ਵੱਡ-ਵਡੇਰਿਆਂ ਦੀਆਂ ਕਹਾਣੀਆਂ ਸੁਣੀਆਂ ਸਨ। ਉਨ੍ਹਾਂ ਕਹਾਣੀਆਂ ਦੇ ਸਹਾਰੇ ਉਹ ਗੈਮਬੀਆ ਪਹੁੰਚ ਗਿਆ। ਉਸਨੇ ਸਥਾਨਕ ਲੋਕਾਂ ਦੀ ਮਦਦ ਨਾਲ ਆਪਣੇ ਵੱਡ-ਵਡੇਰੇ ਕੁੰਤੇ ਦਾ ਪਿੰਡ ਜਫੂਰਾ ਲੱਭ ਲਿਆ। ਐਲੈਕਸ ਆਪਣੇ ਵਡਾਰੂ ਕੁੰਤੇ ਦੀ ਛੇਵੀਂ ਪੀੜ੍ਹੀ (sixth generation) 'ਚੋਂ ਸੀ। ਉਥੋਂ ਪਰਤ ਕੇ ਐਲੈਕਸ ਨੇ 10 ਸਾਲ ਲਾ ਕੇ ਇਕ ਨਾਵਲ ਲਿਖਿਆ ਜੋ 1976 'ਚ ਪ੍ਰਕਾਸ਼ਿਤ ਹੋਇਆ। ਉਸ ਨਾਵਲ ਨੇ ਅਮਰੀਕਾ ਹੀ ਨਹੀਂ ਦੁਨੀਆਂ ਦੇ ਕਈ ਦੇਸ਼ਾਂ ਨੂੰ ਹਿਲਾ ਕੇ ਰੱਖ ਦਿੱਤਾ। ਹੁਣ ਅਫ਼ਰੀਕਾ 'ਚ ਅਮਰੀਕਾ ਤੋਂ ਜਾ ਕੇ ਆਪਣੇ ਪਿੰਡਾਂ 'ਚ ਕਾਲੇ ਮੂਲ ਦੇ ਲੋਕ ਮੇਲੇ ਲਾਉਂਦੇ ਨੇ। ਥੋੜ੍ਹੀ ਦੇਰ ਪਹਿਲਾਂ ਐਲੈਕਸ ਦੇ ਪੋਤਾ ਤੇ ਪੋਤੀ ਉਥੇ ਜਾ ਕੇ ਆਏ ਨੇ। ਐਲੈਕਸ ਦੀ 1992 'ਚ ਮੌਤ ਹੋ ਗਈ।

ਜਿਵੇਂ ਲੈਂਡ ਪੂਲਿੰਗ ਨੀਤੀ ਦੇ ਫਾਇਦੇ ਗਿਣਾਉਣ ਵਾਲੇ ਲੁਧਿਆਣੇ ਦੇ ਆਸ-ਪਾਸ ਦੇ ਪਿੰਡਾਂ 'ਚ ਤੁਰੇ ਫਿਰਦੇ ਨੇ ਉਸ ਤਰ੍ਹਾਂ ਅਮਰੀਕਾ ਵਿਚ ਵੀ ਅਜਿਹੇ ਬਹੁਤ ਲੋਕ ਹਨ ਜੋ 'ਗੁਲਾਮ ਵਪਾਰ' ਦੇ ਹੱਕ ਵਿਚ ਬੋਲਦੇ ਨੇ। ਉਹ ਕਹਿੰਦੇ ਨੇ ਕਾਲੇ ਲੋਕਾਂ ਨੂੰ ਅਫ਼ਰੀਕਾ ਦੇ ਜੰਗਲਾਂ 'ਚੋਂ ਕੱਢ ਕੇ ਸੱਭਿਅਕ ਮੁਲਕਾਂ 'ਚ ਲੈ ਕੇ ਆਉਣਾ ਉਨ੍ਹਾਂ ਲਈ ਚੰਗਾ ਹੀ ਸਾਬਿਤ ਹੋਇਆ ਹੈ।

ਇਸ ਤਰ੍ਹਾਂ ਹੀ ਬਾਹਰੋਂ ਆ ਕੇ ਅਮਰੀਕਾ 'ਤੇ ਕਾਬਜ਼ ਹੋਏ ਗੋਰੇ ਅਮਰੀਕੀਆਂ ਨੇ ਉਥੋਂ ਦੇ ਮੂਲ ਵਾਸੀਆਂ 'ਤੇ, ਜਿਨ੍ਹਾਂ ਨੂੰ ਉਹ 'ਇੰਡੀਅਨ' ਕਹਿੰਦੇ ਸੀ, 'ਤੇ ਕਿੰਨੇ ਜ਼ੁਲਮ ਕੀਤੇ ਉਹ ਅਮਰੀਕੀਆਂ ਦੇ ਮੱਥੇ 'ਤੇ ਨਾ ਮਿਟਣ ਵਾਲਾ ਕਲੰਕ ਹੈ। ਪੰਜ ਵੱਡੇ ਕਬੀਲੇ- ਚੋਕਟਾ, ਕ੍ਰੀਕਸ, ਚਿਰੋਕੀ, ਸੇਮੀਨੋਲ ਤੇ ਚਿਕਸਵ ਦੱਖਣੀ ਪੂਰਬੀ ਅਮਰੀਕਾ ਦੇ ਅਮੀਰ ਖਿੱਤੇ ਜਿਸ 'ਚ ਜੋਰਜੀਆ, ਫਲੋਰੀਡਾ, ਮੈਰੀਲੈਂਡ, ਵਰਜੀਨੀਆ, ਮਿਸੀਸਿਪੀ ਆਦਿ ਸ਼ਾਮਲ ਸਨ, 'ਚ ਰਹਿੰਦੇ ਸੀ। ਸਾਲ 1830 ਵਿਚ ਅਮਰੀਕੀ ਕਾਂਗਰਸ ਨੇ ਕਾਨੂੰਨ -Indian Removal Act -ਪਾਸ ਕਰ ਕੇ ਉਨ੍ਹਾਂ ਨੂੰ 1831 ਤੋਂ 1840 ਤੱਕ ਮਿਸੀਸਿਪੀ ਨਦੀ ਤੋਂ ਪਾਰ ਬਰਫੀਲੇ ਇਲਾਕੇ 'ਚ ਛੱਡ ਦਿੱਤਾ। ਇਸ ਇਲਾਕੇ ਨੂੰ ਹੁਣ ਓਕਲਹੋਮਾ ਕਹਿੰਦੇ ਨੇ। ਸੋਨੇ ਦੀਆਂ ਖਾਣਾ 'ਤੇ ਕਬਜ਼ਾ ਕਰਨ ਲਈ ਅਮੀਰ ਅਮਰੀਕੀਆਂ ਨੇ ਕਾਨੂੰਨ ਪਾਸ ਕਰਵਾ ਕੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਉਨ੍ਹਾਂ ਦੇ ਪਿੰਡ 'ਤੋਂ ਉਜਾੜ ਕੇ ਕਈ ਹਜ਼ਾਰ ਮੀਲ ਦੂਰ ਦਵੱਲ ਦਿਤਾ। ਇਸ ਲਈ ਬਲ ਦਾ ਪ੍ਰਯੋਗ ਕੀਤਾ ਗਿਆ। ਕੁੱਟ-ਮਾਰ ਕਰਨ ਲਈ ਫੈਡਰਲ ਫੋਰਸ ਦੀ ਵਰਤੋਂ ਕੀਤੀ ਗਈ। ਕੋਈ 15 ਹਜ਼ਾਰ ਦੇ ਕਰੀਬ ਇੰਡੀਅਨ ਪਰਵਾਸ ਕਰਦੇ ਠੰਢ ਤੇ ਹੋਰ ਕਾਰਨਾਂ ਕਰਕੇ ਮਰ ਗਏ। ਬਾਅਦ 'ਚ ਉਨ੍ਹਾਂ ਦੀ ਯਾਦ ਵਿਚ ਪਾਰਕ 'Trail of Tears' ਬਣਾ ਦਿਤੀ ਗਈ। ਤੇ ਇੰਗਲੈਂਡ ਤੇ ਹੋਰ ਦੇਸ਼ਾਂ ਤੋਂ ਪਰਵਾਸ ਕਰ ਕੇ ਅਮਰੀਕਾ 'ਚ ਵਸੇ ਗੋਰੇ ਹੁਣ ਆਪਣੀਆਂ ਕਬਰਾਂ 'ਤੇ ਪਾਉਣ ਲਈ ਮਰਨ ਤੋਂ ਪਹਿਲਾਂ ਹੀ ਆਪਣੇ ਪੁਰਖਿਆਂ ਦੀ ਧਰਤੀ ਤੋਂ ਮਹਿੰਗੇ ਭਾਅ ਮਿੱਟੀ ਮੰਗਵਾ ਲੈਂਦੇ ਨੇ। ਉਨ੍ਹਾਂ 'ਚ ਆਪਣੀ ਮਿਟੀ ਦਾ ਮੋਹ ਕਈ ਸਦੀਆਂ ਬਾਅਦ ਵੀ ਬਰਕਰਾਰ ਹੈ।

ਜਦੋਂ ਪਿੰਡ ਉਜਾੜਿਆ ਜਾਂਦਾ ਹੈ ਤਾਂ ਉਸ ਦੇ ਨਾਲ ਹੋਰ ਏਨਾ ਕੁਝ ਉੱਜੜ ਜਾਂਦਾ ਹੈ ਜਿਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਬੋਲੀ, ਸੱਭਿਆਚਾਰ ਤੇ ਹੋਰ ਬਹੁਤ ਕੁਝ ਦਾ ਘਾਣ ਹੋ ਜਾਂਦਾ ਹੈ। ਇਸ ਤਰ੍ਹਾਂ ਪੱਛਮੀ ਕੈਕੇਸ਼ੀਆ ਦੇ ਖੋਸਤਾ ਤੇ ਸਾਖੇ ਦਰਿਆ ਦੇ ਆਸ-ਪਾਸ ਰਹਿਣ ਵਾਲੇ ਉਭੀਖ ਲੋਕਾਂ ਨਾਲ ਹੋਇਆ। ਉਨੀਵੀਂ ਸਦੀ 'ਚ ਉਨ੍ਹਾਂ ਦੀ ਜ਼ਾਰਸ਼ਾਹੀ ਨਾਲ ਲੜਾਈ ਚਲ ਰਹੀ ਸੀ। ਉਹ ਬਹੁਤ ਬਹਾਦਰ ਕੌਮ ਗਿਣੀ ਜਾਂਦੀ ਸੀ ਤੇ ਉਸ ਨੇ ਜ਼ਾਰ ਅੱਗੇ ਗੋਡੇ ਟੇਕਣ ਤੋਂ ਨਾਂਹ ਕਰ ਦਿਤੀ। ਜ਼ਾਰ ਨੇ ਅਖੀਰ ਉਨ੍ਹਾਂ ਨੂੰ ਕਹਿ ਦਿੱਤਾ ਕਿ ਉਹ ਜਾਂ ਤਾਂ ਆਪਣੇ ਪਹਾੜ ਛੱਡ ਕੇ ਮੈਦਾਨੀ ਇਲਾਕੇ 'ਚ ਆ ਕੇ ਵੱਸ ਜਾਣ ਜਾਂ ਫਿਰ ਤੁਰਕੀ ਨੂੰ ਪਰਵਾਸ ਕਰ ਜਾਣ। ਕੁਝ ਜਗੀਰਦਾਰਾਂ ਦੇ ਪ੍ਰਭਾਵ ਥੱਲੇ ਉਭੀਖ ਤੁਰਕੀ ਚਲੇ ਗਏ। ਬਹੁਤ ਸਾਰੇ ਤਾਂ ਰਸਤੇ 'ਚ ਹੀ ਪਰਵਾਸ ਕਰਦੇ ਸਮੇਂ ਮਾਰੇ ਗਏ। ਜਿਹੜੇ ਨੌਜਵਾਨ ਸੀ ਉਹ ਤੁਰਕੀ ਦੇ ਸੁਲਤਾਨ ਨੇ ਧੱਕੇ ਨਾਲ ਫੌਜ 'ਚ ਭਰਤੀ ਕਰ ਲਏ ਤੇ ਉਹ ਸੁਲਤਾਨ ਦੇ ਖ਼ਾਤਰ ਲੜਦੇ ਮਾਰੇ ਗਏ। ਉਨ੍ਹਾਂ ਦੀ ਜੋ ਤੁਰਕੀ 'ਚ ਦੁਰਦਸ਼ਾ ਹੋਈ ਉਸਦੀ ਮਿਸਾਲ ਲੱਭਣੀ ਔਖੀ ਹੈ। ਜਦੋਂ ਰੂਸ 'ਚ ਇਨਕਲਾਬ ਆਇਆ ਤਾਂ ਬਾਕੀ ਬਚੇ ਉਭੀਖਾਂ ਨੇ ਵਾਪਸ ਆਪਣੇ ਦੇਸ਼ ਪਰਤਣਾ ਚਾਹਿਆ। ਤੇ ਉਹ ਵਾਪਸੀ ਸਮੇਂ ਭੁੱਖ ਤੇ ਹੈਜੇ ਨਾਲ ਮਾਰੇ ਗਏ। ਜਾਗੀਰਦਾਰ ਤੁਰਕੀ ਦੀ ਸਲਤਨਤ ਦੇ ਟੋਡੀ ਬਣ ਗਏ ਤੇ ਆਪਣੇ ਉਭੀਖ ਲੋਕਾਂ ਨੂੰ ਸੁਲਤਾਨ ਲਈ ਲੜਨ ਵਾਸਤੇ ਤਿਆਰ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਦੇ ਰਹੇ। ਇਹ ਮੰਨਿਆ ਜਾਂਦਾ ਹੈ ਕਿ 1992 'ਚ ਉਭੀਖ ਬੋਲੀ ਬੋਲਣ ਵਾਲਾ ਆਖ਼ਰੀ ਵਿਅਕਤੀ ਮਰ ਗਿਆ। 100 ਸਾਲ 'ਚ ਇਹ ਬਹਾਦਰ ਕੌਮ ਦੁਨੀਆ ਦੇ ਨਕਸ਼ੇ ਤੋਂ ਅਲੋਪ ਹੋ ਗਈ। ਇਸ ਸੰਬੰਧੀ ਰੂਸੀ ਲੇਖਕ ਬਗਰਾਤ ਸ਼ਿਨਕੁਬਾ ਨੇ 'The Last of the Departed' ਬਹੁਤ ਹੀ ਵਧੀਆ ਨਾਵਲ ਲਿਖਿਆ ਹੈ। ਨਾਵਲ ਦਾ ਅੰਤ ਉਹ ਇਸ ਕਥਨ ਨਾਲ ਕਰਦਾ ਹੈ ਕਿ 'ਜੋ ਆਪਣਾ ਦੇਸ਼ ਗੁਆ ਦਿੰਦਾ ਹੈ, ਉਹ ਸਭ ਕੁਝ ਗੁਆ ਦਿੰਦਾ ਹੈ।' ਇਸ ਤੋਂ ਸਪਸ਼ਟ ਹੈ ਕਿ ਜਿਸ ਤੋਂ ਉਸਦਾ ਪਿੰਡ ਖੋਹ ਲਿਆ ਜਾਂਦਾ ਹੈ ਉਸ ਤੋਂ ਉਸਦਾ ਸਭ ਕੁਝ ਖੋਹ ਲਿਆ ਜਾਂਦਾ ਹੈ।

ਚੰਡੀਗੜ੍ਹ ਨੂੰ ਹੀ ਲੈ ਲਵੋ। ਦੁਨੀਆਂ ਦਾ ਸੁੰਦਰ ਸਮਝਿਆ ਜਾਣ ਵਾਲਾ ਇਹ ਸ਼ਹਿਰ ਹਜ਼ਾਰਾਂ ਲੋਕਾਂ ਦੇ ਉਜਾੜੇ 'ਤੇ ਉਸਰਿਆ ਹੋਇਆ ਹੈ। ਇਸ ਦੀਆਂ ਨੀਂਹਾਂ ਪਤਾ ਨਹੀਂ ਕਿੰਨੀਆਂ ਆਹਾਂ, ਬਦਅਸੀਸਾਂ ਤੇ ਹੰਝੂਆਂ 'ਤੇ ਟਿਕੀਆਂ ਹੋਈਆਂ ਨੇ। ਮੈਂ ਉਨ੍ਹਾਂ ਬਹੁਤ ਸਾਰੇ ਲੋਕਾਂ ਨੂੰ ਮਿਲਿਆਂ ਜਿਨ੍ਹਾਂ ਦੇ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ ਹੈ। ਇਸ ਨੂੰ ਵਸਾਉਣ ਲਈ 28 ਪਿੰਡਾਂ ਦਾ ਵਜੂਦ ਮਿੱਟੀ 'ਚ ਮਿਲਾ ਦਿੱਤਾ ਗਿਆ। ਕੁਝ ਪਿੰਡ ਜਿਵੇਂ ਡੱਡੂ ਮਾਜਰਾ, ਹਲੋ ਮਾਜਰਾ, ਬੁਡੈਲ, ਬੱਡਹੇੜੀ, ਰਾਏਪੁਰ ਆਦਿ ਮੂਲ ਵਾਸੀਆਂ ਦੇ ਯਤਨਾਂ ਸਦਕਾ ਬਚ ਗਏ। ਅੰਗਰੇਜ਼ ਸਿੰਘ ਬੱਡਹੇੜੀ ਨੇ ਇਨ੍ਹਾਂ ਪਿੰਡਾਂ ਦੇ ਵਜੂਦ ਨੂੰ ਮਿਟਣ ਤੋਂ ਬਚਾਉਣ ਲਈ ਬੜੀ ਜੱਦੋ-ਜਹਿਦ ਕੀਤੀ। 1971 'ਚ ਉਹ ਉਸ ਸਮੇਂ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲੇ। ਪ੍ਰਧਾਨ ਮੰਤਰੀ ਨੇ ਚੰਡੀਗੜ੍ਹ ਆ ਕੇ ਐਲਾਨ ਕੀਤਾ ਕਿ ਅੱਜ ਤੋਂ ਬਾਅਦ ਹੋਰ ਕੋਈ ਪਿੰਡ ਨਹੀਂ ਢਾਹਿਆ ਜਾਵੇਗਾ। ਸਿਰਫ ਜ਼ਮੀਨ ਹੀ ਐਕੁਆਇਰ ਕੀਤੀ ਜਾਵੇਗੀ। ਚੰਡੀਗੜ੍ਹ ਵਸਾਉਣ ਲਈ ਉਜਾੜੇ ਗਏ ਪਿੰਡਾਂ 'ਚ ਕੁਝ ਰਾਜਸਥਾਨ, ਕੁਝ ਉੱਤਰ ਪ੍ਰਦੇਸ਼ ਤੇ ਕੁਝ ਪੰਜਾਬ ਦੇ ਅੱਲਗ ਪਿੰਡਾਂ 'ਚ ਜਾ ਵਸੇ ਨੇ।

ਚੰਡੀਗੜ੍ਹ ਵਸਾਉਣ ਲਈ ਢਾਹੇ ਗਏ ਪਿੰਡਾਂ ਦੀ ਮਾਂ ਬੋਲੀ ਪੁਆਧੀ ਸੀ, ਪਰ ਹੁਣ ਉਨ੍ਹਾਂ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਟੁੱਟ ਗਏ ਨੇ। ਜਿਹੜੇ ਪਿੰਡ 'ਚ ਹੁਣ ਵੱਸੇ ਨੇ ਉਥੇ ਉਹ ਅਜੇ ਵੀ 'ਬਾਹਰਲੇ' ਵੱਜਦੇ ਨੇ। ਇਕ ਦਿਨ ਮੈਨੂੰ ਉਮਰ ਦੇ 90 ਸਾਲਾਂ ਨੂੰ ਢੁਕਿਆ ਡਾਕਟਰ ਸ਼ੇਰ ਸਿੰਘ ਚੰਡੀਗੜ੍ਹ ਦੀ ਸੁਖਨਾ ਲੇਕ 'ਤੇ ਲੈ ਗਿਆ। ਉਥੇ ਜਾ ਕੇ ਉਹ ਉੱਚੀ ਉੱਚੀ ਰੋਣ ਲੱਗ ਪਿਆ। ਨਾਲ ਲੱਗਦੇ ਲੇਕ ਕਲੱਬ ਵੱਲ ਉਂਗਲ ਕਰ ਕੇ ਕਹਿਣ ਲੱਗਿਆ, ਇਥੇ ਸਾਡੀ ਜ਼ਮੀਨ ਸੀ। ਆਹ ਜਿਹਨੂੰ ਲੋਕ ਹੁਣ ਸੁਖਨਾ ਲੇਕ (ਝੀਲ) ਕਹਿੰਦੇ ਨੇ ਇਹ ਛੱਪੜ ਸੀ। ਇਹ ਸੁਖਨਾ ਚੋਅ ਦੇ ਪਾਣੀ ਨਾਲ ਭਰ ਕੇ ਉਛਲਦਾ ਸੀ ਤੇ ਪਾਣੀ ਬਰਸਾਤੀ ਨਾਲੇ ਰਾਹੀਂ ਅਗੇ ਨਿਕਲ ਜਾਂਦਾ ਸੀ। ਜਿਥੇ ਅੱਜ-ਕੱਲ੍ਹ ਪੰਜਾਬ ਰਾਜ ਭਵਨ (ਗਵਰਨਰ ਦਾ ਰੈਣ ਬਸੇਰਾ) ਹੈ ਉਥੇ ਡਾਕਟਰ ਸ਼ੇਰ ਸਿੰਘ ਦਾ ਪਿੰਡ ਭੰਗੀ ਮਾਜਰਾ ਉਰਫ ਰਾਮਨਗਰ ਸੀ। ਜਿੱਥੇ 17 ਸੈਕਟਰ ਦਾ ਬੱਸ ਅੱਡਾ ਹੈ ਉਥੇ ਰੁੜਕੀ ਪੜਾਓ ਵਾਲੀ ਸੀ, ਜਿਥੇ ਰਾਹੀ ਰੁਕ ਕੇ ਖੂਹਾਂ ਦੇ ਪਾਣੀ ਪੀਂਦੇ ਸੀ। ਸੈਕਟਰ 17 ਵਾਲੇ ਇਲਾਕੇ 'ਚ ਕੋਈ 15 ਦੇ ਕਰੀਬ ਖੂਹ ਸੀ। ਅਜਮੇਰ ਸਿੰਘ ਜੋ 102 ਸਾਲ ਦੀ ਉਮਰ 'ਚ ਇਸ ਸੰਸਾਰ ਤੋਂ ਕੁਝ ਸਾਲ ਪਹਿਲਾਂ ਵਿਦਾ ਹੋਇਆ, ਦਾ ਪਿੰਡ ਕਾਲੀਬਾਰ ਸੈਕਟਰ 8 ਦੇ ਗੁਰਦੁਆਰੇ ਕੋਲ ਸੀ। ਪੀ.ਜੀ.ਆਈ. ਖੁੱਡਾ ਜੱਸੂ ਤੇ ਪੰਜਾਬ ਯੂਨੀਵਰਸਿਟੀ ਕਾਂਜੀ ਮਾਜਰਾ ਤੇ ਧਨਾਸ ਦੀ ਜ਼ਮੀਨ 'ਚ ਬਣੀ ਹੈ। ਅਜੇ ਕੁਝ ਉਨ੍ਹਾਂ ਪਿੰਡਾਂ ਦੇ ਮੂਲ ਵਾਸੀ ਜਿਉਂਦੇ ਨੇ ਜਿਨ੍ਹਾਂ ਦੇ ਪਿੰਡਾਂ ਨੂੰ ਖਤਮ ਕਰ ਕੇ ਚੰਡੀਗੜ੍ਹ ਵਸਾਇਆ ਗਿਆ। ਉਹ ਆਪਣੇ ਪਿੰਡਾਂ ਨੂੰ ਯਾਦ ਕਰਕੇ ਧਾਹਾਂ ਮਾਰ ਕੇ ਰੋਂਦੇ ਨੇ।

ਕਿਹਾ ਜਾਂਦਾ ਹੈ ਕਿ ਸ਼ਹਿਰਾਂ ਦੀ ਆਪਣੀ ਕੋਈ ਰੂਹ ਨਹੀਂ ਹੁੰਦੀ। ਪਿੰਡਾਂ ਦੀ ਹੁੰਦੀ ਹੈ। ਪਿੰਡ ਦੀ ਉਸਾਰੀ ਸਾਂਝੇ ਖ਼ੂਨ 'ਚੋ ਹੋਈ ਹੁੰਦੀ ਹੈ। ਸਮਾਜ ਵਿਗਿਆਨੀ ਕਹਿੰਦੇ ਨੇ ਕਿ 'Root Shock' (ਉਜਾੜੇ ਦਾ ਸਦਮਾ) ਸਭ ਤੋਂ ਖ਼ਤਰਨਾਕ ਹੁੰਦਾ ਹੈ। ਇਸ ਸਦਮੇ 'ਚੋਂ ਉਭਰਨ ਲਈ ਦਹਾਕੇ ਲੱਗ ਜਾਂਦੇ ਨੇ। ਜਿਹੜੀ ਪੀੜ੍ਹੀ ਨੂੰ ਇਹ ਸਦਮਾ ਲੱਗਦਾ ਹੈ, ਉਸ ਨੂੰ ਇਸ ਤੋਂ ਬਾਹਰ ਨਿਕਲਣਾ ਨਾ-ਮੁਮਕਿਨ ਹੁੰਦਾ ਹੈ।

ਕੀ ਕਿਸੇ ਸਮੇਂ (ਅੱਜ ਤੋਂ 50-100 ਸਾਲ ਬਾਅਦ) ਉਸ ਸਵਾਲ ਦਾ ਸਾਹਮਣਾ ਸਾਡੇ ਲੋਕਾਂ ਨੂੰ ਵੀ ਕਰਨਾ ਪਵੇਗਾ ਜਿਸ ਦਾ ਐਲੈਕਸ ਹੇਲੀ ਨੂੰ ਆਪਣੀਆਂ ਛੇ ਪੁਸ਼ਤਾਂ ਬਾਅਦ 1960 'ਚ ਕਰਨਾ ਪਿਆ ਸੀ। ਮੈਨੂੰ ਲੱਗਦਾ ਹੈ ਕਿ ਹਰ ਹਾਲਤ 'ਚ ਕਰਨਾ ਪਊ। ਸ਼ਾਇਦ ਉਨ੍ਹਾਂ ਨੂੰ ਹੁਣੇ ਕਰਨਾ ਪੈ ਰਿਹਾ ਹੋਵੇ, ਜਿਨ੍ਹਾਂ ਦੇ ਬਜ਼ੁਰਗ ਪਿਛਲੀ ਸਦੀ ਦੇ ਸ਼ੁਰੂ 'ਚ ਹੀ ਅਮਰੀਕਾ, ਕੈਨੇਡਾ, ਸਿੰਗਾਪੁਰ, ਮਲਾਇਆ ਵਰਗੇ ਦੇਸ਼ਾਂ ਨੂੰ ਤੁਰ ਗਏ ਸਨ।

ਗੁਰਦਾਸ ਮਾਨ ਨੂੰ ਆਪਣੇ ਪਿੰਡ ਦੀ ਯਾਦ ਸਤਾਉਂਦੀ ਹੈ। ਇਸ ਲਈ ਉਸ ਨੇ ਲਿਖਿਆ ਹੈ 'ਮੁੜ ਮੁੜ ਯਾਦ ਸਤਾਏ ਪਿੰਡ ਦੀ ਗਲੀਆਂ ਦੀ।' ਅੱਜ ਤੋਂ ਕੁੱਝ ਪੀੜ੍ਹੀਆਂ ਬਾਅਦ ਇਹ ਯਾਦ ਉਨ੍ਹਾਂ ਨੂੰ ਵੀ ਸਤਾਊ, ਜੋ ਪੰਜਾਬ ਛੱਡ ਕੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇਟਲੀ ਤੇ ਹੋਰ ਮੁਲਕਾਂ ਵਿਚ ਜਾ ਵਸੇ ਨੇ, ਤੇ ਉਨ੍ਹਾਂ ਨੂੰ ਵੀ ਜੋ ਪੰਜਾਬ ਛੱਡ ਕੇ ਰਾਜਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਹੋਰ ਰਾਜਾਂ 'ਚ ਮਜਬੂਰੀ ਵੱਸ ਜਾਂ ਸਮੇਂ ਸਮੇਂ ਦੀਆਂ ਸਰਕਾਰਾਂ ਦੀ ਸ਼ਹਿਰ ਵਸਾਉਣ ਦੀ ਜ਼ਿੱਦ ਕਰਕੇ ਉੱਜੜ ਕੇ ਗਏ ਨੇ। ਗੁਰਦਾਸ ਮਾਨ ਇਕੱਲਾ ਹੀ ਨਹੀਂ ਜਿਸਨੇ ਅਜੇਹਾ ਗੀਤ ਲਿਖਿਆ ਹੈ।

ਸਾਬ ਪੰਜਗੋਟੇ ਦਾ ਗੀਤ
'ਇਕ ਵਾਰੀ ਤਾਂ ਮਨਾਂ ਪਿੰਡ ਹੋ ਆਈਏ ਓ,
ਆਪਣਿਆਂ ਤੋਂ ਵਿਛੜੇ ਨਾ ਮਰ ਜਾਈਏ ਓ,
ਦਿਲ ਦੀ ਪੰਜਗੋਟੇ ਵਾਲਾ ਸਾਫ ਕਹੇ,
ਮੇਰਾ ਤਨ ਰਹਿੰਦਾ ਪ੍ਰਦੇਸੀ ਰੂਹ ਪੰਜਾਬ ਰਹੇ।

ਧਰਮਵੀਰ ਥਾਂਦੀ ਦਾ ਗੀਤ:
ਖੇਤੀ ਖੂਹਾਂ 'ਤੇ ਜਾ ਕੇ ਮੋਣਾਂ ਕੋਲ ਰੋ ਕੇ ਆਇਆਂ,
ਖਾਲੀ ਖੜੇ ਮੰਜਿਆਂ ਦੀਆਂ ਦੌਣਾਂ ਕੋਲ ਰੋ ਕੇ ਆਇਆਂ।

ਇਨ੍ਹਾਂ ਗੀਤਾਂ ਨੂੰ ਸੁਣ ਕੇ ਰੂਹ ਅੰਬਰਾਂ ਤਕ ਰੋਣ ਲਗ ਜਾਂਦੀ ਹੈ।

# ਲੈਂਡ ਪੂਲਿੰਗ ਪਾਲਿਸੀ, ਖੇਤੀ ਨੀਤੀ ਅਤੇ ਪੰਜਾਬ ਦਾ ਅਰਥਚਾਰਾ

ਪੰਜਾਬ ਸਰਕਾਰ ਸੂਬੇ ਦੇ ਵਿਕਾਸ ਨੂੰ ਨਵੀਆਂ ਲੀਹਾਂ ਉਤੇ ਪਾਉਣ ਲਈ ਲੈਂਡ ਪੂਲਿੰਗ ਪਾਲਿਸੀ ਲੈ ਕੇ ਆਈ ਹੈ ਜਿਸ ਦਾ ਉਦੇਸ਼ ਪੰਜਾਬ ਦੇ ਵਿਕਾਸ ਯੋਜਨਾ ਵਿਚ ਭੂਮੀ ਮਾਲਕਾਂ, ਪ੍ਰਮੋਟਰਾਂ ਅਤੇ ਕੰਪਨੀਆਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨਾ ਅਤੇ ਭੂਮੀ ਮਾਲਕਾਂ ਦੀ ਇਸ ਪਾਲਿਸੀ ਵਿਚ ਦਿਲਚਸਪੀ ਵਧਾਉਣਾ ਹੈ ਜਿਸ ਤਹਿਤ ਸਰਕਾਰ ਨੇ ਸੂਬੇ ਦੇ 27 ਸ਼ਹਿਰਾਂ ਦੇ ਆਲੇ-ਦੁਆਲੇ ਅਰਬਨ ਅਸਟੇਟ ਵਿਕਸਤ



ਪ੍ਰੋ. ਮੇਹਰ ਮਾਣਕ

ਕਰਨ ਲਈ 65533 ਏਕੜ ਜ਼ਮੀਨ ਦੀ ਕਾਗਜ਼ੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ।

ਸਰਕਾਰ ਨੇ 6 ਇੰਡਸਟਰੀਅਲ ਜ਼ੋਨ ਬਣਾਉਣ ਵਾਸਤੇ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24511 ਏਕੜ ਜ਼ਮੀਨ ਐਕੁਆਇਰ ਕਰਨੀ ਹੈ। ਸਰਕਾਰ ਮੁਤਾਬਿਕ ਰੀਅਲ ਅਸਟੇਟ ਵਾਲੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਕਲੋਨੀਆਂ ਬਣਾ ਕੇ ਮਹਿੰਗੇ ਘਰ ਵੇਚਦੇ ਹਨ। ਇਹ ਕਲੋਨੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਕਰਕੇ ਸਰਕਾਰ ਜ਼ਮੀਨ ਐਕੁਆਇਰ ਕਰ ਕੇ ਆਪਣੀ ਦੇਖ-ਰੇਖ ਹੇਠ ਵਿਕਸਿਤ ਕਰੇਗੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਕਾਲੋਨਾਈਜ਼ਰਾਂ ਨੂੰ ਖੁੱਲ੍ਹ ਕਿਸ ਨੇ ਅਤੇ ਕਿਉਂ ਦਿੱਤੀ ਹੈ? ਕੀ ਸਰਕਾਰ ਇਨ੍ਹਾਂ ਖ਼ਿਲਾਫ ਕਾਰਵਾਈ ਕਰ ਕੇ ਕਲੋਨੀਆਂ ਦੀ ਵਿਗੜੀ ਹਾਲਤ ਨੂੰ ਸੁਧਾਰ ਨਹੀਂ ਸਕਦੀ? ਦੂਸਰਾ ਪੰਜਾਬ ਦੇ ਬਾਸ਼ਿੰਦਿਆਂ ਕੋਲ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ ਹੈ। ਜੇ ਇਹ ਕਲੋਨੀਆਂ ਦਾ ਪਸਾਰਾ ਅਤੇ ਖਿਲਾਰਾ ਬਹੁਤ ਦੇਰ ਤੋਂ ਲਗਾਤਾਰ ਰਿਹਾ ਹੈ ਤਾਂ ਦੇਖਣ ਦੀ ਲੋੜ ਹੈ ਕਿ ਇਹ ਕਿਉਂ ਅਤੇ ਕਿਨ੍ਹਾਂ ਲੋਕਾਂ ਲਈ ਹੋ ਰਿਹਾ ਹੈ? ਇਸ ਦੇ ਆਰਥਿਕ ਅਤੇ ਸਮਾਜਿਕ ਪਹਿਲੂ ਕੀ ਹਨ? ਇੱਕ ਅੰਦਾਜ਼ੇ ਮੁਤਾਬਕ ਜੇਕਰ 43533 ਏਕੜ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਤਕਰੀਬਨ 14000 ਪਰਿਵਾਰਾਂ ਦਾ ਉਜਾੜਾ ਹੋਵੇਗਾ ਉੱਥੇ ਨਾਲ ਹੀ ਸੂਬੇ ਅੰਦਰ ਝੋਨੇ ਦੀ ਡੇਢ ਲੱਖ ਟਨ ਪੈਦਾਵਾਰ ਵੀ ਘਟੇਗੀ ਅਤੇ ਕਾਮੇ ਵਰਗ ਲਈ ਕੰਮ ਦੇ ਮੌਕੇ ਵੀ ਮਨਫੀ ਹੋ ਜਾਣਗੇ।

ਸਰਕਾਰ ਨੇ ਅਗਾਂਹ ਕਿਹਾ ਹੈ ਕਿ ਉਹ ਪੰਜਾਬ ਦੇ 27 ਸ਼ਹਿਰਾਂ ਵਿਚ ਇਹ ਨੀਤੀ ਲਾਗੂ ਕਰੇਗੀ। ਕੀ ਪਹਿਲਾਂ ਹੀ ਸੂਬੇ ਅੰਦਰ ਸ਼ਹਿਰਾਂ ਦੀ ਘਾਟ ਹੈ? ਜੇਕਰ ਅਸੀਂ ਪਹਿਲਾਂ ਹੀ ਵਸਦੇ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਹੀਂ ਕਰ ਸਕੇ ਤਾਂ ਸ਼ਹਿਰਾਂ ਦੇ ਹੋਰ ਪਸਾਰੇ ਨਾਲ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ ਇਹ ਆਪਾਂ ਸਭ ਜਾਣਦੇ ਹਾਂ। ਇਸ ਨੀਤੀ ਵਿਚ ਕਿਹਾ ਗਿਆ ਹੈ ਕਿ ਇੱਕ ਕਿੱਲਾ ਜ਼ਮੀਨ ਦੇਣ ਦੇ ਬਦਲੇ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਿਉਪਾਰਕ ਪਲਾਟ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਮੀਡੀਆ ਵਿਚ ਆਈ ਜਾਣਕਾਰੀ ਮੁਤਾਬਿਕ ਵਿਕਸਿਤ ਹੋਣ ਉਪਰੰਤ ਇੱਕ ਕਿੱਲੇ ਦੀ ਕੀਮਤ ਮਾਰਕੀਟ ਰੇਟ ਤੋਂ ਵਧ ਕੇ ਚਾਰ ਕਰੋੜ ਵੀਹ ਲੱਖ ਰੁਪਏ ਹੋ ਜਾਵੇਗੀ। ਹੋਰ ਤਾਂ ਹੋਰ ਨੀਤੀ ਵਿਚ ਕਿਹਾ ਗਿਆ ਹੈ ਕਿ 50 ਏਕੜ ਦੇ ਏਰੀਏ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਸਬੰਧਿਤ ਕਿਸਾਨ ਨੂੰ 60:40 ਦੇ ਅਨੁਪਾਤ ਅਨੁਸਾਰ ਇੱਕ ਕਿੱਲੇ ਪਿੱਛੇ ਇੱਕ ਕਰੋੜ ਰੁਪਏ ਦਾ ਵਿਕਾਸ ਖਰਚਾ ਵੀ ਦੇਣਾ ਪਵੇਗਾ। ਜੇਕਰ ਤਜਰਬਿਆਂ ਦੇ ਆਧਾਰ 'ਤੇ ਸੋਚੀਏ ਤਾਂ ਏਰੀਏ ਨੂੰ ਵਿਕਸਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਵਕਤ ਲੱਗੇਗਾ ਕਿਉਂਕਿ ਇਹ ਕੋਈ ਦਿਨਾਂ ਜਾਂ ਮਹੀਨਿਆਂ ਦੀ ਖੇਡ ਨਹੀਂ। ਜੇਕਰ ਹੁਣ ਸ਼ਹਿਰ ਲਾਗਲੀਆਂ/ ਨੇੜਲੀਆਂ ਜ਼ਮੀਨਾਂ ਦੇ ਰੇਟ ਦੀ ਗੱਲ ਕਰੀਏ ਤਾਂ ਉਹ ਤਾਂ ਕਿਤੇ ਦੇ ਕਿਤੇ ਜਾ ਚੁੱਕੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਜ਼ਮੀਨਾਂ ਐਕੁਆਇਰ ਕਰਨ ਨਾਲ ਪੇਂਡੂ ਅਰਥਚਾਰੇ ਦਾ ਮੂੰਹ ਮੁਹਾਂਦਰਾ ਸੁਧਰੇਗਾ? ਜੇਕਰ ਨਹੀਂ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਖੇਤੀ ਅਰਥਚਾਰੇ ਨੂੰ ਉਨਤ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਲੈ ਕੇ ਆਵੇ? ਇਸ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਛੋਟਾ ਕਿਸਾਨ ਜੋ ਅੱਜ ਇੱਕ ਕਿੱਲੇ ਭਾਵ 4840 ਗਜ਼ ਦਾ ਮਾਲਕ ਹੈ ਉਹ 1200 ਗਜ਼ ਦਾ ਮਾਲਕ ਬਣ ਕੇ ਰਹਿ ਜਾਵੇਗਾ। ਕੀ ਇਹ ਗੈਰ-ਕਿਸਾਨੀਕਰਨ ਦੀ ਨੀਵਾਣਾਂ ਵੱਲ ਜਾਣ ਵਾਲੀ ਪ੍ਰਕਿਰਿਆ ਨਹੀਂ ਹੈ? ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ ਪਰ ਅਸਾਵੇਂ ਸਮਾਜਾਂ ਵਿਚ ਸਹਿਮਤੀ ਦੇ ਮੌਕੇ ਬਣਾਉਣ ਲਈ ਅਨੇਕਾਂ ਦਿੱਖ-ਅਦਿੱਖ ਦਬਾਵਾਂ ਰਾਹੀਂ ਪ੍ਰਸਿਥਤੀਆਂ ਦਾ ਪੈਦਾ ਹੋਣਾ ਸੁਭਾਵਿਕ ਹੈ। ਇਸ ਤੋਂ ਇਲਾਵਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ ਕੀ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਰਜ਼ੀ ਮੁਤਾਬਿਕ ਕਿਸੇ ਹੋਰ ਕੋਲ ਵੇਚ ਜਾਂ ਗਹਿਣੇ ਧਰ ਸਕਦਾ ਹੈ? ਜੇਕਰ ਨਹੀਂ ਫਿਰ ਮਰਜ਼ੀ ਅਤੇ ਨਾ-ਮਰਜ਼ੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਨੀਤੀ ਤਹਿਤ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਲੈਂਡ ਪੂਲਿੰਗ ਵਿਚ ਆਈ ਉਸ ਨੂੰ ਤੀਜੇ ਹਿੱਸੇ ਤੋਂ ਘੱਟ ਵਿਕਸਤ ਜ਼ਮੀਨ ਮੁਆਵਜ਼ੇ ਦੇ ਰੂਪ ਵਿਚ ਮਿਲੇਗੀ ਪਰ ਜਿਸ ਕਿਸਾਨ ਦੀ ਜ਼ਮੀਨ ਨੌਂ ਏਕੜ ਐਕੁਆਇਰ ਹੋਵੇਗੀ ਉਸ ਨੂੰ ਤੀਜਾ ਹਿੱਸਾ ਮਿਲੇਗਾ ਅਤੇ ਵੱਡੇ ਕਿਸਾਨਾਂ ਦਾ ਸਮੂਹ ਜੋ ਪੰਜਾਹ ਏਕੜ ਜ਼ਮੀਨ ਦੇਵੇਗਾ ਉਸ ਨੂੰ ਅੱਧ ਤੋਂ ਵੱਧ ਜ਼ਮੀਨ ਮਿਲੇਗੀ। ਇਸ ਤਰ੍ਹਾਂ ਇਹ ਲੈਂਡ ਪੂਲਿੰਗ ਨੀਤੀ ਵੱਡੇ ਅਤੇ ਛੋਟਿਆਂ ਵਿਚ ਫਰਕ ਕਰਦੀ ਹੈ ਜਦ ਸੂਬੇ ਅੰਦਰ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਦੀ ਹੋਂਦ ਅਤੇ ਉਪਜੀਵਿਕਾ ਖੇਤੀ ਅਰਥਚਾਰੇ ਨਾਲ ਜੁੜੀ ਹੋਈ ਹੈ। ਤੀਸਰਾ ਇਸ ਤਰ੍ਹਾਂ ਇਸ ਨੀਤੀ ਅਧੀਨ ਬਹੁ-ਗਿਣਤੀ ਕਿਸਾਨਾਂ ਦਾ ਉਜਾੜਾ ਤੈਅ ਹੈ ਜਿਨ੍ਹਾਂ ਕੋਲ ਕੋਈ ਬਦਲਵਾਂ ਆਮਦਨ ਦਾ ਸਾਧਨ ਨਹੀਂ ਹੈ। ਇਸ ਨੀਤੀ ਵਿਚ ਇਹ ਵੀ ਕਿਹਾ ਗਿਆ ਹੈ ਕਿ ਪ੍ਰੋਜੈਕਟ ਪੂਰਾ ਹੋਣ 'ਤੇ ਹਰੇਕ ਕਿਸਾਨ ਨੂੰ 30000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲਾਂ ਲਈ ਸਾਲਾਨਾ ਗੁਜ਼ਾਰਾ ਭੱਤਾ ਮਿਲੇਗਾ ਜਦ ਕਿ ਜ਼ਮੀਨ ਦਾ ਠੇਕਾ ਲੱਖ-ਲੱਖ ਰੁਪਏ



ਸਾਲਾਨਾ ਨੂੰ ਪਹੁੰਚ ਚੁੱਕਿਆ ਹੈ ਅਤੇ ਇਹ ਆਏ ਸਾਲ ਵਧਦਾ ਵੀ ਰਹਿੰਦਾ ਹੈ। ਦੂਸਰਾ ਤਜਰਬਾ ਇਹ ਦੱਸਦਾ ਹੈ ਕਿ ਬਹੁ-ਗਿਣਤੀ ਪ੍ਰੋਜੈਕਟ ਸਮੇਂ ਸਿਰ ਕਦੇ ਵੀ ਨੇਪਰੇ ਨਹੀਂ ਚੜ੍ਹੇ। ਜੇ ਅਜਿਹੇ ਪ੍ਰੋਜੈਕਟ ਸਿਰੇ ਚੜ੍ਹ ਵੀ ਜਾਂਦੇ ਹਨ ਤਾਂ ਇਸ ਨੇ ਪਿੰਡ ਦੀ ਖੂਬਸੂਰਤ ਇਕਾਈ ਦਾ ਜਿੱਥੇ ਮਲੀਆਮੇਟ ਕਰਨਾ ਹੈ ਉੱਥੇ ਹੀ ਇਸ ਨੇ ਨਵੀਆਂ ਸਮਾਜਿਕ ਪਰਤਾਂ ਅਤੇ ਸਫਬੰਦੀਆਂ ਨੂੰ ਜਨਮ ਦੇਣਾ ਹੈ। ਪਿੰਡਾਂ ਵਿਚ ਬਹੁਤ ਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ ਇਸ ਕਰਕੇ ਪੇਂਡੂ ਵਸੋਂ ਦੇ ਬਹੁਤ ਵੱਡੇ ਸਮਾਜਿਕ ਹਿੱਸੇ ਨੇ ਆਰਥਿਕ ਤੰਗਦਸਤੀਆਂ, ਸਮਾਜਕ, ਸਭਿਆਚਾਰਕ ਅਤੇ ਮਾਨਸਿਕ ਉਲਝਣ ਭਰੇ ਸੰਕਟਾਂ ਦਾ ਸ਼ਿਕਾਰ ਹੋਣਾ ਹੈ। ਆ ਰਹੀਆਂ ਵੱਡੀਆਂ-ਵੱਡੀਆਂ ਕੌਮੀ ਸੜਕਾਂ ਰਾਹੀਂ ਜੁੜ ਕੇ ਇਹ ਮਾਡਲ ਵੱਡੇ-ਵੱਡੇ ਘਰਾਣਿਆਂ ਦੇ ਹਿੱਤ ਪੂਰਦਾ ਹੋਇਆ ਜਿੱਥੇ ਕਿਸਾਨੀ ਦੀ ਬਹੁ ਵਸੋਂ ਨੂੰ ਉਜਾੜੇਗਾ ਉੱਥੇ ਹੀ ਆਮ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਕਾਰੀਗਰਾਂ ਅਤੇ ਹੋਰ ਰੋਜ਼ੀ ਰੋਟੀ ਦੇ ਆਹਰੇ ਲੱਗੇ ਲੋਕਾਂ ਨੂੰ ਵਿਹਲਾ ਕਰ ਦੇਵੇਗਾ। ਇਸ ਵਿਚ ਅਨਪੜ੍ਹ, ਬੇਜ਼ਮੀਨੇ ਅਤੇ ਗੈਰ ਕਾਰੀਗਰ ਕਾਮਿਆਂ ਲਈ ਕੋਈ ਥਾਂ ਨਹੀਂ। ਇਹ ਨੀਤੀ ਲੋਕਾਂ ਦੇ ਮੁੜ ਵਸੇਬੇ ਅਤੇ ਮੁਆਵਜ਼ੇ ਦੇ ਮਸਲੇ ਬਾਰੇ ਚੁੱਪ ਹੈ। ਹੋਰ ਤਾਂ ਹੋਰ ਜੇਕਰ ਕਿਸਾਨਾਂ ਨੂੰ ਤੁਰੰਤ ਨਕਦੀ ਖੁੱਲ੍ਹੇ ਪੈਸੇ ਦੇ ਵੀ ਦਿੱਤੇ ਜਾਣ ਤਾਂ ਉਹ ਕੁਝ ਦਿਨ ਤਾਂ ਰਾਜਿਆਂ ਮਹਾਰਾਜਿਆਂ ਵਾਂਗ ਜੀਣਗੇ ਪਰ ਕੁੱਝ ਅਰਸੇ ਬਾਅਦ ਉਹ ਅਣਕਿਆਸੀ ਕੰਗਾਲੀ ਦਾ ਸ਼ਿਕਾਰ ਹੋ ਜਾਣਗੇ। ਇਹ ਸਭ ਨੂੰ ਪਤਾ ਹੈ ਕਿ ਕਿਸਾਨ ਬਹੁਤ ਸਿੱਧਾ ਸਾਦਾ ਹੈ ਇਸ ਕਰਕੇ ਕਿਸਾਨੀ ਦੀ ਬਹੁ ਵਸੋਂ ਨੂੰ ਤਾਂ ਲੰਮੇ ਨਫੇ ਲਈ ਪੈਸੇ ਵੀ ਖਰਚਣੇ ਨਹੀਂ ਆਉਂਦੇ। ਬਾਕੀ ਨਵੀਆਂ ਬਦਲਵੀਆਂ ਪ੍ਰਸਥਿਤੀਆਂ ਵਿਚ ਉਹ ਤਾਂ ਕੀ ਚੰਗੇ ਚੰਗੇ ਵਪਾਰੀ ਵੀ ਅਸਾਵੇਂ ਮੁਕਾਬਲੇ ਦੇ ਦੌਰ ਵਿਚ ਦਿਓ ਕੱਦ ਮੰਡੀ ਤਾਕਤਾਂ ਦੇ ਸਾਹਮਣੇ ਟਿਕ ਨਹੀਂ ਪਾਉਣਗੇ।

ਇਸ ਤੋਂ ਵੀ ਅਗਾਂਹ ਦਾ ਮਸਲਾ ਇਹ ਹੈ ਕਿ ਜੇਕਰ ਇੱਦਾਂ ਹੀ ਇੰਡਸਟਰੀਅਲ ਜ਼ੋਨਾਂ ਨੂੰ ਵਿਕਸਿਤ ਕਰਨ ਲਈ ਉਪਜਾਊ ਜ਼ਮੀਨਾਂ ਨੂੰ ਐਕੁਆਇਰ ਕਰਦੇ ਜਾਓਗੇ ਤਾਂ ਅੰਨ ਦਾਣਾ ਅਤੇ ਸਬਜ਼ੀਆਂ ਖਾਣ ਲਈ ਫ਼ਸਲਾਂ ਕਿੱਥੇ ਬੀਜੋਗੇ? ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਪੰਜਾਬ ਅੰਦਰ ਪਹਿਲਾਂ ਹੀ ਖੇਤੀ ਅਧੀਨ ਰਕਬਾ ਬਹੁਤ ਤੇਜ਼ੀ ਨਾਲ ਘਟ ਰਿਹਾ ਹੈ।

ਇਸ ਲੰਘੇ ਦਹਾਕੇ ਦੌਰਾਨ ਸੂਬੇ ਵਿਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਉਸਰ ਰਹੀਆਂ ਕਲੋਨੀਆਂ ਅਤੇ ਸੜਕਾਂ ਦੇ ਜਾਲ ਨੇ ਖਪਾ ਲਿਆ ਹੈ। ਸਰਕਾਰ ਵੱਲੋਂ ਲੁਧਿਆਣਾ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਅਰਬਨ ਅਸਟੇਟ ਅਧੀਨ ਲਿਆਉਣ ਦੀ ਯੋਜਨਾ ਬਣਾਈ ਗਈ ਹੈ। ਭਾਰਤ ਸਰਕਾਰ ਵੱਲੋਂ 60 ਹਜ਼ਾਰ ਏਕੜ ਹਾਈਵੇਅ ਬਣਾਉਣ ਲਈ ਜ਼ਮੀਨ ਐਕੁਆਇਰ ਕੀਤੀ ਜਾ ਚੁੱਕੀ ਹੈ ਇਸ ਤੋਂ ਇਲਾਵਾ ਭਾਰਤੀ ਰੇਲਵੇ ਵੀ ਮਾਲ ਗੱਡੀਆਂ ਲਈ ਨਵੀਆਂ ਰੇਲ ਲਾਈਨਾਂ ਵਿਛਾਉਣ ਲਈ ਜ਼ਮੀਨਾਂ ਐਕੁਆਇਰ ਕਰ ਸਕਦਾ ਹੈ ਜਿਸ ਨਾਲ ਸੂਬੇ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਘਟ ਸਕਦੀ ਹੈ। ਖੇਤੀ ਯੋਗ ਜ਼ਮੀਨਾਂ ਉੱਤੇ ਅਰਬਨ ਅਸਟੇਟ ਅਤੇ ਨਿੱਜੀ ਕਲੋਨੀਆਂ ਦਾ ਵਾਧਾ ਬਾਦਸਤੂਰ ਜਾਰੀ ਹੈ। ਇਸ ਤਰ੍ਹਾਂ ਪੰਜਾਬ ਵਿਚ ਉਪਜਾਊ ਜ਼ਮੀਨ ਦਿਨ ਪ੍ਰਤੀ ਘਟ ਰਹੀ ਹੈ ਜਦ ਕਿ ਪੰਜਾਬ ਦੀ ਬਹੁ ਵਸੋਂ ਦਾ ਵਸੇਵਾ ਅਤੇ ਸਮਾਜਕ ਹੋਂਦ, ਰੁਤਬਾ, ਮਾਣ ਤੇ ਸਨਮਾਨ ਖੇਤੀ ਧੰਦੇ ਨਾਲ ਨੇੜਿਉਂ ਜੁੜੇ ਹੋਏ ਹਨ। ਜ਼ਮੀਨ ਦਾ ਖਿਸਕਣਾ ਉਨ੍ਹਾਂ ਲਈ ਪੈਰਾਂ ਹੇਠੋਂ ਜ਼ਮੀਨ ਖਿਸਕਣ ਦੇ ਬਰਾਬਰ ਹੈ। ਇਸ ਤੋਂ ਇਲਾਵਾ ਪੇਂਡੂ ਅਰਥਚਾਰੇ ਦੇ ਸੰਦਰਭ ਵਿਚ ਸੂਬੇ ਅੰਦਰ ਖੇਤੀ ਧੰਦੇ ਹੇਠੋਂ ਖੁਰ ਰਹੀ ਉਪਜਾਊ ਜ਼ਮੀਨ ਨੂੰ ਬਰਕਰਾਰ ਰੱਖਣਾ ਅਹਿਮ ਕਾਰਜ ਹੈ ਜਿਸ ਵੱਲ ਫੌਰੀ ਧਿਆਨ ਦੀ ਜ਼ਰੂਰਤ ਹੈ।

ਮਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲਾਈਮੈਂਟੇਸ਼ਨ (ਐਮ.ਐਸ.ਪੀ.ਆਈ.) ਦੀ ਤਾਜ਼ਾ ਰਿਪੋਰਟ ਮੁਤਾਬਿਕ 2011-12 ਤੋਂ 2023-24 ਦੇ ਸਮੇਂ ਦੌਰਾਨ ਪੰਜਾਬ ਦਾ ਅਨਾਜ ਉਤਪਾਦਨ ਦਾ ਰਾਸ਼ਟਰੀ ਹਿੱਸਾ 11.93 ਪ੍ਰਤੀਸ਼ਤ ਤੋਂ ਘਟ ਕੇ 11.01 ਪ੍ਰਤੀਸ਼ਤ 'ਤੇ ਰਹਿ ਗਿਆ ਹੈ। ਇਸੇ ਸਮੇਂ ਦੌਰਾਨ ਮੱਧ ਪ੍ਰਦੇਸ਼ ਨੇ 47000 ਕਰੋੜ ਅਤੇ ਉੱਤਰ ਪ੍ਰਦੇਸ਼ ਨੇ 74000 ਕਰੋੜ ਦੇ ਅਨਾਜ ਪੈਦਾ ਕਰ ਕੇ ਪੰਜਾਬ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਪਹਿਲਾਂ ਹੀ ਕਣਕ-ਝੋਨੇ 'ਚ ਉਲਝਿਆ ਹੈ ਅਤੇ ਸੂਬੇ ਦਾ ਪਹਿਲਾਂ ਹੀ 80 ਪ੍ਰਤੀਸ਼ਤ ਖੇਤਰ ਕਾਸ਼ਤ ਅਧੀਨ ਆ ਚੁੱਕਾ ਹੈ। ਬਹੁਤ ਸਾਰੇ ਕਾਰਨਾਂ ਕਰਕੇ ਇਸ ਤਰ੍ਹਾਂ ਇਹ ਸੂਬਾ ਬਾਕੀਆਂ ਨਾਲੋਂ ਮੁਕਾਬਲਤਨ ਪਿੱਛੇ ਰਹਿ ਗਿਆ ਹੈ ਜਿਨ੍ਹਾਂ ਵਿਚ ਝੋਨੇ ਕਣਕ ਦੇ ਫ਼ਸਲੀ ਚੱਕਰ ਦੀ ਲਗਾਤਾਰਤਾ, ਭੂਗੋਲਿਕ ਵਿਸ਼ਾਲ ਖੇਤਰ ਦਾ ਪਹਿਲਾਂ ਹੀ ਕਾਸ਼ਤ ਅਧੀਨ ਆ ਜਾਣਾ, ਫ਼ਸਲੀ ਘਣਤਾ ਦੇ ਅੰਨ੍ਹੇ ਵਾਧੇ ਦੇ ਨਾਲ-ਨਾਲ ਧਰਤੀ ਦੀ ਉਪਜਾਊ ਸ਼ਕਤੀ ਦਾ ਘਟਣਾ, ਕੁਦਰਤੀ ਅਤੇ ਆਰਥਿਕ ਵਸੀਲਿਆਂ ਦਾ ਘਟਣਾ ਆਦਿ ਬਹੁਤ ਸਾਰੇ ਕਾਰਨ ਸ਼ਾਮਲ ਹਨ। ਖੇਤੀਬਾੜੀ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਖੇਤੀ ਬਾਰੇ ਕੋਈ ਨੀਤੀ ਨਹੀਂ ਬਣਾਈ। ਇਸ ਮੌਜੂਦਾ ਸਰਕਾਰ ਨੇ ਪ੍ਰੋ. ਸੁਖਪਾਲ ਸਿੰਘ ਦੀ ਅਗਵਾਈ ਵਿਚ ਖੇਤੀ ਨੀਤੀ ਲਈ ਕਮੇਟੀ ਬਣਾਈ। ਕਮੇਟੀ ਨੇ ਪੰਜਾਬ ਦੇ ਵਿਭਿੰਨ ਖੇਤਰਾਂ ਦੇ ਹਾਲਤਾਂ ਨੂੰ ਸਮਝ ਕੇ ਪ੍ਰਚੱਲਤ ਚੱਕਰ ਵਿਚ ਫਸੇ ਪੰਜਾਬ ਨੂੰ ਵਿਭਿੰਨਤਾ ਵਾਲੀਆਂ ਫ਼ਸਲਾਂ/ ਬਦਲਾਂ ਨੂੰ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿਚ ਉਤਸ਼ਾਹਿਤ ਕਰਨ ਦੇ ਨਾਲ-ਨਾਲ ਖੋਜ, ਪਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ। ਕਮੇਟੀ ਨੇ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਅਗਵਾਈ ਸਬੰਧਿਤ ਵਿਸ਼ਾ ਮਾਹਿਰਾਂ ਨੂੰ ਦੇਣ ਦੇ ਨਾਲ-ਨਾਲ ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਪਟਾਰਾ ਕਰਨ ਦੀ ਸਕੀਮ ਸ਼ੁਰੂ ਕਰਨ ਲਈ ਕਿਹਾ। ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਅਤੇ ਮਨਰੇਗਾ ਸਕੀਮ ਅਧੀਨ ਰੁਜ਼ਗਾਰ ਵਧਾਉਣ ਦੀ ਤਜਵੀਜ਼ ਦਿੱਤੀ ਅਤੇ ਨਾਲ ਹੀ ਮੁਫ਼ਤ ਇਲਾਜ, ਪੰਚਾਇਤੀ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ ਤਿਹਾਈ ਹਿੱਸਾ ਠੇਕੇ ਉੱਤੇ ਦੇਣ ਅਤੇ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ ਤਿਆਰ ਕਰਨ ਦਾ ਸੁਝਾਅ ਦਿੱਤਾ। ਇਸ ਤਰ੍ਹਾਂ ਕਮੇਟੀ ਨੇ ਖੇਤੀ ਨੀਤੀ ਵਿਚ ਪੇਂਡੂ ਸੈਕਟਰ ਨੂੰ ਬਚਾਉਣ ਲਈ ਹੋਰ ਵੀ ਬਹੁਤ ਸਾਰੇ ਸੁਝਾਅ ਦਿੱਤੇ। ਐਸ.ਕੇ.ਐਮ. ਨੇ 3 ਮਾਰਚ 2025 ਵਾਲੀ ਸਰਕਾਰ ਨਾਲ ਆਪਣੀ ਚੰਡੀਗੜ੍ਹ ਮਿਟਿੰਗ ਤੋਂ ਇਲਾਵਾ ਹੁਣ ਫਿਰ ਦੁਬਾਰਾ 8 ਜੁਲਾਈ ਅਤੇ 18 ਜੁਲਾਈ 2025 ਦੀ ਆਪਣੀ ਚੰਡੀਗੜ੍ਹ ਮੀਟਿੰਗ ਵਿਚ ਇਸ ਨੀਤੀ ਨੂੰ ਲਾਗੂ ਕਰਨ ਦੀ ਮੰਗ ਦੁਹਰਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਆਮ ਸਹਿਮਤੀ ਵਾਲੀ ਇਸ ਖੇਤੀ ਨੀਤੀ ਨੂੰ ਲਾਗੂ ਕਰਨ ਦੀ ਥਾਂ ਨਵੀਂ ਲੈਂਡ ਪੂਲਿੰਗ ਨੀਤੀ ਲੈ ਆਈ। ਅੱਜ ਪੰਜਾਬ ਦਾ ਸਮੁੱਚਾ ਅਰਥਚਾਰਾ ਅਤੇ ਸਰਕਾਰ ਆਰਥਿਕ ਸੰਕਟ ਵਿਚੀਂ ਗੁਜ਼ਰ ਰਹੇ ਹਨ। ਇਸ ਕਰਕੇ ਪੰਜਾਬ ਸਰਕਾਰ ਨੂੰ ਪ੍ਰਸਥਿਤੀਆਂ ਨੂੰ ਵੇਖਦੇ ਹੋਏ ਲੈਂਡ ਪੂਲਿੰਗ ਪਾਲਿਸੀ ਦੀ ਥਾਂ ਤਰਜੀਹੀ ਤੌਰ 'ਤੇ ਪੇਂਡੂ ਵਿਕਾਸ ਕੇਂਦਰਿਤ ਨਵੀਂ ਖੇਤੀ ਨੀਤੀ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

# ਅਸੀਮ ਖੁਸ਼ੀ ਦੇ ਹੰਝੂ

**ਜ਼ਿੰਦਗੀ ਨਾਮਾ**



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਨਿੱਕੇ ਹੁੰਦਿਆਂ ਘਰੋਂ ਤੋਰਿਆ ਪ੍ਰਾਹੁਣਾ ਬਰੂਹਾਂ ਵੀ ਨਹੀਂ ਸੀ ਟੱਪਿਆ ਹੁੰਦਾ ਕਿ ਪਲੇਟ ਵਿਚ ਬਚੇ ਹੋਏ ਬਿਸਕੁਟ ਅਤੇ ਗੁਲਾਬ-ਜਾਮੁਣ ਹਵਾ ਹੋ ਜਾਂਦੇ...!

ਬੀਜੀ ਆਖ ਦਿਆ ਕਰਦੀ ਕਿ ਜਿਸ ਦਿਨ ਸਹੁਰੇ ਗਈ ਪਤਾ ਲੱਗੂ ਕਿਸ ਭਾਅ ਵਿਕਦੀ ਏ...!

ਕਾਲਜ ਵੇਲੇ ਜਿੰਨੀ ਦੇਰ ਗ੍ਰੀਨ ਐਵੀਨਿਊ ਦੇ ਭਿੱਜੇ ਕੁਲਚੇ ਨਾ ਖਾ ਲਿਆ ਕਰਦੀਆਂ...ਸਿਦਕ ਜਿਹਾ ਨਾ ਆਇਆ ਕਰਦਾ...!

ਘਰੇ ਵੀ ਹਰ ਅੱਧੇ ਘੰਟੇ ਬਾਅਦ ਕੁਝ ਨਾ ਕੁਝ ਖਾਂਦੇ ਰਹਿਣਾ ਮੇਰੀ ਆਦਤ ਹੋਇਆ ਕਰਦੀ...ਭਿੱਜੇ ਕੁਲਚਿਆਂ ਦੀ ਸ਼ੌਕੀਨ ਹੋਣ ਦਾ ਜ਼ਿਕਰ ਤਾਂ ਮੰਗਣੇ ਵਾਲੇ ਦਿਨ ਟੇਬਲ 'ਤੇ ਬੈਠਿਆਂ ਵੇਲੇ ਵੀ ਕਰ ਦਿੱਤਾ ਗਿਆ...!

ਮਗਰੋਂ ਬਹੁਤ ਲੜੀ...ਮਾਂ ਨੂੰ ਆਖਣ ਲੱਗੀ ਕਿ ਮੇਰੀ ਇਸ ਆਦਤ ਦਾ ਜ਼ਿਕਰ ਕਰਨਾ ਕਿੰਨਾ ਕੁ ਜ਼ਰੂਰੀ ਸੀ...!

ਫੇਰ ਵਿਆਹ ਵਾਲੇ ਦਿਨ ਵੀ ਸ਼ਾਇਦ ਸਾਰਿਆਂ ਨਾਲੋਂ ਵਿਛੜਨ ਦਾ ਖ਼ੌਫ ਸੀ ਕਿ ਅਗਲੇ ਘਰ ਮਿਲਣ ਵਾਲੇ ਨਵੇਂ ਮਾਹੌਲ ਦਾ ਧੁੜਕੂ...ਮੇਰੀ ਭੁੱਖ ਖੰਭ ਲਾ ਕੇ ਉੱਡ ਗਈ...!

ਉੱਤੋਂ ਪੂਰੇ ਪੰਜ ਕਿੱਲੋ ਦਾ ਲਹਿੰਗਾ...ਕਿੰਨੇ ਸਾਰੇ ਗਹਿਣੇ...ਲੰਮਾ ਸਾਰਾ ਫੋਟੋ ਸੈਸ਼ਨ...ਡੀ.ਜੇ. ਦੇ ਨਾਲ ਹੁੰਦੀ ਕੰਨ ਪਾੜਵੀਂ ਨੱਚ-ਭੁੜਕ, ਮੂੰਹ 'ਤੇ ਲੱਗਾ ਹਾਈ-ਫਾਈ ਮੇਕਅੱਪ ਤੇ ਉੱਤੋਂ ਪੈਂਦੀਆਂ ਕਿੰਨੀਆਂ ਸਾਰੀਆਂ ਲਾਈਟਾਂ...!

ਬੱਸ ਥੋੜ੍ਹੀ ਬਹੁਤ ਰੋਟੀ ਹੀ ਖਾਧੀ ਗਈ...ਅਗਲੇ ਘਰ ਪਾਣੀ ਵਾਰਨ ਲੱਗਿਆਂ ਖਲੋ ਕੇ ਲੰਘਾਏ ਓਨ੍ਹਾਂ ਵੀਹਾਂ ਮਿੰਟਾਂ ਨੇ ਬੱਸ ਕਰਵਾ ਦਿੱਤੀ...!

ਫੇਰ ਸ਼ੁਰੂ ਹੋਇਆ ਸ਼ਗਨ ਸੁਆਰਥਾਂ ਅਤੇ ਕਿੰਨੇ ਸਾਰੇ ਨਵੇਂ ਚੇਹਰਿਆਂ ਨਾਲ ਜਾਣ-ਪਛਾਣ ਵਾਲਾ ਕਦੀ ਨਾ ਮੁੱਕਣ ਵਾਲਾ ਲੰਮਾ ਸਾਰਾ ਸਿਲਸਿਲਾ!

ਕਿਸੇ ਵੱਲੋਂ ਲਿਆਂਦੀ ਗਈ ਸਵੀਟ-ਡਿਸ਼ ਦੇ ਮਸਾਂ ਦੋ ਚਮਚੇ ਹੀ ਅੰਦਰ ਲੰਘਾਏ ਹੋਣੇ ਕੇ ਮੂਵੀ ਵਾਲਿਆਂ ਨੇ ਦੋਹਾਂ ਨੂੰ ਫਾਈਨਲ ਫੋਟੋ ਸ਼ੂਟ ਵਾਸਤੇ ਵੱਖਰਿਆਂ ਕਰ ਲਿਆ...!

ਪੂਰੇ ਘੰਟੇ ਮਗਰੋਂ ਮੈਨੂੰ ਫੁੱਲਾਂ ਨਾਲ ਸੋਹਣੀ ਤਰ੍ਹਾਂ ਸਜਾਏ ਹੋਏ ਇੱਕ ਕਮਰੇ ਵਿਚ ਲਿਆ ਬਿਠਾਇਆ...!

ਭੁੱਖ ਨਾਲ ਏਨੀ ਬੁਰੀ ਹਾਲਤ ਕਿ ਜਾਨ ਹੀ ਨਿਕਲੀ ਜਾਵੇ...!

ਮਖਮਲੀ ਬਿਸਤਰੇ 'ਤੇ ਗੋਡਿਆਂ ਵਿਚ ਸਿਰ ਦੇਈ 'ਕੱਲੀ ਬੈਠੀ ਸੋਚੀ ਜਾ ਰਹੀ ਸਾਂ ਕਿ ਕਾਸ਼ ਆਸ-ਪਾਸ ਸਜਾਵਟ ਲਈ ਲਾਏ ਗਏ ਫੁੱਲ-ਬੂਟਿਆਂ ਦੀ ਜਗ੍ਹਾ ਸੇਬ ਸੰਤਰੇ ਤੇ ਹੋਰ ਮਨਪਸੰਦ ਖਾਣ-ਪੀਣ ਦੀਆਂ ਵੰਨਗੀਆਂ ਟੰਗੀਆਂ ਹੁੰਦੀਆਂ ਤਾਂ ਮਿੰਟ ਨਾ ਲਾਉਂਦੀ ਓਹਨਾਂ ਨੂੰ ਮੁਕਾਉਣ ਵਿਚ...!

ਫੇਰ ਅਚਾਨਕ ਹਿੱਲਜੁਲ ਹੋਈ ਅਤੇ ਉਹ ਮਲਕੜੇ ਜਿਹੇ ਆਣ ਮੇਰੇ ਕੋਲ ਬੈਠ ਗਏ...!

ਫੇਰ ਗਹੁ ਨਾਲ ਤੱਕਦਿਆਂ ਹੋਇਆਂ ਮੇਰੇ ਮੁਰਝਾਏ ਹੋਏ ਚੇਹਰੇ ਦੀ ਵਜ੍ਹਾ ਪੁੱਛੀ ਤਾਂ ਮਾਂ ਵੱਲੋਂ ਅਕਸਰ ਹੀ ਆਖੀ ਜਾਂਦੀ ਚੇਤੇ ਆ ਗਈ ਕਿ "ਅਗਲੇ ਘਰ ਜਾ ਕੇ ਕੋਈ ਝੱਲ ਨਾ ਖਿਲਾਰ ਦੇਵੀਂ...ਨਾਪ ਤੋਲ ਕੇ ਜਵਾਬ ਦੇਵੀਂ...!

ਸਵਾਲ ਦਾ ਜਵਾਬ ਦੇਣ ਦੀ ਥਾਂ ਮੈਂ ਅੱਗਿਓਂ ਨੀਵੀਂ ਜਿਹੀ ਪਾ ਲਈ!

ਇਹ ਸਭ ਕੁਝ ਵੇਖ ਉਹ ਹੌਲੀ ਜਿਹੀ ਉੱਠੇ ਤੇ ਆਪਣੇ ਨਾਲ ਲਿਆਂਦਾ ਲਿਫ਼ਾਫ਼ਾ ਚੁੱਕ ਦੋਬਾਰਾ ਮੇਰੇ ਕੋਲ ਆਣ ਬੈਠੇ...!

ਫੇਰ ਬੜਾ ਸਵਾਰ ਕੇ ਪੈਕ ਕੀਤੇ ਕਿੰਨੇ ਸਾਰੇ ਭਿੱਜੇ ਕੁਲਚੇ, ਮਠਿਆਈਆਂ ਅਤੇ ਮੇਰੇ ਪਸੰਦ ਦੀਆਂ ਹੋਰ ਵੀ ਕਿੰਨੀਆਂ ਸਾਰੀਆਂ ਚੀਜ਼ਾਂ ਕੋਲ ਪਈ ਵੱਡੀ ਸਾਰੀ ਪਲੇਟ ਵਿਚ ਢੇਰੀ ਕਰ ਦਿੱਤੀਆਂ...!

ਇਹ ਸਾਰਾ ਕੁਝ ਵੇਖ ਚਿਰਾਂ ਤੋਂ ਜ਼ਬਰਦਸਤੀ ਡੱਕ ਕੇ ਰੱਖੇ ਹੋਏ ਕਿੰਨੇ ਸਾਰੇ ਹੰਝੂ ਵਹਿ ਤੁਰੇ...ਪਰ ਅੱਜ ਇਹ ਹੰਝੂ ਸ਼ਾਇਦ ਕਿਸੇ ਅਸੀਮ ਖੁਸ਼ੀ ਦੇ ਸਨ...!

ਓਹੀ ਅਸੀਮ ਖੁਸ਼ੀ ਜਿਹੜੀ ਦਿਲ ਦੀਆਂ ਰਮਜ਼ਾਂ ਪਛਾਨਣ ਵਾਲੇ ਕਿਸੇ ਲੰਮੀਆਂ ਪੈੜਾਂ ਦੇ ਅਣਜਾਣ ਰਾਹੀ ਦੀ ਵਰ੍ਹਿਆਂ ਤੋਂ ਬੇਸਬਰੀ ਨਾਲ ਹੋ ਰਹੀ ਉਡੀਕ ਮੁੱਕਣ 'ਤੇ ਮਲੋ-ਮਲੀ ਹੀ ਕੋਇਆਂ ਵਿਚੋਂ ਹੰਝੂ ਬਣ ਵਹਿ ਤੁਰਿਆ ਕਰਦੀ ਏ!

# ਜੀ.ਐਚ.ਜੀ. ਅਕੈਡਮੀ ਦੇ ਸਾਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ

## ਅੰਤਰਰਾਸ਼ਟਰੀ ਟੀਮਾਂ ਦੇ ਮੁਕਾਬਲੇ ਵਿਚ 'ਆਪਣਾ ਭੰਗੜਾ ਕਰਿਓ' ਟੀਮ ਨੇ ਮੱਲੀ ਪਹਿਲੀ ਥਾਂ

**ਫਰਿਜ਼ਨੋ:** ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ 15ਵਾਂ ਸਾਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਇੱਥੋਂ ਦੇ 'ਵਿਲੀਅਮ ਸਰੋਏਨ ਥੀਏਟਰ' ਵਿਚ ਕਰਵਾਇਆ ਗਿਆ। ਇਸ ਦੀ ਸ਼ੁਰੂਆਤ ਵਿਚ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫ਼ਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਜੀ.ਐਚ.ਜੀ. ਅਕੈਡਮੀ ਵੱਲੋਂ ਤਿਆਰ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਅਕੈਡਮੀ ਵਲੋਂ ਲਾਏ ਕੈਂਪ ਦੌਰਾਨ ਸਿਖਲਾਈ ਪ੍ਰਾਪਤ 500 ਤੋਂ ਵਧੀਕ ਬੱਚਿਆਂ ਦੀਆਂ ਟੀਮਾਂ ਨੇ ਸਟੇਜ ਤੋਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਚ ਸਥਾਨਕ ਕੈਂਪ ਦੀਆਂ 8 ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਸ਼ਾਮਲ ਸਨ। ਪੇਸ਼ਕਾਰੀ ਕਰਨ ਵਾਲੇ ਬੱਚਿਆਂ ਨੂੰ ਅਕੈਡਮੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਅੰਤਰਰਾਸ਼ਟਰੀ ਯੁਵਕ ਮੇਲੇ ਦੇ ਭੰਗੜੇ ਦੇ ਮੁਕਾਬਲੇ ਦੇ ਮਹਾਂ ਯੁੱਧ ਵਿਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਦੀਆਂ ਟੀਮਾਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭੰਗੜੇ ਦੇ ਮੁਕਾਬਲੇ ਕਰਦਿਆਂ ਕਲਾ ਦਾ ਪ੍ਰਦਰਸ਼ਨ ਅਤੇ ਹਾਜ਼ਰੀਨ ਦਾ ਮਨੋਰੰਜਨ ਕੀਤਾ।

ਇਨ੍ਹਾਂ ਅੰਤਰ-ਰਾਸ਼ਟਰੀ ਪੱਧਰ ਦੀਆਂ ਟੀਮਾਂ ਦੇ ਮੁਕਾਬਲੇ ਬੜੇ ਦਿਲਚਸਪ ਸਨ। ਸਾਰੀਆਂ ਟੀਮਾਂ ਨੇ ਪੂਰੀ ਤਿਆਰੀ ਨਾਲ ਪੇਸ਼ਕਾਰੀ ਕੀਤੀ। ਟੀਮਾਂ ਲਈ ਇਨਾਮ ਵੱਖ-ਵੱਖ ਸਪਾਂਸਰਾਂ ਵੱਲੋਂ ਦਿੱਤੇ ਗਏ। ਅੰਤਰਰਾਸ਼ਟਰੀ ਟੀਮਾਂ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਸਿਆਟਲ ਤੋਂ ਆਈ 'ਆਪਣਾ ਭੰਗੜਾ ਕਰਿਓ' ਟੀਮ ਨੂੰ ਸ਼ਾਨ-ਏ-ਪੰਜਾਬ ਸਟੋਰ ਵੱਲੋਂ ਸਪਾਂਸਰ ਕੀਤਾ ਗਿਆ। ਦੂਜਾ ਸਥਾਨ ਮਿਸ਼ੀਗਨ ਦੀ ਟੀਮ 'ਸ਼ੌਂਕੀ ਜਵਾਨੀ ਦਾ' ਨੂੰ ਜਸਪ੍ਰੀਤ ਸਿੰਘ ਅਟਾਰਨੀ ਵੱਲੋਂ ਸਪਾਂਸਰ ਕੀਤਾ ਗਿਆ। ਤੀਜਾ ਸਥਾਨ 'ਗੱਭਰੂ ਯੂਨਿਟ' ਬੇ-ਏਰੀਆ ਨੇ ਹਾਸਲ ਕੀਤਾ। ਜਗਦੀਪ ਸਿੰਘ ਇੰਸ਼ੋਰੈਂਸ ਵੱਲੋਂ ਤੀਜੀ ਟੀਮ ਦਾ ਇਨਾਮ ਸਪਾਂਸਰ ਕੀਤਾ ਗਿਆ।

'ਬੈਸਟ ਡਾਂਸਰ ਫੀਮੇਲ' ਦਾ ਖਿਤਾਬ ਕੈਨੇਡਾ ਤੋਂ ਕੋਹੇਨੂਰ ਟੀਮ ਦੀ ਹਰਨੂਰ ਕੌਰ ਨੇ ਜਿੱਤਿਆ। ਜਦ ਕਿ 'ਬੈਸਟ ਮੇਲ ਡਾਂਸਰ' ਦਾ ਖਿਤਾਬ 'ਗੱਭਰੂ ਯੂਨਿਟ' ਦੇ ਮਨਸੁੱਖ ਨੇ ਜਿੱਤਿਆ। ਬੈਸਟ ਜੋੜੀ 'ਆਪਣਾ ਭੰਗੜਾ ਕਰਿਓ' ਦੇ ਈਸ਼ਰ ਅਤੇ ਜੱਸੀ ਬਣੀ। ਜਦ ਕਿ ਬੈਸਟ ਮਿਕਸ 'ਸ਼ੌਕ ਜਵਾਨੀ ਦਾ' ਮਿਸ਼ੀਗਨ ਨੇ ਪ੍ਰਾਪਤ ਕੀਤਾ।

ਜੀ.ਐਚ.ਜੀ. ਅਕੈਡਮੀ ਦੇ ਸਿੱਖਿਆਰਥੀਆਂ ਦੀ ਟੀਮ ਨੇ ਹਮੇਸ਼ਾ ਵਾਂਗ ਬਾ-ਕਮਾਲ ਪੇਸ਼ਕਾਰੀ ਕੀਤੀ। ਜਿਸ ਵਿਚ ਭੰਗੜੇ ਤੋਂ ਇਲਾਵਾ ਬਾਬਿਆਂ ਦਾ 'ਮਲਵਈ ਗਿੱਧਾ' ਅਤੇ 'ਮਾਂਵਾਂ ਦਾ ਗਿੱਧਾ' ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨ੍ਹੇ। ਇਸੇ ਤਰ੍ਹਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ।







ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਹਮੇਸ਼ਾ ਵਾਂਗ ਬਾਖ਼ੂਬੀ ਕੀਤਾ। ਉਨ੍ਹਾਂ ਦਾ ਸਾਥ ਅਕੈਡਮੀ ਦੇ ਸਰਗਰਮ ਨੌਜਵਾਨ ਆਗੂ ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੰਘ ਸਿੱਧੂ ਨੇ ਦਿੱਤਾ। ਵੀਡੀਓ ਸੇਵਾਵਾਂ ਸਿੰਘ ਪ੍ਰੋਡਕਸ਼ਨ ਵੱਲੋਂ ਨਿਭਾਈਆਂ ਗਈਆਂ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਵਿਚ ਪ੍ਰਬੰਧਕਾਂ ਨੇ ਸਮੂਹ ਸਹਿਯੋਗੀਆਂ ਦਾ ਸਨਮਾਨ ਅਤੇ ਹਾਜ਼ਰੀਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਅਮਿੱਟ ਪੈੜਾਂ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿੱਬੜਿਆ।

*-ਕੁਲਵੰਤ ਧਾਲੀਆਂ/ਨੀਟਾ ਮਾਛੀਕੇ*

# ਕੈਲੇਫੋਰਨੀਆ ਪੰਜਾਬੀ ਕਲੱਬ ਨੇ ਕਰਵਾਈ 'ਦੇਬੀ ਨਾਈਟ'

## ਦੇਬੀ ਮਖਸੂਸਪੁਰੀ ਅਤੇ ਧਰਮਵੀਰ ਥਾਂਦੀ ਨੇ ਲਾਈਆਂ ਰੌਣਕਾਂ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੇਫੋਰਨੀਆ ਪੰਜਾਬੀ ਕਲੱਬ ਅਤੇ ਕਲੋਵਿਸ ਕੈਸ਼ਲ ਵੱਲੋਂ ਗਾਇਕੀ ਦੇ ਸਿਰਮੌਰ ਗੀਤਕਾਰ ਅਤੇ ਗਾਇਕ ਦੇਬੀ ਮਖਸੂਸਪੁਰੀ ਦੀ ਸ਼ੇਅਰੋ-ਸ਼ਾਇਰੀ ਅਤੇ ਗੀਤਾਂ ਨਾਲ ਮੰਨੋਰੰਜਨ ਭਰਪੂਰ ਨਾਈਟ ਕਰਵਾਈ ਗਈ। 'ਦੇਬੀ ਨਾਈਟ' ਦੀ ਸ਼ੁਰੂਆਤ ਬੀਬੀ ਜੋਤ ਰਣਜੀਤ ਵਲੋਂ ਸਭ ਨੂੰ ਜੀ ਆਇਆ ਕਹਿਣ ਉਪਰੰਤ ਸਮੂਹ ਸਹਿਯੋਗੀਆਂ ਦਾ ਧੰਨਵਾਦ ਕਰਨ ਨਾਲ ਸ਼ਾਇਰਾਨਾ ਅੰਦਾਜ਼ ਵਿਚ ਕੀਤੀ ਗਈ। ਪਹਾੜਾਂ ਦੀਆਂ ਹੁਸੀਨ ਵਾਦੀਆਂ ਵਿਚ ਸਥਿਤ ਕਲੋਵਿਸ ਕੈਸ਼ਲ ਵਿਖੇ ਦੇਬੀ ਮਖਸੂਸਪੁਰੀ ਨੇ ਆਪਣੇ ਗੀਤ 'ਰਿਸ਼ਤਾ ਰੱਖੋ ਆਸ ਨਾ ਰੱਖੋ, ਗੱਲ ਸਮਝ ਵਿਚ ਆ ਗਈ' ਅਤੇ ਹੋਰ ਬਹੁਤ ਸਾਰੇ ਨਵੇਂ-ਪੁਰਾਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।













ਇਸ ਤਰ੍ਹਾਂ ਜਾਪਦਾ ਸੀ ਜਿਵੇਂ ਸ਼ਾਂਤ ਵਾਤਾਵਰਣ ਵਿਚ ਦੇਬੀ ਦੀ ਗਾਇਕੀ ਸਰੋਤਿਆਂ ਨੂੰ ਕੀਲ ਕੇ ਆਪਣੇ ਅਤੀਤ ਵਿਚ ਲੈ ਕੇ ਜਾ ਰਹੀ ਸੀ। ਹਰ ਕੋਈ ਇਸ ਦਾ ਭਰਪੂਰ ਅਨੰਦ ਮਾਣ ਰਿਹਾ ਸੀ।

ਪ੍ਰੋਗਰਾਮ ਦੇ ਅਗਲੇ ਦੌਰ ਵਿਚ ਸਥਾਨਕ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ 'ਚੰਨਾਂ ਤਾਰੇ ਤੇਰੇ ਕੋਲ ਹੋਣਗੇ, ਅਸੀਂ ਤਾਂ ਕੱਲੇ ਬਹਿ ਕੇ ਰੋਈਏ' ਗੀਤ ਅਤੇ ਹਾਜ਼ਰੀਨ ਦੀ ਮੰਗ 'ਤੇ ਆਪਣੇ ਵਿਰਸੇ ਅਤੇ ਰਿਸ਼ਤਿਆਂ ਨਾਲ ਜੁੜੇ ਗੀਤ ਗਾ ਕੇ ਵਾਹ-ਵਾਹ ਕਰਵਾਈ। ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਸਰੋਤਿਆਂ ਨੂੰ ਕੁਝ ਪਲਾਂ ਲਈ ਜਾਪਿਆ ਜਿਵੇਂ ਸੱਚਮੁੱਚ ਆਪਣੇ ਪਰਿਵਾਰਾਂ ਵਿਚ ਪੰਜਾਬ ਪਹੁੰਚ ਗਏ ਹੋਣ। ਪ੍ਰਬੰਧਕਾਂ ਵੱਲੋਂ ਹਾਜ਼ਰੀਨ ਲਈ ਖਾਣ-ਪੀਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਰਾਤਰੀ ਦੇ ਭੋਜਨ ਦਾ ਸਭ ਨੇ ਅਨੰਦ ਮਾਣਿਆ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਬੰਧਕਾਂ ਵਿਚੋਂ ਧਰਮਵੀਰ ਥਾਂਦੀ, ਗੁੱਲੂ ਬਰਾੜ, ਸ਼ਿੰਦਾ ਚਾਹਲ, ਗੋਰਾ ਮੁਲਤਾਨੀ, ਸਤਨਾਮ ਸੈਣੀ, ਪਵਨ ਬਾਂਸਲ, ਪੂਰਨ ਥਾਂਦੀ ਅਤੇ ਸਹਿਯੋਗੀ ਵਧਾਈ ਦੇ ਪਾਤਰ ਹਨ।

# ਚਲੋ ਘੁੰਮਣ ਚੱਲੀਏ ਨੀ ਸਹੇਲੀਓ, ਸੱਦਾ ਆਪਣੀ ਸਭਾ ਵੱਲੋਂ ਆਇਆ

**ਕੈਲਗਰੀ:** ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਵਲੋਂ 27 ਜੁਲਾਈ ਨੂੰ ਇੱਕ ਦਿਨ ਦੇ ਟੂਰ ਦਾ ਪ੍ਰਬੰਧ ਕੀਤਾ ਗਿਆ। ਇਹ ਟੂਰ ਬਫੈਲੋ ਹੈੱਡ ਸਮੈਸ਼ ਵਿਖੇ ਗਿਆ। ਜਿਸ ਵਿਚ 80 ਬੀਬੀਆਂ ਅਤੇ ਪੰਜ ਬੱਚੇ ਸ਼ਾਮਲ ਸਨ। ਇਸ ਲਈ ਦੋ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜੈਨੇਸਸ ਸੈਂਟਰ ਤੋਂ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਹੋਏ ਟੂਰ ਦੀ ਸ਼ੁਰੂਆਤ ਧਾਰਮਿਕ ਗੀਤਾਂ ਨਾਲ ਕੀਤੀ ਗਈ। ਉਸ ਤੋਂ ਬਾਅਦ ਗੀਤ, ਟੱਪੇ, ਘੋੜੀਆਂ, ਸੁਹਾਗ ਅਤੇ ਸਿੱਠਣੀਆਂ ਦੀ ਝੜੀ ਲਾ ਦਿੱਤੀ। ਪੂਰਾ ਮੰਨੋਰੰਜਨ ਕਰਦਾ ਇਹ ਕਾਫਲਾ ਦੋ ਘੰਟਿਆਂ ਬਾਅਦ ਬਫੈਲੋ ਹੈੱਡ ਸਮੈਸ਼ਡ ਵਾਲੀ ਥਾਂ 'ਤੇ ਪਹੁੰਚ ਗਿਆ।



ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਟਿਕਟਾਂ ਖਰੀਦੀਆਂ। ਉਸ ਤੋਂ ਬਾਅਦ ਸਭਾ ਵੱਲੋਂ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੋਇਆ ਸੀ ਜਿਸ ਵਿਚ ਆਲੂ ਵਾਲੇ ਪਰੌਂਠੇ, ਦਹੀਂ, ਖੀਰ ਅਤੇ ਲੱਡੂ ਵਰਤਾਏ ਗਏ। ਖਾਣੇ ਦਾ ਅਨੰਦ ਮਾਨਣ ਤੋਂ ਬਾਅਦ ਭੈਣਾਂ ਨੇ ਮਿਊਜ਼ੀਅਮ ਵੇਖਿਆ, ਫੋਟੋਆਂ ਖਿੱਚੀਆਂ ਅਤੇ ਉਹ ਉੱਚੀ ਪਹਾੜੀ ਵੇਖੀ ਜਿਥੋਂ ਮੱਝਾਂ ਨੂੰ ਚੁਫੇਰਿਓਂ ਘੇਰ ਕੇ ਛਾਲਾਂ ਮਰਵਾ ਥੱਲੇ ਸਿੱਟਿਆ ਜਾਂਦਾ ਸੀ ਤੇ ਉਹ ਸਿਰ ਪਰਨੇ ਡਿੱਗ ਕੇ ਮਰ ਜਾਂਦੀਆਂ ਸਨ। ਫਿਰ ਹੇਠਾਂ ਖੁੱਲ੍ਹੇ ਵਿਹੜੇ ਵਿਚ ਭੈਣਾਂ ਨੇ ਗਿੱਧੇ ਦੀਆਂ ਧਮਾਲਾਂ ਪਾਈਆਂ। 80 ਸਾਲ ਤੋਂ ਵੱਧ ਦੀਆਂ ਬੀਬੀਆਂ ਵੀ ਖੂਬ ਨੱਚੀਆਂ।

ਸ਼ਾਮ ਦੇ ਛੇ ਕੁ ਵਜੇ ਟੂਰ ਵਾਪਸ ਜੈਨੇਸਸ ਸੈਂਟਰ ਪਹੁੰਚਿਆ। ਇੰਜ ਟੂਰ ਦਾ ਅਨੰਦ ਮਾਣ ਭੈਣਾਂ ਦਾ ਇਹ ਕਾਫ਼ਲਾ ਘਰੋਂ-ਘਰੀਂ ਰਵਾਨਾ ਹੋ ਗਿਆ। ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਦਾ ਇਹ ਉਪਰਾਲਾ ਸੀਨੀਅਰ ਭੈਣਾਂ ਦੀ ਚੰਗੀ ਸਿਹਤ, ਹਮ-ਉਮਰਾਂ ਨਾਲ ਮਿਲ ਕੇ ਦੁੱਖ-ਸੁੱਖ ਸਾਂਝਾ ਕਰਕੇ ਮਾਨਸਿਕ ਬੋਝ ਨੂੰ ਹਲਕਾ ਕਰਨ ਅਤੇ ਖੁਸ਼ ਰੱਖਣ ਲਈ ਇਕ ਉਪਰਾਲਾ ਹੈ।

ਇਸ ਤੋਂ ਪਹਿਲਾਂ 20 ਜੁਲਾਈ ਨੂੰ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਸ ਸੈਂਟਰ ਵਿਖੇ ਹੋਈ। ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਭੈਣਾਂ ਦਾ ਸੁਆਗਤ ਕੀਤਾ ਅਤੇ ਪਿਛਲੇ ਮਹੀਨੇ ਹੋਈਆਂ ਸਫਲ ਗਤੀਵਿਧੀਆਂ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਆਉਣ ਵਾਲੇ ਸਮੇਂ ਲਈ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਨ੍ਹਾਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਯੋਗ ਭੈਣਾਂ ਤੋਂ ਵਾਲੰਟੀਅਰ ਸੇਵਾਵਾਂ ਲੈਣ ਲਈ ਪੁੱਛਿਆ ਗਿਆ ਅਤੇ 27 ਜੁਲਾਈ ਦੇ ਟਰਿੱਪ ਬਾਰੇ ਜਾਣਕਾਰੀ ਦਿੱਤੀ ਗਈ।


ਇਸ ਤੋਂ ਬਾਅਦ ਸਪੈਸ਼ਲ ਸੱਦੇ 'ਤੇ ਆਏ ਬੁਲਾਰੇ ਸਿੰਮੀ ਬੇਦੀ ਨੇ ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਓਲਡ ਏਜ ਹੋਮ ਵਰਗੀਆਂ ਸਹੂਲਤਾਂ ਅਤੇ ਸੇਵਾਵਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਕੁਝ ਸੇਵਾਵਾਂ ਮੁਫ਼ਤ ਹਨ ਅਤੇ ਕੁਝ ਪੇਡ। ਸਰੀਰਕ ਅਤੇ ਮਾਨਸਿਕ ਰੋਗੀਆਂ ਲਈ ਡਾਕਟਰ, ਫਿਜ਼ੀਓਥੈਰੇਪਿਸਟ ਅਤੇ ਹੋਰ ਸਹੂਲਤਾਂ ਆਦਿ ਬਾਰੇ ਜਾਣਕਾਰੀ ਦਿੱਤੀ।

ਨਵੀਆਂ ਆਈਆਂ ਭੈਣਾਂ ਪਰਮਪਾਲ ਕੌਰ ਅਤੇ ਰਾਜਵਿੰਦਰ ਕੌਰ ਨਾਲ ਜਾਣ ਪਛਾਣ ਕਰਵਾਈ ਗਈ। ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਦੀ ਵਿਦਿਆਰਥਣ ਪਵਨਦੀਪ ਕੌਰ ਨੇ ਲੋਕ ਗੀਤ, ਟੱਪੇ, ਸੁਹਾਗ ਅਤੇ ਸਿੱਠਣੀਆਂ ਸੁਣਾ ਕੇ ਮਾਹੌਲ ਨੂੰ ਰੰਗੀਨ ਕਰ ਦਿੱਤਾ। ਅਖੀਰ ਵਿਚ ਸਾਉਣ ਮਹੀਨੇ ਦਾ ਸਪੈਸ਼ਲ ਭੋਜਨ ਖੀਰ ਅਤੇ ਪੂੜਿਆਂ ਦਾ ਲੰਗਰ ਅਟੁੱਟ ਵਰਤਿਆ।

# ਗੁਰੂ ਪਰਿਵਾਰਾਂ ਦੀਆਂ ਬੀਬੀਆਂ – 6

## ਮਾਤਾ ਖੇਮ ਕੌਰ (ਮਾਤਾ ਹਰੀ)

ਮਾਤਾ ਖੇਮ ਕੌਰ ਜੀ (ਮਾਤਾ ਹਰੀ ਜੀ) ਭਾਈ ਪ੍ਰੇਮ ਚੰਦ ਸਿੱਲੀ, ਕਰਤਾਰਪੁਰ ਨਿਵਾਸੀ ਦੀ ਪੁੱਤਰੀ ਸਨ। ਇਨ੍ਹਾਂ ਦਾ ਵਿਆਹ ਸੂਰਜ ਮਲ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਹੋਇਆ। ਇਨ੍ਹਾਂ ਨੇ ਦੋ ਪੁੱਤਰਾਂ ਭਾਈ ਦੀਪ ਚੰਦ ਤੇ ਭਾਈ ਨੰਦ ਚੰਦ ਨੂੰ ਜਨਮ ਦਿੱਤਾ।



ਮਾਤਾ ਖੇਮ ਕੌਰ ਜ਼ਿਆਦਾ ਕੀਰਤਪੁਰ ਵਿਖੇ ਰਹੇ। ਆਪ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਨਾਲ ਰਾਣੀ ਚੰਪਾ ਕੋਲ ਦੋ ਵਾਰੀ ਬਿਲਾਸਪੁਰ ਵੀ ਗਏ। ਬਿਲਾਸਪੁਰ ਦਾ ਰਾਜਾ ਦੀਪ ਚੰਦ, ਜੋ 26 ਅਪਰੈਲ 1665 ਨੂੰ ਚੜ੍ਹਾਈ ਕਰ ਗਿਆ ਸੀ, ਦੀਆਂ ਅੰਤਮ ਰਸਮਾਂ ਬਾਰ੍ਹਾਂ ਮਈ ਨੂੰ ਰੱਖੀਆਂ ਗਈਆਂ ਸਨ। ਇਸ ਮੌਕੇ ਗੁਰੂ ਤੇਗ਼ ਬਹਾਦਰ ਸਾਹਿਬ ਬਿਲਾਸਪੁਰ ਗਏ। ਮਾਤਾ ਨਾਨਕੀ, ਮਾਤਾ ਸੁਲੱਖਣੀ, ਮਾਤਾ ਹਰੀ, ਦੀਵਾਨ ਦਰਗਾਹ ਮੱਲ, ਭਾਈ ਦਿਆਲ ਦਾਸ ਅਤੇ ਕਈ ਹੋਰ ਸਿੱਖ ਆਪ ਦੇ ਨਾਲ ਬਿਲਾਸਪੁਰ ਗਏ। ਇਸ ਸਬੰਧੀ ਭੱਟ ਵਹੀਆਂ ਵਿਚ ਇੰਞ ਲਿਖਿਆ ਮਿਲਦਾ ਹੈ:

**ਡਾ. ਹਰਜਿੰਦਰ ਸਿੰਘ ਦਿਲਗੀਰ**
ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'

ਗੁਰੂ ਤੇਗ ਬਹਾਦਰ ਸਾਹਿਬ ਮਹਲ ਨਾਵੇਂ, ਕੀਰਤਪੁਰ ਸੇ ਬਿਲਾਸਪੁਰ ਆਏ, ਰਾਜਾ ਦੀਪ ਚੰਦ ਕੀ ਸਤਾਰਮੀਂ ਤੇ, ਸਾਲ ਸਤਰਾਂ ਸੈ ਬਾਈਸ, ਜੇਠ ਪਰਵਿਸ਼ਟੇ ਪੰਦਰਾਂ ਕੋ। ਸਾਥ ਦੀਪ ਚੰਦ, ਨੰਦ ਚੰਦ ਆਏ ਬੇਟੇ ਸੂਰਜ ਮੱਲ ਕੇ, ਮਾਤਾ ਹਰੀ ਜੀ ਇਸਤਰੀ ਸੂਰਜ ਮੱਲ ਕੀ, ਮਾਤਾ ਸੁਲਖਣੀ ਜੀ ਇਸਤਰੀ ਗੁਰੂ ਹਰਿ ਰਾਇ ਮਹਲ ਸਤਵੇਂ ਜੀ ਕੀ, ਦੀਵਾਨ ਦਰਗਾਹ ਮੱਲ ਛਿੱਬਰ, ਜੇਠਾ, ਦਿਆਲ ਦਾਸ ਬੇਟੇ ਮਾਈ ਦਾਸ ਕੇ, ਦਰੀਆ ਬੇਟਾ ਮੂਲੇ ਕਾ, ਜਲਹਾਨਾ, ਸਾਥ ਆਏ। (ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨਿਓਂ ਕਾ)

ਇਨ੍ਹਾਂ ਦੇ ਦੋਵੇਂ ਸਪੁੱਤਰ ਤਿਆਰ-ਬਰ ਤਿਆਰ ਸੇਵਕ ਰਹੇ। ਜੀਵਨ ਦੇ ਅੰਤਲੇ ਸਾਹਾਂ ਤਕ ਗੁਰੂ ਜੀ ਦਾ ਸਾਥ ਦਿੱਤਾ। ਮਾਤਾ ਖੇਮ ਕੌਰ ਜੀ ਦਾ ਅੰਤਮ ਸਮਾਂ ਕੀਰਤਪੁਰ ਵਿਖੇ ਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਹੱਥੀਂ ਤਾਈ ਦਾ ਸਸਕਾਰ ਕੀਤਾ ਤੇ ਭਾਈ ਦੀਪ ਚੰਦ ਸੋਢੀ ਨੂੰ ਦਸਤਾਰ ਬਨ੍ਹਾਈ।

## ਮਾਤਾ ਸੁਲੱਖਣੀ

ਮਾਤਾ ਸੁਲੱਖਣੀ ਗੁਰੂ ਹਰਿ ਰਾਇ ਜੀ ਦੀ ਪਤਨੀ ਸਨ। ਆਪ ਅਰੂਪ ਨਗਰ (ਜ਼ਿਲ੍ਹਾ ਗੁਜਰਾਂਵਾਲਾ) ਦੇ ਭਾਈ ਦਯਾ ਰਾਮ ਸਿੱਲੀ ਦੀ ਬੇਟੀ ਸਨ। ਮਾਤਾ ਸੁਲੱਖਣੀ ਗੁਰੂ (ਹਰਿ ਰਾਇ) ਦੀ ਪਤਨੀ ਤੇ ਗੁਰੂ (ਹਰਕ੍ਰਿਸ਼ਨ) ਦੀ ਮਾਤਾ ਸਨ।

ਆਪ ਦਾ ਵਿਆਹ (ਗੁਰੂ) ਹਰ ਰਾਇ ਸਾਹਿਬ ਨਾਲ 14 ਜਨਵਰੀ 1640 ਦੇ ਦਿਨ ਹੋਇਆ। ਵਿਆਹ ਵੇਲੇ ਬੀਬੀ ਸੁਲੱਖਣੀ ਦੀ ਉਮਰ ਸਿਰਫ਼ 10 ਸਾਲ ਸੀ। ਇਸ ਮਗਰੋਂ ਭਾਈ ਦਇਆ ਰਾਮ ਅਰੂਪ ਨਗਰ ਛੱਡ ਕੇ ਕੋਟ ਕਲਿਆਣਪੁਰ (ਨੇੜੇ ਕੀਰਤਪੁਰ) ਆ ਵਸਿਆ। ਬੀਬੀ ਸੁਲੱਖਣੀ ਦਾ ਮੁਕਲਾਵਾ ਦੋ ਸਾਲ ਬਾਅਦ 16 ਜੂਨ 1642 ਦੇ ਦਿਨ ਟੋਰਿਆ ਗਿਆ। ਉਨ੍ਹਾਂ ਦੇ ਮਾਪੇ ਕਿਉਂਕਿ ਕੋਟ ਕਲਿਆਣਪੁਰ ਵਿਚ ਰਹਿਣ ਲੱਗ ਪਏ ਸੀ, ਇਸ ਕਰ ਕੇ ਉਸ ਨੂੰ ਕੋਟ ਕਲਿਆਣੀ ਵੀ ਆਖਦੇ ਸਨ। 1645 ਵਿਚ ਗੁਰੂ ਹਰ ਰਾਇ ਸਾਹਿਬ ਕੀਰਤਪੁਰ ਤੋਂ ਪਿੰਡ ਥਾਪਲ (ਸਿਰਮੌਰ/ਨਾਹਨ ਰਿਆਸਤ) ਚਲੇ ਗਏ ਸਨ ਤੇ ਉਥੇ 12-13 ਸਾਲ (1645 ਤੋਂ 1657 ਤਕ) ਰਹੇ। ਆਪ ਵੀ ਇਸ ਦੌਰਾਨ ਉਨ੍ਹਾਂ ਦੇ ਨਾਲ ਰਹੇ। ਆਪ ਨੇ 24 ਫਰਵਰੀ 1646 ਦੇ ਦਿਨ ਰਾਮ ਰਾਇ, 9 ਅਪ੍ਰੈਲ 1649 ਦੇ ਦਿਨ ਰੂਪ ਕੌਰ ਅਤੇ 20 ਜੁਲਾਈ 1652 ਦੇ ਦਿਨ (ਗੁਰੂ) ਹਰਕ੍ਰਿਸ਼ਨ ਸਾਹਿਬ ਨੂੰ ਜਨਮ ਦਿੱਤਾ। ਤਿੰਨ ਬੱਚਿਆਂ ਦੀ ਮਾਂ ਹੋਣ ਕਰਕੇ ਆਪ ਨੂੰ ਆਪ ਦੀ ਸੱਸ 'ਤਿਰਬੈਣੀ' ਆਖ ਕੇ ਵੀ ਬੁਲਾਇਆ ਕਰਦੀ ਸੀ।

ਜ਼ਿਕਰਯੋਗ ਹੈ ਕਿ ਇਕ ਦੋ ਲੇਖਕਾਂ ਨੇ ਗੁਰੂ ਹਰ ਰਾਇ ਸਾਹਿਬ ਦੇ ਸੱਤ ਵਿਆਹ ਵੀ ਲਿਖ ਦਿੱਤੇ ਹਨ (ਕਾਹਨ ਸਿੰਘ ਨਾਭਾ ਨੇ ਵੀ), ਜੋ ਨਾ ਸਿਰਫ਼ ਗਲਤ ਹੈ ਬਲਕਿ ਹਾਸੋਹੀਣਾ ਤੇ ਬੇਬੁਨਿਆਦ ਵੀ ਹੈ। ਕੋਈ ਵੀ ਬਾਪ 10 ਸਾਲ ਦੇ ਮੁੰਡੇ ਨਾਲ ਸੱਤ ਧੀਆਂ ਦਾ ਵਿਆਹ ਨਹੀਂ ਕਰ ਸਕਦਾ। ਉਂਞ ਇਹ ਨਾਮੁਮਕਿਨ ਵੀ ਹੈ। ਇਸ ਹਿਸਾਬ ਨਾਲ ਤਾਂ ਸਭ ਤੋਂ ਛੋਟੀ (ਸੱਤਵੀਂ) ਕੁੜੀ ਤਾਂ ਅਜੇ ਗੋਦ ਵਿਚ ਹੀ ਖੇਡਦੀ ਹੋਵੇਗੀ। ਸਿੱਖ ਤਵਾਰੀਖ ਵਿਚ ਅਜਿਹੀਆਂ ਗਲਤ ਗੱਲਾਂ ਕਈ ਥਾਂਈਂ ਭਰੀਆਂ ਪਈਆਂ ਹਨ।

ਮਾਤਾ ਸੁਲੱਖਣੀ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਕੀਰਤਪੁਰ ਅਤੇ ਥਾਪਲ (ਸਿਰਮੌਰ ਰਿਆਸਤ) ਵਿਚ ਹੀ ਬਿਤਾਇਆ। ਮਾਰਚ 1664 ਵਿਚ ਜਦ ਗੁਰੂ ਹਰਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਗਏ ਅਤੇ ਜੈ ਸਿੰਹ ਮਿਰਜ਼ਾ ਦੇ ਬੰਗਲੇ ਵਿਚ ਰਹੇ। 11 ਅਗਸਤ ਨੂੰ ਜਦ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਸਮੀ ਤੌਰ 'ਤੇ ਗੁਰਗੱਦੀ ਸੰਭਾਲੀ ਤਾਂ ਆਪ ਵੀ ਬਕਾਲਾ ਪੁੱਜੇ ਸਨ। 1688 ਵਿਚ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਤੋਂ ਚੱਕ ਨਾਨਕੀ ਗਏ ਤਾਂ ਰਸਤੇ ਵਿਚ ਇਕ ਪੜਾਅ ਕੀਰਤਪੁਰ ਵਿਚ ਵੀ ਕੀਤਾ ਤੇ ਮਾਤਾ ਸੁਲੱਖਣੀ ਦੇ ਘਰ ਰਹੇ। ਫਿਰ ਜਦ ਗੁਰੂ ਜੀ ਧਮਤਾਨ ਦੇ ਦੌਰੇ ਤੋਂ ਆਏ ਤਾਂ ਵੀ ਇਨ੍ਹਾਂ ਕੋਲ ਹੀ ਠਹਿਰੇ ਸਨ। ਜਦ ਮਾਤਾ ਜੀਤ ਕੌਰ ਜੀ ਦੀ ਮੌਤ ਹੋਈ ਤਾਂ ਮਾਤਾ ਸੁਲੱਖਣੀ ਅਨੰਦਪੁਰ ਸਾਹਿਬ ਪੁੱਜੇ ਸਨ। ਆਪ ਨੇ ਅੰਤਲਾ ਸਮਾਂ ਕੀਰਤਪੁਰ ਵਿਚ ਹੀ ਬਿਤਾਇਆ। ਆਪ ਜੀ ਦੀ ਮੌਤ 3 ਜੁਲਾਈ 1721 ਦੇ ਦਿਨ ਹੋਈ।

## ਬੀਬੀ ਰੂਪ ਕੌਰ



ਬੀਬੀ ਰੂਪ ਕੌਰ ਦਾ ਜਨਮ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ 9 ਅਪ੍ਰੈਲ 1649 ਦੇ ਦਿਨ ਕੀਰਤਪੁਰ ਵਿਖੇ ਹੋਇਆ ਸੀ (ਦਬਿਸਤਾਨੇ ਮਜ਼ਾਹਿਬ ਕਿਤਾਬ ਮੁਤਾਬਿਕ ਗੁਰੂ ਹਰਿ ਰਾਇ 12 ਸਾਲ, 1645 ਤੋਂ 1657 ਤੀਕ, ਪਿੰਡ ਥਾਪਲ ਵਿਚ ਰਹੇ ਸਨ; ਇਸ ਕਰਕੇ ਹੋ ਸਕਦਾ ਹੈ ਬੀਬੀ ਦਾ ਜਨਮ ਥਾਪਲ ਪਿੰਡ ਵਿਚ ਹੋਇਆ ਹੋਵੇ)।

ਬੀਬੀ ਜੀ ਦਾ ਵਿਆਹ ਸਾਢੇ ਬਾਰ੍ਹਾਂ ਸਾਲ ਦੀ ਉਮਰ ਵਿਚ 4 ਨਵੰਬਰ 1662 ਨੂੰ ਪਸਰੂਰ (ਗੁਜਰਾਂਵਾਲਾ ਵਿਖੇ) ਨਿਵਾਸੀ ਭਾਈ ਖੇਮਕਰਨ (ਪੁੱਤਰ ਪੈਰਾ ਮੱਲ, ਧੁੱਸਾ-ਖਤਰੀ) ਨਾਲ ਹੋਇਆ। ਤਿੰਨ ਦਿਨ ਪਸਰੂਰ ਵਿਚ ਰਹਿਣ ਤੋਂ ਬਾਅਦ ਬੀਬੀ ਜੀ ਵਾਪਸ ਕੀਰਤਪੁਰ ਆ ਗਏ ਅਤੇ ਨਾਲ ਦੇ ਪਿੰਡ ਕਲਿਆਣਪੁਰ ਵਿਚ ਰਹਿਣ ਲੱਗ ਪਏ। ਆਪ ਦੀ ਮੌਤ 24 ਅਗਸਤ 1727 ਦੇ ਦਿਨ ਕਲਿਆਣਪੁਰ (ਕੀਰਤਪੁਰ) ਵਿਚ ਹੀ ਹੋਈ। ਆਪ ਦੇ ਘਰ ਇਕ ਬੇਟੇ ਅਮਰ ਸਿੰਘ ਨੇ ਜਨਮ ਲਿਆ।

ਬੀਬੀ ਰੂਪ ਕੌਰ ਦਾ ਆਪਣੇ ਭਰਾ ਗੁਰੂ ਹਰਕ੍ਰਿਸ਼ਨ ਜੀ ਤੇ ਆਪਣੇ ਬਾਬਾ (ਦਾਦਾ ਗੁਰਦਿੱਤਾ ਦੇ ਭਰਾ) ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਬਹੁਤ ਪਿਆਰ ਸੀ। ਗੁਰੂ ਤੇਗ਼ ਬਹਾਦਰ ਜੀ ਜਦ ਵੀ ਕੀਰਤਪੁਰ ਆਉਂਦੇ ਤਾਂ ਬੀਬੀ ਕੋਲ ਹੀ ਠਹਿਰਦੇ ਹੁੰਦੇ ਸਨ।

ਜਦ ਬੀਬੀ ਰੂਪ ਕੌਰ ਦਾ ਵਿਆਹ ਹੋਇਆ ਤਾਂ ਉਸ ਦੀ ਦਾਦੀ ਬਸੀ ਨੇ ਉਸ ਨੂੰ ਦਾਜ ਵਿਚ ਸ੍ਰੀਚੰਦ ਦੀ ਸੇਲੀ ਟੋਪੀ (ਜੋ ਸ੍ਰੀਚੰਦ ਨੇ ਬਾਬਾ ਗੁਰਦਿੱਤਾ ਨੂੰ ਦਿੱਤੀ ਸੀ), ਗੁਰਬਾਣੀ ਅਤੇ ਸਾਖੀਆਂ ਦੀ ਇਕ ਪੋਥੀ ਦਿੱਤੀ ਸੀ। ਇਨ੍ਹਾਂ ਦੋਹਾਂ ਚੀਜ਼ਾਂ ਤੋਂ ਇਲਾਵਾ ਬੀਬੀ ਜੀ ਦਾ ਆਪਣਾ ਕਢਾਈ ਕੀਤਾ ਇਕ ਰੁਮਾਲ ਤੇ ਇਕ ਉਦੋਂ ਦੀ ਪੱਖੀ ਅੱਜ ਵੀ ਗੁਰਦੁਆਰਾ ਮੰਜੀ ਸਾਹਿਬ ਕੀਰਤਪੁਰ ਵਿਚ ਪਈਆਂ ਹੋਈਆਂ ਹਨ।

ਬੀਬੀ ਰੂਪ ਕੌਰ ਦੇ ਬੇਟੇ ਭਾਈ ਅਮਰ ਸਿੰਘ ਜੀ ਦੇ ਅੱਗੋਂ ਪਰਿਵਾਰਾਂ ਵਿਚੋਂ ਕੁਝ ਵਾਰਿਸ ਪਿੰਡ ਦਿਆਲਪੁਰਾ (ਨੇੜੇ ਬਨੂੜ) ਵਿਚ ਵੱਸ ਰਹੇ ਹਨ।

## ਮਾਤਾ ਗੁਜਰੀ

ਮਾਤਾ ਗੁਜਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਪਤਨੀ



ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਸੀ। ਆਪ ਦਾ ਜਨਮ ਭਾਈ ਲਾਲ ਚੰਦ ਸੁਭਿਖੀ ਖਤਰੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਕਰਤਾਰਪੁਰ ਵਿਖੇ 1623 ਵਿਚ ਹੋਇਆ ਸੀ। ਆਪ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਨਾਲ ਅੱਸੂ ਸੁਦੀ 5 ਸੰਮਤ 1886 (11 ਸਤੰਬਰ 1629) ਨੂੰ ਕਰਤਾਰਪੁਰ ਵਿਖੇ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤਿ-ਜੋਤਿ ਸਮਾਉਣ (1644) ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਤੇ ਪਤਨੀ ਗੁਜਰੀ ਜੀ ਨਾਲ ਬਕਾਲੇ ਚਲੇ ਗਏ। 1656 ਵਿਚ ਜਦ ਗੁਰੂ ਤੇਗ਼ ਬਹਾਦਰ ਸਾਹਿਬ ਉੱਤਰ ਪ੍ਰਦੇਸ਼, ਬਿਹਾਰ, ਅਸਾਮ ਵਗ਼ੈਰਾ ਦੇ ਦੌਰੇ 'ਤੇ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਸਨ। 18 ਦਸੰਬਰ 1661 ਦੇ ਦਿਨ ਆਪ ਨੇ ਇਕ ਬੇਟੇ (ਗੁਰੂ) ਗੋਬਿੰਦ ਸਿੰਘ ਨੂੰ ਜਨਮ ਦਿੱਤਾ। ਗੁਰੂ ਤੇਗ਼ ਬਹਾਦਰ ਸਾਹਿਬ 1664 ਵਿਚ ਪਟਨਾ ਤੋਂ ਪੰਜਾਬ ਮੁੜ ਆਏ ਪਰ ਆਪ 1670 ਤਕ ਪਟਨਾ ਵਿਚ ਹੀ ਰਹੇ।

1664 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਨੌਵੇਂ ਗੁਰੂ ਵਜੋਂ ਗੁਰਗੱਦੀ ਸੰਭਾਲੀ। ਇਸ ਮਗਰੋਂ 1666 ਵਿਚ ਆਪ ਦੋਬਾਰਾ ਅਸਾਮ ਵਗ਼ੈਰਾ ਦੇ ਦੌਰੇ 'ਤੇ ਨਿਕਲ ਗਏ ਤੇ 1670 ਵਿਚ ਪੰਜਾਬ ਮੁੜੇ। ਇਸ ਮਗਰੋਂ ਮਾਤਾ ਗੁਜਰੀ 1672 ਤਕ ਬਕਾਲਾ ਵਿਚ ਰਹੇ ਤੇ ਫਿਰ ਚੱਕ ਨਾਨਕੀ (ਅਨੰਦਪੁਰ) ਚਲੇ ਗਏ।

11 ਨਵੰਬਰ 1675 ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਹੋ ਗਏ। ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਵਿਚ (ਹੁਣ ਵਾਲੇ ਰਕਾਬਗੰਜ ਵਾਲੀ ਥਾਂ 'ਤੇ) ਕਰ ਦਿਤਾ, ਅਤੇ, ਸੀਸ ਲੈ ਕੇ ਭਾਈ ਜੈਤਾ ਜੀ ਤੇ ਉਨ੍ਹਾਂ ਦੇ ਸਾਥੀ 16 ਨਵੰਬਰ ਨੂੰ ਅਨੰਦਪੁਰ ਪੁਜੇ ਜਿੱਥੇ ਮਾਤਾ ਗੁਜਰੀ ਅਤੇ ਬੇਟੇ ਗੋਬਿੰਦ ਦਾਸ ਨੇ ਪਿਤਾ ਦੇ ਸੀਸ ਦਾ ਸਸਕਾਰ ਕੀਤਾ। ਮਾਤਾ ਗੁਜਰੀ ਨੇ ਪਤੀ ਦੀ ਸ਼ਹਾਦਤ ਮਗਰੋਂ ਆਪਣੇ ਬੇਟੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਰ ਗੱਲ ਵਿਚ ਪੂਰਾ ਸਾਥ ਦਿਤਾ।

1675 ਤੋਂ 1685 ਤੇ ਫਿਰ 1688 ਤੋਂ 1705 ਤਕ ਮਾਤਾ ਗੁਜਰੀ ਚੱਕ ਨਾਨਕੀ ਤੇ ਅਨੰਦਪੁਰ ਸਾਹਿਬ ਵਿਚ ਰਹੇ ਅਤੇ 1685 ਤੋਂ 1688 ਤਕ ਪਾਉਂਟਾ ਸਾਹਿਬ ਵਿਚ ਰਹੇ। ਆਪ ਆਪਣੇ ਹੱਥੀਂ ਸੰਗਤਾਂ ਦੀ ਸੇਵਾ ਕਰਦੇ ਹੁੰਦੇ ਸਨ। ਆਪਣੀਆਂ ਨੂੰਹਾਂ ਦੀ ਬੀਮਾਰੀ ਕਾਰਨ ਆਪ ਨੇ ਆਪਣੇ ਤਿੰਨ ਛੋਟੇ ਪੋਤਿਆਂ ਨੂੰ ਵੀ ਆਪਣੇ ਹੱਥੀਂ ਵੱਡਿਆਂ ਕੀਤਾ ਤੇ ਗੁਰਮਤਿ ਦੀ ਸਿੱਖਿਆ ਦਿੱਤੀ।

ਮਈ 1705 ਵਿਚ ਅਨੰਦਪੁਰ ਨੂੰ ਲੰਮਾ ਘੇਰਾ ਪੈ ਗਿਆ। ਗੁਰੂ ਜੀ ਨੇ ਆਪਣੀਆਂ ਪਤਨੀਆਂ ਸਣੇ ਸਭ ਬੀਬੀਆਂ ਤੇ ਬੱਚਿਆਂ ਨੂੰ ਅਨੰਦਪੁਰ ਤੋਂ ਬਾਹਰ ਭੇਜ ਦਿੱਤਾ। ਨਗਰ ਵਿਚ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਤੇ ਦੋ ਹੋਰ ਬੀਬੀਆਂ ਰਹਿ ਗਈਆਂ। ਗੁਰੂ ਸਾਹਿਬ ਨੂੰ 5 ਤੇ 6 ਦਸੰਬਰ 1705 ਦੀ ਰਾਤ ਨੂੰ ਅਨੰਦਪੁਰ ਸਾਹਿਬ ਛਡਣਾ ਪਿਆ। ਮਾਤਾ ਜੀ ਉਸ ਰਾਤ ਪੈਦਲ ਅਨੰਦਪੁਰ ਤੋਂ ਕੀਰਤਪੁਰ ਅਤੇ ਫਿਰ ਸਰਸਾ ਨਦੀ ਤਕ ਗਏ ਤੇ ਇਸ ਮਗਰੋਂ ਆਪ ਦੋ ਛੋਟੇ ਸਾਹਿਬਜ਼ਾਦੀਆਂ ਨੂੰ ਨਾਲ ਲੈ ਕੇ, ਇਕ ਸਿੰਘ ਤੇ ਬੀਬੀ ਸੁਭਿੱਖੀ ਨਾਲ ਚਮਕੌਰ ਵਲ ਚਲੇ ਗਏ ਜਿੱਥੇ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਆ ਕੇ ਮਿਲਣਾ ਸੀ। ਪਰ ਜਦੋਂ ਗੁਰੂ ਸਾਹਿਬ ਕਾਫ਼ੀ ਦੇਰ ਤਕ ਨਾ ਪੁਜੇ ਤਾਂ ਸਹੇੜੀ ਪਿੰਡ ਦੇ ਮਸੰਦ ਧੁੰਮਾ ਤੇ ਦਰਬਾਰੀ ਉਨ੍ਹਾਂ ਨੂੰ ਆਪਣੇ ਘਰ ਲੈ ਗਏ। ਰਾਤ ਨੂੰ ਮਸੰਦਾਂ ਨੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ। ਸਵੇਰੇ ਥੈਲੀ ਗ਼ਾਇਬ ਵੇਖ ਕੇ ਜਦੋਂ ਮਾਤਾ ਗੁਜਰੀ ਨੇ ਸ਼ਿਕਾਇਤ ਕੀਤੀ ਤਾਂ ਮਸੰਦਾਂ ਨੇ ਆਪਣੇ ਨੌਕਰ ਗੰਗੂ ਨੇ ਮੋਰਿੰਡਾ ਥਾਣੇ ਭੇਜ ਕੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿਤਾ।

ਇਨ੍ਹਾਂ ਤਿੰਨਾਂ ਨੂੰ ਮੁਰਿੰਡਾ ਪੁਲੀਸ ਦੇ ਜਨੀ ਖਾਨ ਤੇ ਮਨੀ ਖਾਨ ਸਹੇੜੀ ਤੋਂ ਲੈ ਗਏ। ਬੱਚਿਆਂ ਨੂੰ ਬੋਰੀਆਂ ਵਿਚ ਬੰਨ੍ਹ ਕੇ ਮੋਰਿੰਡੇ ਲਿਜਾਇਆ ਗਿਆ। ਉਨ੍ਹਾਂ ਨੂੰ ਅਗਲੇ ਦਿਨ ਸਾਹਰੰਦ (ਹੁਣ ਸਰਹੰਦ) ਲਿਜਾ ਕੇ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਰੱਖ ਕੇ ਅਗਲੇ ਦਿਨ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਕੋਲ ਪੇਸ਼ ਕੀਤਾ ਗਿਆ। ਵਜ਼ੀਰ ਖਾਨ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਵਾਸਤੇ ਕਿਹਾ। ਜਦੋਂ ਉਨ੍ਹਾਂ ਨੇ ਨਾਂਹ ਕਰ ਦਿਤੀ ਤਾਂ ਉਨ੍ਹਾਂ ਨੂੰ ਦੀਵਾਰ ਵਿਚ ਜਿਊਂਦੇ ਚਿਣੇ ਜਾਣ ਦਾ ਹੁਕਮ ਦੇ ਦਿਤਾ ਗਿਆ। 12 ਦਸੰਬਰ 1705 ਨੂੰ ਉਨ੍ਹਾਂ ਨੂੰ ਦੀਵਾਰਾਂ ਵਿਚ ਚਿਣਿਆ ਗਿਆ ਪਰ ਦੀਵਾਰ ਪੂਰੀ ਹੋਣ ਮਗਰੋਂ ਡਿਗ ਪਈ। ਇਸ ਮਗਰੋਂ ਉਨ੍ਹਾਂ ਨੂੰ ਧੌਣ ਵੱਢ ਕੇ ਸ਼ਹੀਦ ਕਰ ਦਿੱਤਾ ਗਿਆ।

ਇਸੇ ਦਿਨ ਮਾਤਾ ਗੁਜਰੀ ਨੂੰ ਵੀ ਕਿਲ੍ਹੇ ਦੇ ਸਭ ਤੋਂ ਉਪਰ ਬਣੇ ਵਡੇ ਬੁਰਜ ਤੋਂ ਸੁੱਟ ਕੇ ਸ਼ਹੀਦ ਕਰ ਦਿਤਾ ਗਿਆ। ਇਸ ਵੇਲੇ ਮਾਤਾ ਗੁਜਰੀ ਦੀ ਉਮਰ 83 ਸਾਲ ਦੀ ਸੀ। ਮਾਤਾ ਜੀ ਤੇ ਬੱਚਿਆਂ ਦਾ ਸਸਕਾਰ ਟੋਡਰ ਮਲ ਸ਼ਾਹਜਹਾਨੀ ਦੇ ਪੁੱਤਰ ਜਾਂ ਪੋਤੇ ਨੇ ਕੀਤਾ।

---

## ਤੀਆਂ 'ਤੇ ਚੱਲੀ ਆਂ

ਘਰ ਵਾਲੀ ਕਹਿੰਦੀ!
ਮੈਂ ਤੀਆਂ 'ਤੇ ਚੱਲੀ ਹਾਂ
ਮੈਂ ਉਸ ਨੂੰ ਕਿਹਾ
ਯਾਰ! ਤੀਆਂ ਤਾਂ ਸਾਲੀਆਂ ਹਰ ਸਾਲ
ਮਹਿੰਗੀਆਂ ਹੋਈ ਜਾਂਦੀਆਂ ਹਨ।

ਪਹਿਲਾਂ ਤੂੰ ਨੌਹਾਂ ਨੂੰ ਧੁਆ ਕੇ
ਸਾਫ਼ ਕਰਾ ਕੇ
ਐਕਸਟੈਨਸ਼ਨ ਲੁਆ ਕੇ
ਨੇਲ ਪਾਲਸ਼ ਲਵਾ ਕੇ
ਸੌ ਡਾਲਰਾਂ ਨੂੰ ਹਵਾਂ ਵਿਚ ਉਡਾਇਆ।

ਲੰਮੇ ਲੰਮੇ ਤਿੱਖੇ ਆਈਬਰੋ ਬਣਵਾਏ
ਲਿਪਸ ਨੂੰ ਸਾਫ਼ ਕਰਵਾਇਆ
ਸੌ ਡਾਲਰਾਂ ਨੂੰ ਹੋਰ ਮੇਰੀ ਜੇਬ ਵਿਚੋਂ ਕਢਾਇਆ।

ਫੇਰ ਤੂੰ ਫੇਸ਼ੀਅਲ ਕਰਵਾਇਆ
ਪੰਜਾਹ ਡਾਲਰਾਂ ਦਾ ਦਾਨ ਕਰਵਾਇਆ
ਫੇਰ ਤੂੰ 'ਗੋਰੇ' ਕੋਲੋਂ ਫੁੱਲ ਬਾਡੀ ਮਸਾਜ
ਕਰਵਾਇਆ
ਡੇਢ ਸੌ ਡਾਲਰ ਨੂੰ ਉੱਥੇ ਕੂੜੇ ਵਿਚ ਪਾਇਆ।

ਇੰਨੀ ਗਰਮੀ ਵਿਚ ਸਿਲਕ ਦਾ ਸੂਟ
ਬਿੰਦੀਆਂ, ਕੋਕਾ, ਨਕਲੀ ਗਹਿਣਿਆਂ
ਨਾਲ ਲੱਦੀ ਨੇ
ਹੋਰ ਪੰਜ ਸੌ ਡਾਲਰਾਂ ਦਾ ਭੋਗ ਪਾਇਆ।

ਪੱਚੀ ਡਾਲਰਾਂ ਦੀ ਟਿਕਟ ਖਰੀਦੀ
ਗਰੀਬਾਂ ਦੇ ਪਸੀਨਾ ਚੋਂਦੇ ਪੈਰਾਂ ਨਾਲ
ਗੁੰਨ੍ਹੇ ਮੈਦੇ ਤੋਂ ਬਣੇ
ਖੱਟੇ ਮਿੱਠੇ ਨੂੰ ਵੀ
ਤੂੰ ਆਪਣੇ ਢਿੱਡ ਵਿਚ ਪਾਵੇਂਗੀ
ਹੋਰ ਵੀਹ-ਪੰਚੀ ਨੂੰ ਬੁੱਕ ਲਵਾ ਕੇ
ਢਿੱਡ ਪੀੜ ਕਰਵਾਵੇਂਗੀ।
ਲੂਜ਼ ਮੋਸ਼ਨ ਨੂੰ 'ਟੈਕਸਟ ਮੈਸਜ' ਕਰਕੇ ਬੁਲਵਾਵੇਂਗੀ।

ਕੀ ਫ਼ਾਇਦਾ?

ਕਹਿੰਦੀ!
ਮੇਰੇ ਜਾਣ ਤੋਂ ਬਾਅਦ ਤੂੰ ਵੀ
ਦਬਾ ਦਬ ਫ਼ੋਨ 'ਤੇ ਬੈਠ ਜਾਵੇਂਗਾ
'ਸੰਨੀ ਡੇਅ' ਮਨਾਉਣ ਲਈ
ਲੰਡਰ ਢਾਣੀ ਨੂੰ ਬੁਲਾਏਂਗਾ।

ਮੱਛਾਂ, ਗਾਵਾਂ, ਸੂਰ, ਕੁੱਕੜ ਤੇ ਕੁੱਕੜੀਆਂ
ਭੁੰਨ ਭੁੰਨ ਕੇ ਖਾਵੇਂਗਾ
ਨਾਲ ਸਭ ਤੋਂ ਮਹਿੰਗੀ,
ਕੈਲਗਰੀ ਤੋਂ ਮੰਗਵਾਈਆਂ
ਬੋਤਲਾਂ ਦੇ ਢੱਕਣਾਂ ਦੀ ਸੰਘੀ ਮਰੋੜੇਂਗਾ
ਲੁੱਡੀਆਂ ਪਾਵੇਂਗਾ
ਭੰਗੜਾ ਪਾਵੇਂਗਾ
"ਸੰਨੀ ਡੇਅ" ਮਨਾਵੇਂਗਾ।
ਉਠ ਜਾ ਬੈਠ ਜਾ ਕਰਵਾਵੇਂਗਾ
ਹੱਥ ਕੰਨ 'ਤੇ ਰੱਖ ਕੇ
'ਮਾਣਕ' ਦੀਆਂ ਕਲੀਆਂ ਗਾਵੇਂਗਾ
ਮੇਰੇ ਖਰਚੇ ਡਾਲਰ ਇੱਕ ਮਿੰਟ ਵਿਚ ਭੁੱਲ ਜਾਵੇਂਗਾ।
*-ਸੰਨੀ ਧਾਲੀਵਾਲ*

---

## ਪੀਂਘਾਂ

ਕੋਈ ਸਮਾਂ ਸੀ ਸਉਣ ਮਹੀਨੇ, ਪੀਂਘਾਂ ਝੂਟਣ ਕੁੜੀਆਂ।
ਹੱਸਣ, ਖੇਡਣ, ਦਿਲ ਦੀਆਂ ਗੱਲਾਂ ਬੈਠ ਸੁਣਾਵਣ ਜੁੜੀਆਂ।

ਛਾਈ ਘਟਾ ਘਨਘੋਰ ਅਕਾਸ਼ੀਂ, ਪੀਂਘਾਂ ਲੈਣ ਹੁਲਾਰੇ।
ਨਣਦਾਂ, ਭਾਬੀਆਂ 'ਕੱਠੀਆਂ ਹੋ ਕੇ, ਲੈਂਦੀਆਂ ਖ਼ੂਬ ਨਜ਼ਾਰੇ।

ਆਇਆ ਯੁਗ ਤਕਨਾਲੋਜੀ ਦਾ, ਪੀਂਘ ਮਨਾਂ 'ਚੋਂ ਭੁੱਲੀ।
ਵਿਰਸਾ ਵਿਸਰਿਆ ਹੁਣ ਫ਼ਿਕਰਾਂ 'ਚ, ਕੁੱਲੀ-ਗੁੱਲੀ-ਜੁੱਲੀ।

ਚਰਖੇ, ਤ੍ਰਿੰਞਣ ਗੁੰਮ ਹੋ ਗਏ, ਨਾ ਹੁਣ ਪੀਂਘਾਂ ਪਿੱਪਲੀਂ।
ਬਾਂਦਰ ਕਿੱਲਾ, ਗੁੱਲੀ ਡੰਡਾ, ਕਿਤੇ ਨਾ ਪੈਂਦੀ ਕਿੱਕਲੀ।

ਹੁਣ ਤਾਂ ਡੀਜੇ ਉੱਤੇ ਨਾਰੀ, ਤੇਜ਼-ਤਰਾਰੀ ਨੱਚੇ।
ਲੱਗਦੇ ਧੱਪਾ ਪੀਂਘ ਪੜ੍ਹਨਗੇ, ਵਿਚ ਸਕੂਲੀਂ ਬੱਚੇ।

## ਕਵਿ-ਕਿਆਰੀ

ਆਓ ਸਾਰੇ ਮਿਲਜੁਲ ਆਪਣਾ, ਵਿਰਸਾ ਮੋੜ ਲਿਆਈਏ।
ਰੁੱਖਾਂ ਦੀ ਰਖਵਾਲੀ ਕਰੀਏ, ਪਿੱਪਲੀਂ ਪੀਂਘਾਂ ਪਾਈਏ।
*-ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

---


## ਸ਼ੁਕਰ

ਵਕਤ ਬਚਾਂਦਾ ਰਹਿ ਗਿਆ,
ਝੁਰੜੀਆਂ ਗਈਆਂ ਪੈ।
ਕੁਝ ਵਕਤ ਨੇ ਥੱਪੜ ਮਾਰੇ
ਕੁਝ ਬਾਪੂ ਦੀਆਂ ਝਿੜਕਾਂ ਸਹਿ।

ਹਮਉਮਰ ਕੁਝ ਕੁੱਬੇ ਹੋ ਗੇ,
ਅੱਖਾਂ ਗਈਆਂ ਰਹਿ।
ਕਈਆਂ ਦੇ ਅਪ੍ਰੇਸ਼ਨ ਹੋਗੇ
ਗੋਡੇ ਨਵੇਂ ਗਏ ਪੈ।

ਕਈ ਔਲਾਦਾਂ ਦੇ ਖਾਤੇ ਭਰ ਕੇ
ਬਿਰਧ ਆਸ਼ਰਮ ਰਹੇ ਰਹਿ।
'ਸ਼ੁਕਰ' ਮਨਾ ਤੂੰ ਰੱਬ ਦਾ ਠਾਕਰ,
ਸ਼ਿਕਵਾ ਨਾ ਕੋਈ ਕਹਿ।
*-ਠਾਕਰ ਬਸਾਤੀ*

# ਦੋ ਕਿਤਾਬਾਂ ਦੀ ਪੜ੍ਹਤ




ਰਵਿੰਦਰ ਸਿੰਘ ਸਹਿਰਾਅ
ਫੋਨ: 219-900-1115
Emial : raivsahra@gmial.com



### 1. ਬਰਫ਼ 'ਚ ਉੱਗੇ ਅਮਲਤਾਸ (ਗੁਰਿੰਦਰਜੀਤ)

ਇਕ ਦਿਨ ਡਾ. ਆਤਮਜੀਤ ਨੇ ਇਸ ਨਵੇਕਲੀ ਕਿਤਾਬ ਦੀ ਬੜੀ ਤਾਰੀਫ਼ ਕੀਤੀ ਤਾਂ ਕਿਤਾਬ ਪੜ੍ਹਨ ਨੂੰ ਚਿੱਤ ਪੱਬਾਂ ਭਾਰ ਹੋ ਗਿਆ। ਫਿਰ ਛੇਤੀ ਹੀ ਗੁਰਿੰਦਰਜੀਤ ਨੇ ਕਿਤਾਬ ਵੀ ਭਿਜਵਾ ਦਿੱਤੀ। ਮੈਨੂੰ ਦੋਸਤ ਮਿੱਤਰ ਗਾਹੇ-ਬਗਾਹੇ ਕਿਤਾਬਾਂ ਭੇਜਦੇ ਰਹਿੰਦੇ ਹਨ ਤੇ ਕਈ ਵੇਰ ਕਈ ਕਿਤਾਬਾਂ ਇਕੱਠੀਆਂ ਹੀ ਦਸਤਕ ਦਿੰਦੀਆਂ ਹਨ। ਇਸ ਵੇਰ ਵੀ ਇੰਝ ਹੀ ਹੋਇਆ। ਮੈਂ ਭਾਵੇਂ ਸਾਹਿਤ ਪਾਰਖੂ ਨਹੀਂ ਪਰ ਇਹ ਅਨੂਠੀ ਕਿਤਾਬ ਪੜ੍ਹ ਕੇ ਦੋ ਅੱਖਰ ਲਿਖਣ ਦਾ ਮਨ ਕਰ ਆਇਆ।

ਇਸ ਕਿਤਾਬ ਦੀ ਵੱਖਰਤਾ ਇਸ ਕਰਕੇ ਵੀ ਹੈ ਕਿ ਇਹ ਸ਼ਾਇਦ ਪਹਿਲੀ ਕਿਤਾਬ (ਮੇਰੀ ਨਜ਼ਰ 'ਚ) ਜੋ ਵਾਰਤਕ ਤੇ ਕਵਿਤਾ ਨੂੰ ਆਪਣੇ ਕੁਰਤੇ ਪਜਾਮੇ ਦੀਆਂ ਦੋਨਾਂ ਜੇਬਾਂ ਵਿਚ ਸੰਭਾਲੀ ਬੈਠੀ ਹੈ। ਵਾਰਤਕ ਵੀ ਕਮਾਲ ਦੀ ਤੇ ਕਵਿਤਾ ਵੀ ਦਿਲ ਦੀਆਂ ਦਹਿਲੀਜ਼ਾਂ 'ਤੇ ਦਸਤਕ ਦੇਣ ਵਾਲੀ।

ਕਵਿਤਾ ਵਿਚ ਉਹ ਆਮ ਵਰਤਾਰੇ ਨੂੰ ਵੀ ਦਾਰਸ਼ਨਿਕਤਾ ਨਾਲ ਭਰ ਦਿੰਦਾ ਹੈ:

ਰਹਿਰਾਸ ਮੁੱਕਦਿਆਂ
ਪਿੰਡ ਸੌਂ ਜਾਂਦਾ
ਤਾਰੇ ਫੌਜੀ ਨੂੰ ਨੀਂਦ ਨਾ ਅਹੁੜਦੀ
ਉਹ ਰਾਤੋ ਰਾਤ
ਤੀਸਰੇ ਸੰਸਾਰ ਯੁੱਧ ਨੂੰ ਰੋਕਣ ਲਈ
ਸੀਰੀਆ ਤੇ ਇਰਾਕ ਹੁੰਦਾ ਹੋਇਆ
ਇਜ਼ਰਾਈਲ ਪਹੁੰਚ ਜਾਂਦਾ।
——
ਪੁੱਤਾਂ ਕੱਢੀ ਕੰਧ
ਬੇਬੇ ਬਾਪੂ ਦਾ
ਲੰਮਾ ਹੋ ਗਿਆ ਪੰਧ।

ਲਗਾਂ-ਲਗਾਖਰ ਉਸ ਦੀ ਇਕ ਹੋਰ ਦਿਲਚਸਪ ਕਵਿਤਾ ਹੈ:-

ਬਿੰਦੀ ਬਹੁ ਰੂਪਾਂ ਵਿੱਚ ਬੋਲੇ
ਕਦੇ ਮੱਥੇ ਕਦੇ ਪੈਰਾਂ ਉਹਲੇ
ਅੱਧਕ ਅੜ ਜਾਏ ਅੜ ਜਾਂਦਾ
ਜਿਉਂ ਬੱਠਲ ਸਿਰ 'ਤੇ ਚੜ੍ਹ ਜਾਂਦਾ।

ਪੰਜਾਬੀ ਸਾਹਿਤ ਵਿਚ ਆਲੋਚਕਾਂ (ਸਾਰਿਆਂ ਦੀ ਨਹੀਂ) ਦੀ ਨ੍ਹੇਰਗਰਦੀ ਨੂੰ ਦੋ ਸਤਰਾਂ ਵਿਚ ਇਵੇਂ ਬਿਆਨ ਕਰਦਾ ਹੈ:

ਸਾਹਿਤਕ ਪੁਲਸ ਦੀ ਘੂਰ
ਨਜ਼ਮ ਅੰਞਾਣੀ ਚੂਰੋ ਚੂਰ।

ਉਸ ਦੀ ਵਾਰਤਕ ਵੀ ਕਵਿਤਾ ਵਰਗੀ ਹੈ ਜੋ ਨਿੱਕੇ-ਨਿੱਕੇ ਖਿਆਲਾਂ ਨੂੰ ਪਰਵਾਜ਼ ਨਾਲ ਭਰਦੀ ਹੈ। ਧਰਤੀ ਹੇਠਲਾ ਪਾਣੀ ਮੁੱਕਣਾ ਉਸ ਨੂੰ ਬੇਚੈਨ ਕਰਦਾ ਹੈ। ਉਹ ਤਿੰਨ ਸਤਰਾਂ ਵਿਚ ਹੀ ਬਾਖੂਬੀ ਬਿਆਨ ਕਰ ਦਿੰਦਾ ਹੈ:

ਪਿਆਸ ਖ਼ਸਮ ਨੂੰ ਖਾਣੀ
ਪੀ ਕੇ ਖੂਹ ਨਲਕੇ
ਚੰਨ 'ਤੇ ਲੱਭੇ ਪਾਣੀ

ਇਸ ਨਿਵੇਕਲੀ ਤੇ ਅਨੂਠੀ ਪੋਥੀ ਨੂੰ ਜੀ ਆਇਆਂ।

---

### ਛਾਵਾਂ ਅੰਦਰਲਾ ਸੇਕ (ਰਵਿੰਦਰ ਭੱਠਲ)

ਹੱਥਲੀ ਪੁਸਤਕ ਵੀ ਬਰਾਸਤਾ ਆਤਮਜੀਤ ਮੇਰੇ ਕੋਲ ਪੁੱਜੀ। ਉਂਜ ਰਵਿੰਦਰ ਭੱਠਲ ਮੇਰੇ ਪਸੰਦੀਦਾ ਸ਼ਾਇਰਾਂ ਵਿਚੋਂ ਇੱਕ ਹੈ। ਉਹ ਪੰਜ ਦਹਾਕਿਆਂ ਤੋਂ ਕਵਿਤਾ ਨਾਲ ਬਾਵਸਤਾ ਹੈ। ਉਸ ਕੋਲ ਸੋਚ ਹੈ, ਵਿਚਾਰ ਹੈ, ਉਹ ਐਵੇਂ ਕਵਿਤਾ ਲਿਖਣ ਲਈ ਹੀ ਕਵਿਤਾ ਨਹੀਂ ਲਿਖਦਾ ਜਿਵੇਂ ਸਾਡੇ ਬਹੁਤੇ ਕਵੀ ਅੱਜ-ਕਲ੍ਹ ਲਿਖ ਰਹੇ ਹਨ। ਡਾ. ਸਰਬਜੀਤ ਸਿੰਘ ਉਸ ਦੀ ਕਵਿਤਾ ਬਾਰੇ ਲਿਖਦੇ ਹਨ:

''ਰਵਿੰਦਰ ਭੱਠਲ ਦਾ ਕਾਵਿ ਪਾਤਰ ਜੀਵਨ ਜਿਊਣ ਦੀ ਰੀਝ ਨਾਲ ਭਰਿਆ ਹੋਇਆ ਸਮੂਹਕਤਾ ਵਿੱਚ ਹੀ ਸਵੈ ਨੂੰ ਸ਼ਾਮਲ ਕਰਦਾ ਹੈ।''

ਕਿਤਾਬ ਦੀ ਪਹਿਲੀ ਕਵਿਤਾ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ।

ਸਵੈ-ਕਥਨ

ਉਸ ਦੀ ਸ਼ਾਇਰੀ ਵਿੱਚ ਫ਼ਿਕਰਾਂ ਦੀ ਵੇਗ 'ਚ ਵਗਦੀ ਹਨੇਰੀ
ਬੇਵਸੀ ਦੀ ਬੇਰੋਕ ਵਰ੍ਹਦੀ ਬਾਰਿਸ਼
ਸਦੀਆਂ ਤੋਂ ਧਰਤ 'ਤੇ ਵਿਛੀਆਂ
ਨਿਮਾਣੀਆਂ ਨਿਤਾਣੀਆਂ ਜਿਹੀਆਂ
ਛਾਵਾਂ ਅੰਦਰਲਾ ਸੇਕ ਵੀ ਹੈ।

ਕੰਮ ਭਾਲਦੇ ਮਜ਼ਦੂਰਾਂ ਬਾਰੇ ਉਸ ਦੀ ਕਵਿਤਾ 'ਸਾਡਾ ਅਕਾਸ਼ ਕਿੱਥੇ ਹੈ' ਉਚੇਚਾ ਧਿਆਨ ਖਿੱਚਦੀ ਹੈ:-

ਲੇਬਰ ਚੌਕ ਹੀ ਇਹਨਾਂ ਦੀ
ਧਰਤ ਹੈ ਉਮੀਦਾਂ ਦੀ
ਇੱਥੇ ਹੀ ਸੁਪਨੇ ਕਰਵਟ ਲੈਂਦੇ
ਤੇ ਇੱਥੇ ਹੀ ਦੁਪਹਿਰ ਤਕ
ਬੇਉਮੀਦ ਹੋ ਤੋੜ ਦਿੰਦੇ ਨੇ ਦਮ।

ਉਸ ਦੀ ਅਰਜ਼ੋਈ ਹੈ :-

ਸੁਹਾਗਣ ਕੋਲੋਂ ਵੰਗ ਨਾ ਖੋਹੀਂ
ਕਵੀ ਦੇ ਕੋਲੋਂ ਛੰਦ ਨਾ ਖੋਹੀਂ
ਮਾਂ ਬੋਲੀ ਦਾ ਪਿਆਰ ਨਾ ਖੋਹੀਂ
ਵੱਡਿਆਂ ਦਾ ਸਤਿਕਾਰ ਨਾ ਖੋਹੀਂ
ਬੁੱਲ੍ਹਾ, ਵਾਰਸ ਭੁੱਲਣ ਨਾ ਦੇਵੀਂ
ਵਾਕ ਗੁਰੂ ਦੇ ਰੁਲਣ ਨਾ ਦੇਵੀਂ।

ਉਹ ਪਾਸ਼ ਵਾਂਗ ਜ਼ਿੰਦਗੀ ਨੂੰ ਖੂਬਸੂਰਤ ਦੇਖਣਾ ਲੋਚਦਾ ਹੈ। ਉਹ ਸ਼ਿਵ ਵਾਂਗ ਕਵਿਤਾ ਨੂੰ ਅੰਬਰੀਂ ਪਰਵਾਜ਼ ਭਰਦੀ ਦੇਖਣਾ ਚਾਹੁੰਦਾ ਹੈ। ਉਹ ਬੁੱਲ੍ਹੇ ਵਾਂਗ ਕਵਿਤਾ ਨੂੰ ਟਕੋਰਾਂ ਕਰਦੀ ਦੇਖਣੀ ਲੋਚਦਾ। ਉਹ ਵਾਰਸ ਸ਼ਾਹ ਵਾਂਗ ਕਵਿਤਾ ਨੂੰ ਨਖ਼ਰੀਲੀ ਦੇਖਣਾ ਚਾਹੁੰਦਾ ਹੈ। ਉਹ ਕਵਿਤਾ ਲਿਖਦਾ ਹੀ ਨਹੀਂ ਕਵਿਤਾ ਨੂੰ ਜਿਉਂਦਾ ਵੀ ਹੈ।

ਇਨ੍ਹਾਂ ਦੋਵਾਂ ਕਿਤਾਬਾਂ ਲਈ ਆਤਮਜੀਤ ਦਾ ਵੀ ਤੇ ਦੋਨਾਂ ਹੀ ਕਵੀਆਂ ਦਾ ਸ਼ੁਕਰਾਨਾ। ਪੜ੍ਹੋਗੇ ਤਾਂ ਸਰਸ਼ਾਰ ਹੋ ਜਾਉਗੇ।

# ਦੇਸ਼ ਵੰਡ ਦੇ ਆਰ-ਪਾਰ ਝਾਕਦਾ ਨਾਵਲ - 'ਮਨ ਪੰਖੀ ਭਇਓ'

ਗੁਰਮੀਤ ਕੜਿਆਲਵੀ
ਫੋਨ: 98726-40994




ਪਿਛਲੇ ਦਿਨ ਸਾਡੇ ਬੌਧਿਕ ਸੁਰ ਦੇ ਸ਼ਾਇਰ, ਵੱਡੇ ਚਿੰਤਕ ਅਤੇ ਨਿਰਵਾਣ, 'ਸਹਜ ਗੁਫ਼ਾ ਮਹਿ ਆਸਣ' ਵਰਗੇ ਨਾਵਲ ਲਿਖਣ ਵਾਲੇ ਬਹੁ-ਪੱਖੀ ਲੇਖਕ ਮਨਮੋਹਨ ਦੇ ਤੀਜੇ ਨਾਵਲ 'ਮਨ ਪੰਖੀ ਭਇਓ' ਨਾਲ ਬਿਤਾਏ। ਮਨਮੋਹਨ ਔਖਾ ਹੈ—ਉਸਨੂੰ ਪੜ੍ਹਨਾ ਤੇ ਫਿਰ ਪੜ੍ਹ ਕੇ ਸਮਝਣਾ ਪਾਠਕ ਲਈ ਚੁਣੌਤੀ ਵਾਲਾ ਕੰਮ ਹੁੰਦਾ ਹੈ। ਜੇ ਪਾਠਕ ਦੇ ਸਮਝ ਆ ਜਾਵੇ ਤਾਂ ਫੇਰ ਉਸਦੇ ਪਾਉਣ ਲਈ ਬੜਾ ਕੁਝ ਹੁੰਦਾ ਹੈ, ਪਰ ਜੇ ਪਾਠਕ ਰਚਨਾ 'ਚ ਡੂੰਘਾ ਨਾ ਉਤਰਿਆ-ਫਿਰ ਮਨਮੋਹਨ ਦੀ ਬੌਧਿਕਤਾ ਨਾਲ ਲਬਰੇਜ਼ ਸ਼ਾਇਰੀ/ਵਾਰਤਕ/ਨਾਵਲਕਾਰੀ 'ਚੋਂ ਕੁਝ ਹਾਸਲ ਕਰਨਾ ਉਸਦੇ ਵੱਸ ਦੀ ਗੱਲ ਨਹੀਂ ਹੁੰਦੀ।

'ਮਨ ਪੰਖੀ ਭਇਓ' ਨਾਵਲ ਇਤਿਹਾਸਕ ਵੀ ਹੈ, ਮਿਥਿਹਾਸਕ ਵੀ। ਇਸਦੇ ਏਨੇ ਕੁ ਪਸਾਰ ਤੇ ਤੰਦਾਂ ਹਨ ਕਿ ਡੂੰਘੀ ਨੀਝ ਲਾਇਆਂ ਹੀ ਪਕੜ 'ਚ ਆਉਂਦੀਆਂ ਹਨ। ਨਾਵਲ ਦਾ ਹਰ ਪੰਨਾ ਤੁਹਾਡੇ ਅੰਦਰ ਨਵਾਂ ਗਿਆਨ ਭਰਦਾ ਹੈ। ਤੁਸੀਂ ਕਦੇ ਸ਼ਾਇਰੀ ਦੇ ਸਮੁੰਦਰ 'ਚ ਤਾਰੀਆਂ ਲਾਉਣ ਲੱਗਦੇ ਓਂ, ਕਦੇ ਇਤਿਹਾਸ ਦੀਆਂ ਕੁੰਦਰਾਂ 'ਚ ਝਾਤੀਆਂ ਮਾਰਦੇ ਓਂ, ਤੇ ਕਦੇ ਵਾਰਸ, ਸ਼ਾਹ ਹੁਸੈਨ ਜਿਹੇ ਕਿੱਸਾਕਾਰਾਂ/ਸੂਫੀ ਕਵੀਆਂ ਦੀਆਂ ਕਾਫ਼ੀਆਂ, ਕਵਿਤਾਵਾਂ, ਰੁਬਾਈਆਂ, ਦੋਹਿਆਂ, ਬੈਂਤਾਂ ਦਾ ਅਨੰਦ ਮਾਣਦੇ ਓਂ। ਨਾਵਲ ਪੜ੍ਹਦਿਆਂ ਤੁਹਾਨੂੰ ਮਨਮੋਹਨ ਦੇ ਗਿਆਨ, ਖੋਜ, ਮਿਹਨਤ ਤੇ ਸਿਰੜ 'ਤੇ ਵਾਰੇ ਵਾਰੇ ਜਾਣ ਨੂੰ ਜੀਅ ਕਰਦਾ ਹੈ।

ਲਗਪਗ ਸਾਰਾ ਨਾਵਲ ਕਾਵਿਕ ਹੈ। ਨਾਵਲ ਦੇ ਸ਼ੁਰੂ 'ਚ ਉਹ ਇਕ ਘਰ ਦੇ ਲੌਢੇ ਵੇਲੇ ਦਾ ਦ੍ਰਿਸ਼ ਖਿੱਚਦਾ ਹੈ—ਲੌਢਾ ਵੇਲਾ...ਜੰਗਲ ਬੇਲਾ...ਰੁੱਖਾਂ ਦੀ ਸੰਘਣੀ ਝਿੜੀ...ਪੰਛੀਆਂ ਦੀ ਚਹਿਕਾਰ...ਦੂਰ ਖੇਤਾਂ 'ਚ ਕਾਲੇ-ਹਰੇ ਤੇ ਮਾਮਲੇ ਦਿਸਹੱਦੇ 'ਤੇ ਡੁੱਬ ਰਹੇ ਸੂਰਜ ਦੀ ਕੇਸਰੀ ਨੁਹਾਰ...'। ਨਾਵਲ ਦਾ ਪਹਿਲਾ ਪੈਰ੍ਹਾ ਪੜ੍ਹਦਿਆਂ ਹੀ ਪਾਠਕ ਸਮਝ ਜਾਂਦਾ ਹੈ ਕਿ ਸਾਰੇ ਨਾਵਲ 'ਚ ਹੀ ਉਸਨੂੰ ਕਾਵਿਕ ਬਿਰਤਾਂਤ ਸਿਰਜਿਆ ਮਿਲੇਗਾ। ਬਹੁਤਾ ਨਾਵਲ ਇਸ ਦੇ ਮੁੱਖ ਪਾਤਰ ਬੋਧੇ' ਦੀਆਂ ਯਾਦਾਂ ਤੇ ਚੇਤਨਾ 'ਚ ਵਾਪਰਦਾ ਹੈ। ਬੋਧਾ ਉਰਫ਼ ਬੋਧ ਸਿੰਘ ਵਾਰ ਵਾਰ ਪਿਛਲੀਆਂ ਯਾਦਾਂ 'ਚ ਪਰਤ ਜਾਂਦਾ ਹੈ। ਕਦੇ ਵਿਦਵਾਨ ਤਾਏ ਬਿਸ਼ਨ ਸਿੰਘ ਦੀਆਂ ਗੱਲਾਂ ਚੇਤੇ ਆਉਂਦੀਆਂ ਹਨ, ਕਦੇ ਵੱਡੇ ਗ੍ਰੰਥੀ ਕਰਮ ਸਿੰਘ ਜ਼ਖ਼ਮੀ ਦੇ ਪ੍ਰਵਚਨ, ਕਦੇ ਰਾਗੀ ਪ੍ਰੇਮ ਸਿੰਘ ਪਾਰਸ ਜੀ ਦਾ ਰਸਭਿੰਨਾ ਕੀਰਤਨ, ਕਦੇ ਬਾਪੂ ਸ਼ਿਬ ਸਿੰਘ ਦੀਆਂ ਗੂੜ੍ਹ ਗਿਆਨ ਦੀਆਂ ਗੱਲਾਂ, ਕਦੇ ਸ਼ਾਸਤਰੀ ਜੀ ਦੇ ਗਿਆਨਮਈ ਕਥਨ, ਕਦੇ ਹੌਲਦਾਰ ਭਾਗ ਸਿੰਘ ਵਰਗੇ ਪੇਂਡੂਆਂ ਦੀਆਂ ਜੀਵਨ ਅਨੁਭਵ 'ਚੋਂ ਪ੍ਰਾਪਤ ਕੀਤੀਆਂ ਸਮਝਦਾਰੀਆਂ।

ਨਾਵਲ ਗਿਆਨ ਨਾਲ ਭਰਿਆ ਪਿਆ ਹੈ। ਨਵੀਆਂ-ਨਵੀਆਂ ਸੂਚਨਾਵਾਂ, ਜਾਣਕਾਰੀਆਂ ਦੇ ਅੰਬਾਰ ਹਨ। ਸ਼ਾਇਦ ਹੀ ਐਨਾ ਚੁਤਰਫ਼ਾ ਗਿਆਨ ਪਹਿਲਾਂ ਕਿਸੇ ਪੰਜਾਬੀ ਨਾਵਲ 'ਚ ਆਇਆ ਹੋਵੇ। ਨਾਵਲਕਾਰ ਜੇ ਰਾਗਾਂ ਬਾਰੇ ਜਾਣਕਾਰੀ ਦੇਣ ਲੱਗਦਾ ਹੈ ਤਾਂ ਇਨ੍ਹਾਂ ਬਾਰੇ ਮੁਕੰਮਲ ਜਾਣਕਾਰੀ ਪਾਠਕ ਨੂੰ ਦਿੰਦਾ ਹੈ। ਸਕੇਲ ਕੀ ਹੁੰਦੇ, ਸੰਗੀਤ ਕੀ ਹੁੰਦਾ, ਕਿੰਨੇ ਸੁਰ ਹੁੰਦੇ, ਰੋਹ-ਅਵਰੋਹ ਕੀ ਹੈ, ਚੌਂਕੀ ਕੀ ਹੁੰਦੀ, ਗਾਇਨ ਸ਼ੈਲੀਆਂ ਕੀ ਨੇ। ਉਹ ਜਿਹੜੀ ਤੰਦ ਵੀ ਫੜਦਾ ਹੈ, ਸਿਰੇ ਲਾ ਕੇ ਛੱਡਦਾ ਹੈ।

ਨਾਵਲ 'ਚ ਕਮਾਲ ਦੀ ਜਾਣਕਾਰੀ ਹੈ। ਭਾਵੇਂ ਕਈ ਵਾਰ ਲੇਖਕ ਦਾ ਆਪ ਬੋਲਣ ਲੱਗਣਾ ਪਾਠਕ ਨੂੰ ਅੱਖਰਦਾ ਹੈ ਪਰ ਜਿਸ ਤਰ੍ਹਾਂ ਨਾਵਲਕਾਰ ਮਨਮੋਹਨ ਪਾਠਕ ਨੂੰ ਇਤਿਹਾਸ-ਮਿਥਿਹਾਸ ਦੀਆਂ ਗਲੀਆਂ 'ਚੋਂ ਲੰਘਾਉਂਦਿਆਂ ਸਮਕਾਲ, ਜਾਤੀਵਾਦ, ਰਾਜਨੀਤੀ, ਅਖੌਤੀ ਧਾਰਮਿਕ ਰਹਿਨੁਮਾਵਾਂ ਦੇ ਪਾਖੰਡ ਤੇ ਮਨੁੱਖਤਾ ਨੂੰ ਵੰਡਣ ਵਾਲੀਆਂ ਨੀਤੀਆਂ 'ਤੇ ਟਿਪਣੀਆਂ ਕਰਦਾ ਹੈ-ਉਹ ਕਮਾਲ ਹੈ। ਉਹ ਕੋਈ ਅਜਿਹੀ ਜਾਣਕਾਰੀ ਅਣਦੱਸੀ ਨਹੀਂ ਛੱਡਦਾ, ਜਿਹੜੀ ਪਾਠਕ ਨੂੰ ਦੱਸਣ ਦੀ ਜਰੂਰਤ ਸਮਝਦਾ ਹੋਵੇ। ਦੇਸ ਵੰਡ ਦੇ ਇਤਿਹਾਸਕ ਕਾਰਨਾਂ, ਨਹਿਰੂ, ਪਟੇਲ, ਗਾਂਧੀ, ਜਿਨਾਹ, ਮਾਸਟਰ ਤਾਰਾ ਸਿੰਘ ਸਮੇਤ ਆਰ ਐਸ ਐਸ, ਹਿੰਦੂ ਮਹਾਂ ਸਭਾ, ਮੁਸਲਿਮ ਲੀਗ ਤੇ ਅਕਾਲੀ ਆਗੂਆਂ ਦੇ ਰੋਲ ਨੂੰ ਬਾਖੂਬੀ ਬਿਆਨਦਾ ਹੈ। ਉਹ ਉਸ ਵੇਲੇ ਦੇ ਕਮਿਊਨਿਸਟਾਂ ਬਾਰੇ ਵੀ ਦੱਸਦਾ ਹੈ ਤੇ ਪਾਰਟੀ ਦੀ ਵੰਡ,




*'ਮਨ ਪੰਖੀ ਭਇਓ' ਨਾਵਲ ਦਾ ਸਰਵਰਕ।*

ਪਾਕਿਸਤਾਨ ਆਦਿ ਮਸਲਿਆਂ ਤੇ ਅਸਪਸ਼ਟ ਪਹੁੰਚ ਬਾਰੇ ਵੀ ਮਹੱਤਵਪੂਰਨ ਟਿਪਣੀ ਕਰ ਜਾਂਦਾ ਹੈ। ਇੰਜ ਕਰਦਿਆਂ ਉਹ ਕਈ ਵਾਰ ਨਾਵਲਕਾਰੀ ਦੀ ਥਾਂ ਇਤਿਹਾਸਕਾਰੀ ਕਰਦਾ ਪ੍ਰਤੀਤ ਹੁੰਦਾ ਹੈ ਪਰ ਸ਼ਾਇਦ ਇਤਿਹਾਸਕ ਨਾਵਲ 'ਚ ਅਜਿਹਾ ਹੋ ਜਾਣਾ ਸੁਭਾਵਿਕ ਤੇ ਜਰੂਰੀ ਹੋਵੇ।

ਇਹ ਨਾਵਲ ਪੜ੍ਹਨਾ ਦਿਲ-ਜਿਗਰੇ ਵਾਲਾ ਕੰਮ ਹੈ। ਹੋ ਸਕਦਾ ਬੌਧਿਕ ਹੋਣ ਕਰਕੇ ਮਨਚਾਹਿਆ ਆਨੰਦ ਨਾ ਆਵੇ, ਪਰ ਨਾਵਲ ਪੜ੍ਹਨ ਤੋਂ ਬਾਅਦ ਪਾਠਕ ਆਪਣੇ ਆਪ ਨੂੰ ਭਰਿਆ-ਭਰਿਆ ਮਹਿਸੂਸ ਕਰੇਗਾ। ਉਸ ਕੋਲ ਗਿਆਨ ਦਾ ਵੱਡਾ ਭੰਡਾਰ ਜਮਾ ਹੋ ਚੁੱਕਾ ਹੋਵੇਗਾ। ਦੇਸ ਵੰਡ ਦੇ ਆਰ ਪਾਰ ਫੈਲਿਆ ਇਹ ਨਾਵਲ ਦਲਿਤ ਚੇਤਨਾ ਦੇ ਵੱਖਰੇ ਰੂਪ ਦੇ ਵੀ ਦਰਸ਼ਨ ਕਰਵਾਉਂਦਾ ਹੈ। ਵੰਡ ਤੋਂ ਪਹਿਲਾਂ ਦਲਿਤ ਸ਼੍ਰੇਣੀਆਂ ਨਾਲ ਹੁੰਦੇ ਵਿਤਕਰੇ ਦੀਆਂ ਕਈ ਪਰਤਾਂ ਫਰੋਲੀਆਂ ਗਈਆਂ ਹਨ। ਪੜ੍ਹ ਕੇ ਪਾਠਕ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਅੱਜ ਤੱਕ ਵੀ ਦਲਿਤਾਂ ਪ੍ਰਤੀ ਪਹੁੰਚ ਵਿਚ ਕੋਈ ਵਿਸ਼ੇਸ਼ ਫ਼ਰਕ ਨਹੀਂ ਪਿਆ। ਦਲਿਤਾਂ ਵੱਲੋਂ ਆਦਿ ਧਰਮ ਲਹਿਰ ਦੇ ਮਾਧਿਅਮ ਰਾਹੀਂ ਕੀਤੇ ਸੰਘਰਸ਼ ਅਤੇ ਅੰਬੇਦਕਰ ਨਾਲ ਪੂਨਾ ਪੈਕੇਟ ਰਾਹੀਂ ਹੋਏ ਧੋਖੇ ਦੀ ਵੀ ਬਾਤ ਪਾਈ ਹੈ। ਲੇਖਕ ਨੇ ਇਕ ਸੂਤਰ ਇਹ ਵੀ ਦਿੱਤਾ ਹੈ ਕਿ ਇਸ ਧੋਖੇ ਨੇ ਮੁਸਲਮਾਨ ਆਗੂਆਂ ਅੰਦਰ ਵੀ ਬੇਭਰੋਸਗੀ ਪੈਦਾ ਕੀਤੀ। ਉਹ ਮਹਿਸੂਸ ਕਰਨ ਲੱਗੇ ਕਿ ਜੇ ਹਿੰਦੂ ਆਗੂਆਂ ਨੇ ਆਪਣੇ ਹੀ ਧਰਮ ਵਾਲੇ ਸ਼ੂਦਰਾਂ ਨਾਲ ਇਨਸਾਫ ਨਹੀਂ ਕੀਤਾ ਤਾਂ ਸਾਨੂੰ ਉਹ ਕਿਵੇਂ ਬਖਸ਼ਣਗੇ। ਸੁਤੰਤਰਤਾ ਸੰਗਰਾਮ ਦੀਆਂ ਚੱਲੀਆਂ ਵੱਖ ਵੱਖ ਲਹਿਰਾਂ ਨੂੰ ਵੀ ਲੇਖਕ ਨੇ ਨਾਵਲ ਦੇ ਬਿਰਤਾਂਤ ਵਿਚ ਪਰੋਇਆ ਹੈ। 1907 ਦੀ ਪਗੜੀ ਸੰਭਾਲ ਲਹਿਰ, ਭਗਤ ਸਿੰਘ ਹੋਰਾਂ ਦਾ ਹਥਿਆਰਬੰਦ ਸੰਘਰਸ਼ ਤੇ ਫੇਰ ਭਾਰਤ ਛੱਡੋ ਅੰਦੋਲਨ ਤੱਕ ਨਾਵਲ 'ਚ ਪੇਸ਼ ਹੈ। ਵੱਖਰੇ ਦੇਸ ਦੀ ਸਥਾਪਨਾ ਨੂੰ ਲੈ ਕੇ ਮੁਸਲਿਮ ਲੀਗ ਅਤੇ ਕਾਂਗਰਸ ਦੀ ਆਪਸੀ ਖਿੱਚਧੂਹ ਨੂੰ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ। ਉਸ ਦੌਰ 'ਚ ਵੱਖ ਧਰਮਾਂ- ਸਿੱਖਾਂ, ਹਿੰਦੂਆਂ, ਮੁਸਲਮਾਨਾਂ 'ਚ ਕਿਹੋ ਜਿਹਾ ਜਾਤੀ ਵਿਤਕਰਾ ਸੀ—ਇਸਦੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ।

ਨਵਾਂ ਗਿਆਨ ਪ੍ਰਾਪਤ ਕਰਨ ਦੇ ਚਾਹਵਾਨਾਂ ਲਈ ਇਹ ਨਾਵਲ ਬੜਾ ਮਹੱਤਵਪੂਰਨ ਹੈ। ਵਕਤ ਦੀਆਂ ਅਹਿਮ ਘਟਨਾਵਾਂ ਦਾ ਬਿਆਨ ਹੋਣ ਕਰਕੇ ਇਸਦੀ ਆਪਣੀ ਦਸਤਾਵੇਜੀ ਮਹੱਤਤਾ ਵੀ ਹੈ।

# ਅਲਹਿਦਗੀ ਦੀ ਧਾਰਨਾ

ਜਦੋਂ ਮੈਂ ਸੋਚਦਾ ਸੀ ਕਿ ਮੈਨੂੰ ਕੋਈ ਸਮਝਣ ਵਾਲਾ ਨਹੀਂ ਹੈ, ਅਸਲ ਵਿਚ ਉਦੋਂ ਮੈਨੂੰ ਕੋਈ ਸਮਝਾਉਣ ਵਾਲਾ ਨਹੀਂ ਸੀ ਜਾਂ ਮੈਂ ਕਿਸੇ ਸਮਝਾਉਣ ਵਾਲੇ ਨੂੰ ਲਾਗੇ ਨਹੀਂ ਸੀ ਲੱਗਣ ਦਿੰਦਾ।

ਜਦੋਂ ਮੈਂ ਸੋਚਦਾ ਸੀ ਕਿ ਮੈਨੂੰ ਕੋਈ ਸਮਝਣ ਵਾਲਾ ਚਾਹੀਦਾ, ਅਸਲ ਵਿਚ ਉਦੋਂ ਮੈਨੂੰ ਕਿਸੇ ਸਮਝਾਉਣ ਵਾਲੇ ਦੀ ਲੋੜ ਸੀ।

ਜੇ ਮੈਂ ਸਮਝਣਾ ਨਹੀਂ ਸੀ ਚਾਹੁੰਦਾ ਤਾਂ ਮੈਨੂੰ ਕੋਈ ਸਮਝਾ ਨਹੀਂ ਸੀ ਸਕਦਾ ਜਾਂ ਕੋਈ ਸਮਝਾਉਣਾ ਨਹੀਂ ਸੀ ਚਾਹੁੰਦਾ।

ਜਿਸ ਦੀ ਸਮਝਣ ਵਿਚ ਰੁਚੀ ਨਾ ਹੋਵੇ ਕਿਸੇ ਦੀ ਉਸ ਨੂੰ ਸਮਝਾਉਣ ਵਿਚ ਵੀ ਰੁਚੀ ਨਹੀਂ ਰਹਿੰਦੀ।

ਇਸ ਸਥਿਤੀ 'ਚੋਂ ਸਾਨੂੰ ਅਕਸਰ ਆਪਣੇ ਜਨਮ-ਜਾਤ ਸਿਆਣੇ ਹੋਣ ਦਾ ਭਰਮ ਵੀ ਹੋ ਸਕਦਾ ਹੈ।

ਅਲਹਿਦਗੀ ਨਾਲ ਆਪਣੇ ਵਿਸ਼ੇਸ਼ ਹੋਣ ਦਾ ਇਹ ਭਰਮ ਬੜਾ ਗੁੱਝਾ ਸਵਾਦ ਦਿੰਦਾ ਹੈ। ਇਸ ਲਈ ਅਸੀਂ ਸਥਿਤੀ ਨੂੰ ਰੂਪਾਂਤਰਿਤ (transform) ਕਰਨ ਵੱਲ ਰੁਚਿਤ ਨਹੀਂ ਹੁੰਦੇ।

ਕਿਸੇ ਨਾਲ ਗਹਿਰੀ ਮੁਹੱਬਤ ਦੇ ਰਿਸ਼ਤੇ ਨਾਲ ਇਹ ਸਥਿਤੀ ਬਦਲਦੀ ਜਾਂ ਬਦਲ ਸਕਦੀ ਹੈ।


*-ਅਗਿਆਤ*

ਬਰਸੀ 'ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ

ਸ਼ਹੀਦ ਊਧਮ ਸਿੰਘ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸਭ ਤੋਂ ਬਹਾਦਰ, ਅਣਖੀ ਪ੍ਰੰਤੂ ਅਣਗੌਲੇ ਇਨਕਲਾਬੀ ਯੋਧਿਆਂ ਵਿਚੋਂ ਇੱਕ ਸੀ। ਉਹ 1919 ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ ਲੈਣ ਲਈ ਪੰਜਾਬ ਦੇ ਪੂਰਬੀ ਗਵਰਨਰ ਮਾਈਕਲ ਓ'ਡਵਾਇਰ ਨੂੰ ਲੰਡਨ ਜਾ ਕੇ ਮਾਰਨ ਲਈ ਜਾਣੇ ਜਾਂਦੇ ਹਨ। ਊਧਮ ਸਿੰਘ ਅਣਖ ਅਤੇ ਜੁਝਾਰੂਪਨ ਦੀ ਅਦੁੱਤੀ ਮਿਸਾਲ ਦੇ ਇਨਕਲਾਬੀ ਕ੍ਰਾਂਤੀਕਾਰੀ ਨਾਇਕ ਬਣ ਹਿੰਦੁਸਤਾਨ ਦੇ ਇਤਿਹਾਸ 'ਤੇ ਛਾ ਗਏ ਸਨ।

ਬਚਪਨ: ਊਧਮ ਸਿੰਘ ਦਾ ਅਸਲੀ ਨਾਂ ਸ਼ੇਰ ਸਿੰਘ ਸੀ ਅਤੇ ਜਨਮ 26 ਦਸੰਬਰ 1899 ਨੂੰ ਪਟਿਆਲਾ ਰਾਜ ਦੇ ਸੁਨਾਮ ਪਿੰਡ ਵਿਚ ਹੋਇਆ ਸੀ। ਉਹ ਕੰਬੋਜ਼ ਸਿੱਖ ਪਰਿਵਾਰ ਨਾਲ ਸਬੰਧਤ ਸਨ, ਜੋ ਕਿਸਾਨੀ ਕਰਦਾ ਸੀ। ਸੰਨ 1903 ਵਿਚ ਮਾਂ ਅਤੇ 1907 ਵਿਚ ਪਿਤਾ ਦੀ



ਸੁਰਿੰਦਰਪਾਲ ਸਿੰਘ

ਮੌਤ ਕਾਰਨ ਊਧਮ ਸਿੰਘ ਛੋਟੀ ਉਮਰ ਵਿਚ ਹੀ ਅਨਾਥ ਹੋ ਗਏ ਸਨ। ਛੋਟੀ ਉਮਰ ਵਿਚ ਅਨਾਥ ਹੋ ਜਾਣ ਕਾਰਨ ਉਹ ਆਪਣੇ ਵੱਡੇ ਭਰਾ ਮੁਕਤਾ ਸਿੰਘ ਦੇ ਨਾਲ ਕੇਂਦਰੀ ਖਾਲਸਾ ਅਨਾਥ ਆਸ਼ਰਮ ਵਿਚ ਦਾਖਲ ਹੋ ਗਏ।

ਆਸ਼ਰਮ ਵਿਚ ਰਹਿਣ ਦੌਰਾਨ ਦੋਹਾਂ ਭਰਾਵਾਂ ਨੇ ਸਿੱਖ ਧਰਮ ਅਪਣਾ ਲਿਆ ਅਤੇ ਸ਼ੇਰ ਸਿੰਘ ਦਾ ਨਾਮ ਊਧਮ ਸਿੰਘ ਰੱਖਿਆ ਗਿਆ। ਉਸਦੇ ਦੋਸਤ ਉਸਨੂੰ ਉਦੇ ਕਹਿਣ ਲੱਗੇ। ਊਧਮ ਸਿੰਘ ਅਤੇ ਉਸਦਾ ਭਰਾ ਆਸ਼ਰਮ ਵਿਚ ਰੋਜ਼ਾਨਾ ਸਖ਼ਤ ਨਿਯਮਾਂ ਦਾ ਪਾਲਣ ਕਰਦੇ ਸਨ ਜਿਸ ਵਿਚ ਨਿੱਤਨੇਮ, ਜਮਾਤ ਦੀ ਪੜ੍ਹਾਈ ਅਤੇ ਹੱਥੀਂ ਕਿਰਤ ਵਜੋਂ ਕਢਾਈ ਦਾ ਕੰਮ ਸ਼ਾਮਲ ਸੀ। 1917 ਵਿਚ ਉਸਦਾ ਭਰਾ ਵੀ ਕੁਝ ਸਿਹਤ ਸਮੱਸਿਆਵਾਂ ਕਾਰਨ ਚੱਲ ਵੱਸਿਆ। ਆਸ਼ਰਮ ਵਿਚ ਹੀ ਉਹ ਭਾਰਤੀ ਲੋਕਾਂ ਉਪਰ ਬ੍ਰਿਟਿਸ਼ ਰਾਜ ਦੇ ਦਬਾਅ, ਜ਼ੁਲਮ ਤੇ ਜਬਰ ਦੀਆਂ ਸਮੱਸਿਆਵਾਂ ਅਤੇ ਰਾਸ਼ਟਰਵਾਦੀ ਵਿਚਾਰਧਾਰਾ ਤੋਂ ਜਾਣੂ ਹੋਏ।

ਜਲ੍ਹਿਆਂਵਾਲੇ ਬਾਗ ਦਾ ਸਾਕਾ (1919): ਊਧਮ ਸਿੰਘ ਦੀ ਜ਼ਿੰਦਗੀ 'ਤੇ ਸਭ ਤੋਂ ਡੂੰਘਾ ਪ੍ਰਭਾਵ 13 ਅਪ੍ਰੈਲ 1919 ਨੂੰ ਹੋਏ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੇ ਪਾਇਆ ਸੀ। ਹਜ਼ਾਰਾਂ ਨਿਰਦੋਸ਼ ਲੋਕ, ਔਰਤਾਂ ਅਤੇ ਬੱਚੇ ਜਲ੍ਹਿਆਂਵਾਲਾ ਬਾਗ ਵਿਚ ਰੌਲੇਟ ਐਕਟ ਖ਼ਿਲਾਫ਼ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ। ਜਨਰਲ ਰੇਗਿਨਾਲਡ ਡਾਇਰ ਨੇ ਬਿਨਾਂ ਕਿਸੇ ਚੇਤਾਵਨੀ ਦੇ ਆਪਣੇ ਫੌਜੀਆਂ ਨੂੰ ਨਿਰੰਤਰ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ। ਇਸ ਗੋਲੀਕਾਂਡ ਵਿਚ 1,000 ਤੋਂ ਵੱਧ ਲੋਕ (ਅਣਅਧਿਕਾਰਤ ਅੰਕੜਿਆਂ ਦੇ ਮੁਤਾਬਕ) ਗੋਲੀਆਂ ਨਾਲ ਮਾਰੇ ਗਏ, ਜਦੋਂ ਕਿ ਕਈਆਂ ਨੇ ਗੋਲੀਆਂ ਤੋਂ ਬਚਣ ਲਈ ਸੁੱਕੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਸੈਂਕੜੇ ਜ਼ਖਮੀ ਹੋ ਗਏ, ਕਿਸੇ ਨੇ ਵੀ ਉਨ੍ਹਾਂ ਦੀ ਸੰਭਾਲ ਨਹੀਂ ਕੀਤੀ।

ਊਧਮ ਸਿੰਘ ਜੋ ਕਿ ਉਸ ਸਮੇਂ 19 ਸਾਲਾਂ ਦਾ ਸੀ, ਇਸ ਘਟਨਾ ਦੌਰਾਨ ਇੱਕ ਵਾਲੰਟੀਅਰ ਵਜੋਂ ਪਾਣੀ ਪਿਆਉਣ ਦੀ ਸੇਵਾ ਕਰਨ ਲਈ ਜਲ੍ਹਿਆਂਵਾਲਾ ਬਾਗ ਵਿਖੇ ਮੌਜੂਦ ਸੀ। ਉਹ ਇਸ ਖ਼ੂਨੀ ਦ੍ਰਿਸ਼ ਨੂੰ ਦੇਖ ਕੇ ਵਿਚਲਿਤ ਹੋ ਗਿਆ ਅਤੇ ਉਸਨੇ ਬਦਲਾ ਲੈਣ ਦੀ ਸਹੁੰ ਖਾ ਲਈ। ਇਸ ਸਾਕੇ ਨੂੰ ਜਨਰਲ ਡਾਇਰ ਨੇ ਅੰਜਾਮ ਦਿੱਤਾ ਸੀ ਪ੍ਰੰਤੂ ਊਧਮ ਸਿੰਘ ਨੇ ਮਾਈਕਲ ਓ'ਡਵਾਇਰ ਨੂੰ ਇਸ ਵਹਿਸ਼ੀ ਸਾਕੇ ਦਾ ਜ਼ਿੰਮੇਵਾਰ ਸਮਝਿਆ। ਮਾਈਕਲ ਓਡਵਾਇਰ ਉਸ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਜਿਸਨੇ ਡਾਇਰ ਦੇ ਕੰਮ ਅਤੇ ਨੀਤੀਆਂ ਨੂੰ ਮਨਜ਼ੂਰੀ ਦਿੱਤੀ ਜੋ ਹਜ਼ਾਰਾਂ ਲੋਕਾਂ ਦੀ ਹੱਤਿਆ ਦਾ ਕਾਰਨ ਬਣੀਆਂ।

ਇਨਕਲਾਬ ਦਾ ਰਾਹ: ਹੱਤਿਆਕਾਂਡ ਤੋਂ ਬਾਅਦ, ਊਧਮ ਸਿੰਘ ਗ਼ਦਰ ਮੂਵਮੈਂਟ ਵਿਚ ਸ਼ਾਮਲ ਹੋ ਗਿਆ ਜੋ ਉੱਤਰੀ ਅਮਰੀਕਾ ਵਿਚ ਭਾਰਤੀ ਨਿਵਾਸੀਆਂ ਦੁਆਰਾ ਬਣਾਇਆ ਗਿਆ ਇੱਕ ਇਨਕਲਾਬੀ ਗਰੁੱਪ ਸੀ ਜਿਸਦਾ ਉਦੇਸ਼ ਭਾਰਤ ਨੂੰ ਬ੍ਰਿਟਿਸ਼ ਰਾਜ ਤੋਂ ਆਜ਼ਾਦ ਕਰਵਾਉਣਾ ਸੀ। ਉਹ ਵਿਸ਼ਵ ਭਰ ਵਿਚ ਯਾਤਰਾ ਕਰਦਾ ਰਿਹਾ—ਅਫਰੀਕਾ, ਸੰਯੁਕਤ ਰਾਜ, ਜਰਮਨੀ ਅਤੇ ਇੰਗਲੈਂਡ—ਇਨਕਲਾਬੀ ਸਰਗਰਮੀ ਲਈ, ਜਿਸ ਵਿਚ ਭਾਰਤੀ ਨਿਵਾਸੀਆਂ ਨੂੰ ਇਕੱਠਾ ਕਰਨਾ ਅਤੇ ਫੰਡ ਇਕੱਠਾ ਕਰਨਾ ਸ਼ਾਮਿਲ ਸੀ।

ਆਪਣੀ ਵਿਸ਼ਾਲ ਯਾਤਰਾ ਤੋਂ ਬਾਅਦ, ਊਧਮ ਸਿੰਘ ਨੇ ਅਮਰੀਕਾ ਵਿਚ ਇਕ ਮੈਕਸੀਕਨ ਔਰਤ ਲੁਪੇ ਹਰਨੰਦਜ਼ ਨਾਲ ਵਿਆਹ ਕਰ ਕੇ ਸਥਿਰ ਜੀਵਨ ਜੀਉਣਾ ਸ਼ੁਰੂ ਕੀਤਾ। ਅਮਰੀਕਾ ਵਿਚ ਉਹ ਨਿਯਮਿਤ ਨੌਕਰੀ ਕਰਨ ਲੱਗਾ ਪਰ ਉਸਦੀ ਅੰਦਰੂਨੀ ਚੇਤਨਾ ਨੇ ਉਸਨੂੰ ਬਦਲੇ ਦੀ ਭਾਵਨਾ ਨੂੰ ਨਹੀਂ ਭੁੱਲਣ ਦਿੱਤਾ। ਉਸਦੀ ਬਦਲਾ ਲੈਣ ਦੀ ਭਾਵਨਾ ਨੂੰ ਓ'ਡਵਾਇਰ ਦੀ ਪੁਸਤਕ 'ਇੰਡੀਆ ਐਜ਼ ਆਈ ਕਿਊਂਡ ਇਟ' (1925) ਦੇ ਪ੍ਰਕਾਸ਼ਿਤ ਹੋਣ ਨਾਲ ਹੋਰ ਵੀ ਤੇਜ਼ੀ ਮਿਲੀ, ਜਿਸ ਵਿਚ ਬ੍ਰਿਟਿਸ਼ ਅਫ਼ਸਰ ਨੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਨੂੰ ਸਹੀ ਠਹਿਰਾਇਆ ਸੀ। 1927 ਵਿਚ ਊਧਮ ਸਿੰਘ ਗ਼ਦਰ ਪ੍ਰਚਾਰ ਵਿਚ ਡੂੰਘਾਈ ਨਾਲ ਸ਼ਾਮਲ ਹੋ ਗਿਆ। ਉਹ ਭਾਰਤ ਵਾਪਸ ਆ ਗਿਆ ਜਿੱਥੇ ਉਸ ਨੂੰ ਗੈਰ-ਅਧਿਕਾਰਤ



ਹਥਿਆਰ ਅਤੇ ਇਨਕਲਾਬੀ ਸਾਹਿਤ ਦੇ ਧਾਰਨੀ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ। ਕਈ ਸਾਲਾਂ ਤੱਕ ਜੇਲ੍ਹ ਰਹਿਣ ਤੋਂ ਬਾਅਦ, ਉਸਨੂੰ 1931 ਵਿਚ ਛੱਡ ਦਿੱਤਾ ਗਿਆ ਪਰ ਉਹ ਹਮੇਸ਼ਾਂ ਸਖ਼ਤ ਨਿਗਰਾਨੀ ਹੇਠ ਰਹਿੰਦਾ ਸੀ। ਅੰਗਰੇਜ਼ ਅਧਿਕਾਰੀਆਂ ਤੋਂ ਬਚਦੇ ਹੋਏ, 1934 ਵਿਚ "ਰਾਮ ਮੁਹੰਮਦ ਸਿੰਘ ਆਜ਼ਾਦ" ਨਾਮ ਧਾਰ ਕੇ ਉਹ ਲੰਡਨ ਪਹੁੰਚਿਆ, ਜੋ ਉਸਦੀ ਭਾਰਤ ਲਈ ਧਾਰਮਿਕ ਅਤੇ ਸਮਾਵਿਸ਼ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ।

ਮਾਈਕਲ ਓ'ਡਵਾਇਰ ਦੀ ਹੱਤਿਆ (1940): 13 ਮਾਰਚ 1940 ਨੂੰ, ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਦੇ 21 ਸਾਲ ਬਾਅਦ, ਊਧਮ ਸਿੰਘ ਨੇ ਲੰਡਨ ਜਾ ਕੇ ਮਾਈਕਲ ਓ'ਡਵਾਇਰ ਨੂੰ ਮਾਰ ਕੇ ਆਪਣਾ ਬਦਲਾ ਲਿਆ। ਲੰਡਨ ਦੇ ਕੈਕਸਟਨ ਹਾਲ ਵਿਚ ਪੂਰਬੀ ਭਾਰਤ ਐਸੋਸੀਏਸ਼ਨ ਦੀ ਇੱਕ ਮੀਟਿੰਗ ਦੌਰਾਨ ਜਿੱਥੇ ਮਾਈਕਲ ਓ'ਡਵਾਇਰ ਨੇ ਬੋਲਣਾ ਸੀ, ਵਿਚ ਊਧਮ ਸਿੰਘ ਇੱਕ ਰਿਵਾਲਵਰ ਕਿਤਾਬ ਵਿਚ ਲੁਕੋ ਕੇ ਅੰਦਰ ਲੈ ਗਿਆ ਅਤੇ ਉਸ ਨਾਲ ਓ'ਡਵਾਇਰ ਨੂੰ ਦੋ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਉਹ ਤੁਰੰਤ ਮਰ ਗਿਆ। ਊਧਮ ਸਿੰਘ ਨੇ ਭੱਜਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਸਗੋਂ ਆਪਣੇ ਕੀਤੇ ਕਾਰਜ ਨੂੰ ਮਾਣ ਨਾਲ ਸਵੀਕਾਰ ਕੀਤਾ ਅਤੇ ਆਪਣੇ ਮੁਕੱਦਮੇ ਨੂੰ ਬ੍ਰਿਟਿਸ਼ ਉਪਨਿਵੇਸ਼ਵਾਦ ਦੇ ਖ਼ਿਲਾਫ ਇੱਕ ਪਲੇਟਫਾਰਮ ਵਜੋਂ ਵਰਤਿਆ। ਉਸਨੇ ਕਿਹਾ: "ਮੈਂ ਇਹ ਇਸ ਲਈ ਕੀਤਾ ਕਿਉਂਕਿ ਮੈਨੂੰ ਉਸਦੇ ਖ਼ਿਲਾਫ ਰੰਜਿਸ਼ ਸੀ। ਉਹ ਇਸਦਾ ਹੱਕਦਾਰ ਸੀ। ਉਹ ਅਸਲ ਦੋਸ਼ੀ ਸੀ, ਮੁੱਖ ਆਦਮੀ... ਮੈਂ ਭਾਰਤ ਵਿਚ ਆਪਣੇ ਲੋਕਾਂ ਨੂੰ ਬ੍ਰਿਟਿਸ਼ ਰਾਜ ਦੇ ਅਧੀਨ ਭੁੱਖੇ ਮਰਦੇ ਦੇਖਿਆ ਹੈ... ਮੈਨੂੰ ਮਰਨ ਦੀ ਪਰਵਾਹ ਨਹੀਂ।"

ਸਰਦਾਰ ਊਧਮ ਸਿੰਘ ਦੇ ਇਸ ਕਾਰਜ ਨੂੰ ਬਹੁਤ ਸਾਰੇ ਕੌਮੀ ਇਨਕਲਾਬੀ ਨੇਤਾਵਾਂ ਜਿਵੇਂ ਕਿ ਸੁਭਾਸ਼ ਚੰਦਰ ਬੋਸ ਦੁਆਰਾ ਜਾਇਜ਼ ਠਹਿਰਾਇਆ ਗਿਆ। ਪਰ ਮਹਾਤਮਾ ਗਾਂਧੀ ਅਤੇ ਜਵਾਹਰਲਾਲ ਨਹਿਰੂ ਨੇ ਇਸ ਹੱਤਿਆ ਦੀ ਨਿੰਦਿਆ ਕੀਤੀ। ਮਹਾਤਮਾ ਗਾਂਧੀ ਨੇ ਆਪਣੀ ਪੱਤਰਿਕਾ "ਹਰਿਜਨ" ਵਿਚ ਲਿਖਿਆ:

"ਸਰ ਮਾਈਕਲ ਓ'ਡਵਾਇਰ ਦੀ ਮੌਤ ਅਤੇ ਲਾਰਡ ਜੇਟਲੈਂਡ, ਲਾਰਡ ਲੈਮਿੰਗਟਨ ਅਤੇ ਸਰ ਲੁਈ ਡੇਨ ਨੂੰ ਹੋਏ ਜ਼ਖ਼ਮਾਂ ਦੀ ਖ਼ਬਰ ਨੇ ਮੈਨੂੰ ਡੂੰਘਾ ਦਰਦ ਦਿੱਤਾ ਹੈ। ਮੈਂ ਇਸ ਕਿਰਿਆ ਨੂੰ ਪਾਗਲਪਣ ਦਾ ਕਾਰਨ ਸਮਝਦਾ ਹਾਂ।"

ਮੁਕੱਦਮਾ ਅਤੇ ਫਾਂਸੀ: ਊਧਮ ਸਿੰਘ ਦਾ ਮੁਕੱਦਮਾ ਲੰਡਨ ਦੇ ਓਲਡ ਬੇਲੀ ਵਿਚ ਚੱਲਿਆ। ਮੁਕੱਦਮੇ ਦੌਰਾਨ ਉਸ ਨੇ 42 ਦਿਨਾਂ ਤੱਕ ਭੁੱਖ ਹੜਤਾਲ ਜਾਰੀ ਰੱਖੀ। ਕੁਝ ਬ੍ਰਿਟਿਸ਼ ਸੰਸਦ ਮੈਂਬਰਾਂ ਅਤੇ ਸੰਸਥਾਵਾਂ ਦੁਆਰਾ ਰਹਿਮ ਅਪੀਲ ਦੇ ਬਾਵਜੂਦ ਉਸਨੂੰ ਕੇਂਦਰੀ ਜੁਰਮਾਨਾ ਅਦਾਲਤ ਦੁਆਰਾ ਮੌਤ ਦੀ ਸਜ਼ਾ ਸੁਣਾਈ ਗਈ। 31 ਜੁਲਾਈ 1940 ਨੂੰ ਉਸਨੂੰ ਲੰਡਨ ਦੇ ਪੇਂਟਨਵਿਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ।

ਫਾਂਸੀ ਤੋਂ ਪਹਿਲਾਂ ਊਧਮ ਸਿੰਘ ਨੇ ਬਹਾਦਰੀ ਨਾਲ ਕਿਹਾ:

"ਮੈਂ ਮਰਨ ਤੋਂ ਡਰਦਾ ਨਹੀਂ ਹਾਂ। ਮੈਂ ਮਰਨ 'ਤੇ ਮਾਣ ਮਹਿਸੂਸ ਕਰਦਾ ਹਾਂ... ਮੈਂ ਇੰਗਲੈਂਡ ਦੇ ਮਜ਼ਦੂਰਾਂ ਨਾਲ ਵੱਡੀ ਹਮਦਰਦੀ ਰੱਖਦਾ ਹਾਂ, ਪਰ ਮੈਂ ਬ੍ਰਿਟਿਸ਼ ਸਰਕਾਰ ਦੇ ਘਟੀਆ ਕਾਰਜਾਂ ਦੇ ਖ਼ਿਲਾਫ ਹਾਂ।"

ਪਰ ਉਸਦੀ ਫਾਂਸੀ ਨੇ ਉਸਦੀ ਆਵਾਜ਼ ਨੂੰ ਖਾਮੋਸ਼ ਨਹੀਂ ਕੀਤਾ। ਭਾਰਤ ਅਤੇ ਵਿਦੇਸ਼ਾਂ ਵਿਚ ਅਖ਼ਬਾਰਾਂ ਨੇ ਇਸ ਘਟਨਾ ਨੂੰ ਵਿਸ਼ੇਸ਼ ਤੌਰ 'ਤੇ ਕਵਰੇਜ ਦਿੱਤੀ, ਅਤੇ ਉਹ ਭਾਰਤੀ ਇਨਕਲਾਬੀਆਂ ਅਤੇ ਜਨਤਾ ਦੁਆਰਾ ਸ਼ਹੀਦ ਵਜੋਂ ਸਵੀਕਾਰਿਆ ਗਿਆ।

ਵਿਰਾਸਤ ਅਤੇ ਮੁੜ ਵਾਪਸੀ: ਸ਼ਹੀਦ ਊਧਮ ਸਿੰਘ ਦੀ ਵਿਰਾਸਤ ਵੱਖ-ਵੱਖ ਰੂਪਾਂ ਵਿਚ ਜੀਉਂਦੀ ਹੈ: 1974 ਵਿਚ, ਉਸ ਦੀਆਂ ਅਸਥੀਆਂ ਖੋਜ ਕੇ ਭਾਰਤ ਵਾਪਸ ਭੇਜੀਆਂ ਗਈਆਂ। ਭਾਰਤ ਵਿਚ ਉਸ ਦੀ ਯਾਦ ਨੂੰ ਸਮਰਪਿਤ ਸੂਬਾਈ ਪ੍ਰੋਗਰਾਮ ਕੀਤੇ ਗਏ ਅਤੇ ਉਸ ਦੀਆਂ ਅਸਥੀਆਂ ਸਤਲੁਜ ਦਰਿਆ ਵਿਚ ਵਹਾ ਦਿੱਤੀਆਂ ਗਈਆਂ। ਉਸ ਨੂੰ ਸਮਰਪਿਤ ਯਾਦਗਾਰਾਂ ਅਤੇ ਸਮਾਰਕ ਸੁਨਾਮ, ਅੰਮ੍ਰਿਤਸਰ ਅਤੇ ਜਲੰਧਰ ਵਿਚ ਮਿਲਦੇ ਹਨ। ਉਹ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਨਾਲ ਯਾਦ ਕੀਤਾ ਜਾਂਦਾ ਹੈ, ਜੋ ਭਾਰਤ ਦੀ ਆਜ਼ਾਦੀ ਲਈ ਆਪਣੀ ਜ਼ਿੰਦਗੀ ਦੇਣ ਵਾਲੇ ਬੇਖ਼ੌਫ ਇਨਕਲਾਬੀਆਂ ਵਿਚੋਂ ਇੱਕ ਹਨ। ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਦੁੱਖ, ਜਜ਼ਬੇ ਅਤੇ ਅਣਖ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਸਦੀ ਹਿੰਮਤ, ਆਪ-ਬਲੀਦਾਨ ਅਤੇ ਨਿਆਂ ਪ੍ਰਤੀ ਅਟੱਲ ਵਚਨਬੱਧਤਾ ਭਾਰਤੀਆਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਉਸਦੀ ਕਹਾਣੀ ਇਹ ਯਾਦ ਦਿਵਾਉਂਦੀ ਹੈ ਕਿ ਜਿੱਥੇ ਕੁਝ ਲੋਕ ਦਬਾਉਣ ਲਈ ਹਥਿਆਰ ਚੁੱਕਦੇ ਹਨ, ਉੱਥੇ ਹੋਰ ਲੋਕ ਆਜ਼ਾਦੀ ਲਈ ਹਥਿਆਰ ਚੁੱਕਦੇ ਹਨ ਅਤੇ ਆਪਣੇ ਲੋਕਾਂ ਦੀ ਇੱਜ਼ਤ ਨੂੰ ਆਪਣੀ ਜ਼ਿੰਦਗੀ ਨਾਲੋਂ ਜ਼ਿਆਦਾ ਮਹੱਤਵਪੂਰਨ ਸਮਝਦੇ ਹਨ।

# ਅਰਬ ਸਾਗਰੀ ਰਹਿਣੀ-ਸਹਿਣੀ ਤੇ ਟੋਏ-ਟਿੱਬੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੇਰਲ ਦੀ ਜੰਮੀ ਜਾਈ ਤੇ ਯਮਨ ਵਿਚ ਨਰਸ ਦਾ ਕੰਮ ਕਰਦੀ ਨਮੀਸ਼ਾ ਪ੍ਰਿਆ ਨੂੰ ਯਮਨ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ ਤਾਂ ਇਸਦੀ ਗੂੰਜ ਭਾਰਤ ਵਿਚ ਦੇ ਨਾਲ-ਨਾਲ ਦੁਬਈ ਤੇ ਨਾਲ ਲਗਦੇ ਸੰਯੁਕਤ ਅਰਬ ਦੇਸ਼ਾਂ ਵਿਚ ਪੈਣੀ ਵੀ ਕੁਦਰਤੀ ਸੀ। ਖਾਸ ਕਰਕੇ ਦੁਬਈ ਵਿਚ ਜਿਥੇ 17 ਦੋਸ਼ੀਆਂ ਨੂੰ 2012 ਵਿਚ ਦੁਬਈ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਸੀ ਪਰ ਉਥੇ ਰਹਿ ਰਹੇ ਦਾਨੀ ਪੁਰਸ਼ ਐਸ.ਪੀ.ਐਸ ਓਬਰਾਏ ਨੇ ਬਲੱਡ ਮਨੀ ਦੇ 8 ਕਰੋੜ 50 ਲੱਖ ਰੁਪਏ ਪੇਸ਼ ਕਰ ਕੇ ਉਨ੍ਹਾਂ ਸਾਰਿਆਂ ਦੀ ਸਜ਼ਾ ਮੁਆਫ਼ ਕਰਵਾ ਲਈ ਸੀ। ਏਥੇ ਹੀ ਬਸ ਨਹੀਂ ਓਬਰਾਏ ਅੱਜ ਤਕ 142 ਦੋਸ਼ੀਆਂ ਦੀ ਫਾਂਸੀ ਮੁਆਫ਼ ਕਰਵਾ ਚੁੱਕਿਆ ਹੈ। ਦੁਬਈ ਦੀ ਸਹਿਮਤੀ ਲੈ ਕੇ ਏਧਰ ਯਮਨ ਦੀ ਸਰਕਾਰ ਉੱਤੇ ਅਜਿਹੇ ਯਤਨਾਂ ਦਾ ਕੋਈ ਅਸਰ ਨਹੀਂ ਪੈ ਰਿਹਾ। ਨਿਮਿਸ਼ਾ ਪ੍ਰਿਆ ਨੂੰ ਬਚਾਉਣ ਦਾ ਮੁੱਦਾ ਉਸ ਦੀ ਗਲਤੀ ਤੋਂ ਉਸ ਨੂੰ ਬਰੀ ਕਰਨਾ ਨਹੀਂ, ਸਗੋਂ ਭਾਰਤ ਵੱਲੋਂ ਵਿਦੇਸ਼ਾਂ ਵਿਚ ਆਪਣੇ ਨਾਗਰਿਕਾਂ ਦੀ ਰਾਖੀ ਨਾਲ ਵੀ ਜੁੜਿਆ ਹੋਇਆ ਹੈ, ਖਾਸ ਕਰਕੇ ਨਿਮਿਸ਼ਾ ਵਰਗਿਆਂ ਨਾਲ ਜੋ ਨਿਰਾਸ਼ਾਵਾਦੀ ਸਥਿਤੀਆਂ 'ਚ ਫਸ ਚੁੱਕੇ ਹਨ।

ਧੋਖਾਧੜੀ ਅਤੇ ਦੁਰਵਿਵਹਾਰ ਦੇ ਦੋਸ਼ ਜਿਸ ਵਿਚ ਨਿਮਿਸ਼ਾ ਦਾ ਪਾਸਪੋਰਟ ਜ਼ਬਤ ਕਰਨਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਸਰੀਰਕ ਸ਼ੋਸ਼ਣ ਸ਼ਾਮਲ ਹਨ, ਗੜਬੜ ਵਾਲੇ ਖੇਤਰਾਂ ਵਿਚ ਪਰਵਾਸੀ ਭਾਰਤੀ ਕਾਮਿਆਂ, ਖਾਸ ਕਰਕੇ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਦਾ ਖੁਲਾਸਾ ਕਰਦੇ ਹਨ। ਦਾਨੀ ਕਾਰੋਬਾਰੀ ਐਸ ਪੀ ਐੱਸ ਓਬਰਾਏ ਨੇ ਖਾੜੀ ਮੁਲਕ 'ਚ 140 ਤੋਂ ਵੱਧ ਭਾਰਤੀਆਂ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਲਈ ਨਿੱਜੀ ਤੌਰ ਉੱਤੇ ਰਕਮ ਅਦਾ ਕੀਤੀ ਸੀ। ਹੋਰ ਕਈ ਮੌਕਿਆਂ ਉੱਤੇ ਵੀ ਪਰਵਾਸੀ ਭਾਰਤੀ ਦੇਸ਼ ਵਾਸੀਆਂ ਦੀ ਮਦਦ ਲਈ ਅੱਗੇ ਆਉਂਦੇ ਰਹੇ ਹਨ। ਇਹ ਅਜਿਹੀ ਵਿਰਾਸਤ ਹੈ, ਜਿਸ ਨੂੰ ਅੱਜ ਦੇ ਆਗੂਆਂ ਨੂੰ ਤੇਜ਼ੀ ਨਾਲ ਕੂਟਨੀਤਕ ਪਹੁੰਚ ਲਈ ਅਪਨਾਉਣਾ ਚਾਹੀਦਾ ਹੈ। ਕਿਉਂਕਿ ਵਿਦੇਸ਼ਾਂ 'ਚ ਬੈਠੇ ਭਾਰਤੀ ਨਾਗਰਿਕ ਦੇਸ਼ ਤੋਂ ਹਮੇਸ਼ਾ ਮਦਦ ਦੀ ਉਮੀਦ ਰੱਖਦੇ ਹਨ। ਇਸ ਉਮੀਦ ਨੂੰ ਟੁੱਟਣ ਨਹੀਂ ਦੇਣਾ ਚਾਹੀਦਾ।

ਯਮਨ ਵਿਚ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਫ਼ਾਂਸੀ ਵਿਚ ਕੁਝ ਹੀ ਦਿਨ ਬਚੇ ਹਨ ਜਿਸ ਕਰਕੇ ਭਾਰਤ ਨੂੰ ਫੈਸਲਾਕੁਨ ਕਦਮ ਉਠਾਉਣ ਲਈ ਸਮਾਂ ਘਟ ਰਿਹਾ ਹੈ। 37 ਸਾਲਾ ਨਿਮਿਸ਼ਾ ਨੂੰ ਆਪਣੇ ਯਮਨੀ ਕਾਰੋਬਾਰੀ ਰਿਆਲ ਤਲਾਲ ਅਬਦੋ ਮੇਹਦੀ ਦੀ



ਹੱਤਿਆ ਦੀ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸਜ਼ਾ ਤੋਂ ਬਚਣ ਲਈ ਉਸ ਨੇ ਸਾਰੀਆਂ ਕਾਨੂੰਨੀ ਚਾਰਾਜੋਈਆਂ ਕਰ ਕੇ ਦੇਖ ਲਈਆਂ ਪਰ ਕੋਈ ਰਾਹਤ ਨਾ ਮਿਲ ਸਕੀ। ਉਸ ਦੀ ਹੋਣੀ ਆਖ਼ਰੀ ਪਲਾਂ 'ਤੇ ਕੀਤੀ ਜਾਣ ਵਾਲੀ ਕੂਟਨੀਤਕ ਅਤੇ ਮਨੁੱਖੀ ਦਖਲਅੰਦਾਜ਼ੀ, ਖ਼ਾਸਕਰ ਪੀੜਤ ਦੇ ਪਰਿਵਾਰ ਨੂੰ ਅਦਾ ਕੀਤੀ ਜਾਂਦੀ ਬਲੱਡ ਮਨੀ (ਦੀਆਂ) ਉੱਪਰ ਟਿਕੀ ਹੋਈ ਹੈ। ਭਾਰਤ ਸਰਕਾਰ ਦੀ ਮਜਬੂਰੀ ਇਹ ਹੈ ਕਿ ਇਸ ਦੇ ਹੂਤੀ ਬਾਗ਼ੀਆਂ ਨਾਲ ਕੋਈ ਕੂਟਨੀਤਕ ਸਬੰਧ ਨਹੀਂ ਹਨ ਜਿਨ੍ਹਾਂ ਦਾ ਇਸ ਸਮੇਂ ਯਮਨ ਦੀ ਰਾਜਧਾਨੀ ਸਨਾ ਉੱਪਰ ਕੰਟਰੋਲ ਹੈ ਪਰ ਦੱਸਿਆ ਜਾਂਦਾ ਹੈ ਕਿ ਸਰਕਾਰ ਹਰ ਸੰਭਵ ਮਦਦ ਪਹੁੰਚਾ ਰਹੀ ਹੈ। ਯਮਨ ਦੀ ਕੌਮਾਂਤਰੀ ਮਾਨਤਾ ਪ੍ਰਾਪਤ ਸਰਕਾਰ ਨਾਲ ਅਜੇ ਵੀ ਕੂਟਨੀਤਕ ਸਬੰਧ ਚੱਲ ਰਹੇ ਹਨ ਪਰ ਨਿਮੀਸ਼ਾ ਜਿਥੇ ਇਸ ਸਮੇਂ ਕੈਦ ਹੈ, ਉਹ ਇਲਾਕਾ ਹੂਤੀ ਬਾਗ਼ੀਆਂ ਦੇ ਪ੍ਰਭਾਵ ਹੇਠ ਆਉਂਦਾ ਹੈ। ਅੰਦਰਖਾਤੇ ਕੂਟਨੀਤਕ ਚਾਰਾਜੋਈ ਵਾਸਤੇ ਬਹੁਤਾ ਸਮਾਂ ਨਹੀਂ ਬਚਿਆ। ਨਿਮਿਸ਼ਾ ਦੀ ਕਹਾਣੀ ਮਹਿਜ਼ ਕਾਨੂੰਨੀ ਅਪਰਾਧ ਨਾਲ ਨਹੀਂ ਜੁੜੀ ਹੋਈ ਸਗੋਂ ਸ਼ੋਸ਼ਣ ਅਤੇ ਦਮਨ ਦੇ ਜਟਿਲ ਹਾਲਾਤ ਨਾਲ ਵੀ ਜੁੜੀ ਹੋਈ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੱਜਰੀ ਮਾਲਦੀਵ ਫੇਰੀ ਨੇ ਮੈਨੂੰ 50 ਸਾਲ ਪਹਿਲਾਂ ਵਾਲਾ ਮਾਲਦੀਵ ਚੇਤੇ ਕਰਵਾ ਦਿੱਤਾ ਹੈ ਜਿੱਥੇ ਮੈਂ 40 ਦਿਨ ਰਹਿ ਕੇ ਆਇਆ ਸਾਂ। ਉਦੋਂ ਮਾਲਦੀਵ ਦੀ ਮੰਗ ਉੱਤੇ ਭਾਰਤ ਨੇ ਮੇਰੀ ਡਾਕਟਰ ਪਤਨੀ ਨੂੰ ਉਥੋਂ ਦੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲੈਣ ਉਥੇ ਭੇਜਿਆ ਸੀ ਤੇ ਮੈਂ ਇੱਕ ਮੀਲ ਲੰਬੇ ਤੇ ਅੱਧ ਮੀਲ ਚੌੜੇ ਬੱਕਰੇ ਦੇ ਪੱਟ ਵਰਗੇ ਇਸ ਟਾਪੂ ਦੇਸ਼ ਦੀ ਰਹਿਣੀ ਸਹਿਣੀ ਦੇ ਢੰਗ ਤਰੀਕੇ ਦੇਖਣ ਆਪਣੀ ਪਤਨੀ ਨਾਲ ਉਥੇ ਚਲਾ ਗਿਆ ਸਾਂ।

ਨਿਸ਼ਚੇ ਹੀ ਪ੍ਰਧਾਨ ਮੰਤਰੀ ਦੀ ਦੋ ਰੋਜ਼ਾ ਫੇਰੀ ਤਾਂ ਉਸ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਵਲੋਂ (ਜਿਨ੍ਹਾਂ ਨੂੰ ਨਰੇਂਦਰ ਮੋਦੀ ਸ਼ਾਹੀ ਪਰਿਵਾਰ ਕਹਿੰਦਾ ਹੈ) ਕੀਤੇ ਕੰਮਾਂ ਦਾ ਗੁਣਗਾਇਨ ਕਰੇਗਾ। ਖਾਸ ਕਰਕੇ ਮਾਲਦੀਵ ਵਿਚ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਖੋਲ੍ਹਣਾ, ਮਾਲਦੀਵੀਅਨ ਇੰਸਟੀਚਿਊਟ ਆਫ ਟੈਕਨੀਕਲ ਐਜੂਕੇਸ਼ਨ ਸਥਾਪਤ ਕਰਨ ਵਿਚ ਹਰ ਤਰ੍ਹਾਂ ਦੀ ਸਹਾਇਤਾ ਕਰਨਾ ਤੇ ਭਾਰਤ-ਮਾਲਦੀਵ ਮਿੱਤਰਤਾ ਦੇ ਦਰ ਦਰਵਾਜ਼ੇ ਖੋਲ੍ਹ ਕੇ ਸਭਿਆਚਾਰਕ ਆਦਾਨ-ਪ੍ਰਦਾਨ ਜਾਰੀ ਕਰਨਾ ਵੀ ਸ਼ਾਮਿਲ ਹਨ।

ਮਾਲਦੀਵ ਦੀਆਂ ਅਤਿਅੰਤ ਵਚਿੱਤਰ ਗੱਲਾਂ ਤਾਂ ਮੋਦੀ ਦੇ ਅਮਲੇ ਨੂੰ ਕਿਸੇ ਮੇਰੇ ਵਰਗੇ ਤੋਂ ਪਤਾ ਲੱਗਣਗੀਆਂ। ਜਿਵੇਂ ਉਥੇ ਪੀਣ ਲਈ ਪਾਣੀ ਘਰਾਂ ਦੀਆਂ ਛੱਤਾਂ ਉਤੇ ਜਮ੍ਹਾਂ ਕਰਨਾ ਪੈਂਦਾ ਹੈ। ਯਾਤਰਾ ਕਰਨ ਵਾਲੇ ਆਪਣੇ ਨਾਲ ਕੁੱਤਾ ਆਦਿ ਪਾਲਤੂ ਜਾਨਵਰ, ਸ਼ਰਾਬ, ਹਥਿਆਰ ਜਾਂ ਮੂਰਤੀ ਨਹੀਂ ਲਿਜਾ ਸਕਦੇ। ਮਾਲਦੀਵ ਦੇ ਜੰਮੇ ਜਾਇਆਂ ਨੇ ਚੂਹੇ ਤੋਂ ਵੱਡਾ ਜਾਨਵਰ ਨਹੀਂ ਵੇਖਿਆ। ਜੇ ਉਨ੍ਹਾਂ ਨੂੰ ਦੱਸਣਾ ਹੋਵੇ ਕਿ ਹਾਥੀ ਕਿੰਨਾ ਵੱਡਾ ਹੁੰਦਾ ਹੈ ਤਾਂ ਚੂਹੇ ਨੂੰ ਹਜ਼ਾਰਾ ਗੁਣਾਂ ਕਰਨਾ ਪੈਂਦਾ ਹੈ। ਉਥੇ ਦੀ ਅਣਵਿਆਹੀ ਕੁੜੀ ਬੱਚਾ ਪੈਦਾ ਕਰ ਸਕਦੀ ਹੈ ਪਰ ਬੱਚੇ ਦੇ ਪੈਦਾ ਹੋਣ ਤੱਕ ਆਪਣੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਹੀਂ ਜਾ ਸਕਦੀ ਤੇ ਬੱਚੇ ਦੇ ਬਾਪ ਦਾ ਨਾਂ ਗੁਪਤ ਰੱਖਣ 'ਤੇ ਕੋਹਣੋ ਖਾਂਦੀ ਹੈ। ਉਂਝ ਵੀ ਉਥੋਂ ਦਾ ਮਰਦ ਜਿੰਨੇ ਮਰਜ਼ੀ ਵਿਆਹ ਕਰ ਸਕਦਾ ਹੈ ਪਰ ਜੇ ਉਸ ਨੇ ਆਪਣੀ ਹੀ ਪਤਨੀ ਨਾਲ ਚੌਥੀ ਵਾਰ ਵਿਆਹ ਕਰਨਾ ਹੈ ਤਾਂ ਉਸਦੀ ਹੋਣ ਵਾਲੀ ਪਤਨੀ ਨੂੰ ਦੋ ਚਾਰ ਦਿਨ ਕਿਸੇ ਹੋਰ ਮਰਦ ਦੀ ਪਤਨੀ ਬਣਨਾ ਪੈਂਦਾ ਹੈ।

ਏਥੋਂ ਦੇ ਵਸਨੀਕ ਤਾਂ ਭਾਵੇਂ ਮੁਸਲਮਾਨ ਹਨ ਪਰ ਉਥੇ ਪਰਦੇ ਦਾ ਕੋਈ ਰਿਵਾਜ ਨਹੀਂ। ਸਵੇਰੇ ਸ਼ਾਮ ਸਮੁੰਦਰ ਦੇ ਕੰਢੇ ਬੇਪਰਦ ਸੈਰ ਕਰਦੇ ਹਨ। ਲੋਕ ਅਮੀਰ ਵੀ ਹਨ ਤੇ ਗਰੀਬ ਵੀ। ਅਮੀਰ ਲੋਕ ਦੁਕਾਨਦਾਰ ਹਨ ਜਾਂ ਫੋਟੋਗ੍ਰਾਫਰ ਤੇ ਗਰੀਬ ਲੋਕ ਸਮੁੰਦਰ ਦੀਆਂ ਮੱਛੀਆਂ ਫੜ ਕੇ ਵੇਚਦੇ ਹਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸਮੁੰਦਰ ਦੀਆਂ ਲਹਿਰਾਂ ਅਨੇਕਾਂ ਮੱਛੀਆਂ ਨੂੰ ਉਛਾਲ ਕੇ ਬਾਹਰ ਸਿੱਟ ਦਿੰਦੀਆਂ ਹਨ, ਜਿਨ੍ਹਾਂ ਨੂੰ ਬੱਚੇ, ਬੁੱਢੇ ਚੁੱਕ ਲਿਆਉਂਦੇ ਹਨ।

ਹੋ ਸਕਦਾ ਹੈ ਜੇ ਪ੍ਰਧਾਨ ਮੰਤਰੀ ਆਪਣੇ ਤੋਂ ਪਹਿਲਾਂ ਦੇ 'ਸ਼ਾਹੀ ਪਰਿਵਾਰ' ਦੀਆਂ ਪ੍ਰਾਪਤੀਆਂ ਵੇਖਣ ਮੁੜ ਮਾਲਦੀਵ ਜਾਵੇ ਤਾਂ ਮੈਨੂੰ ਵੀ ਅੱਧੀ ਸਦੀ ਪਹਿਲਾਂ ਦੀਆਂ ਹੋਰ ਗੱਲਾਂ ਵੀ ਚੇਤੇ ਆ ਜਾਣ! ਵੇਖੋ ਕੀ ਹੁੰਦਾ ਹੈ!!

**ਅੰਤਿਕਾ**

ਪੰਜਾਬੀ ਲੋਕ ਗੀਤਾਂ ਵਿਚ ਭੈਣ ਭਰਾ॥
ਬੋਤਾ ਬੰਨ੍ਹ ਦੇ ਪਿੱਪਲ ਦੀ ਛਾਵੇਂ
ਮੁੰਨੀਆਂ ਰੰਗੀਨ ਗੱਡੀਆਂ
ਮੱਥਾ ਟੇਕਦੈਂ ਅੰਮਾਂ ਦੀਏ ਜਾਈਏ
ਬੋਤਾ ਭੈਣੇ ਫੇਰ ਬੰਨ੍ਹਾਂਗਾ।

## ਕਲਾ ਪਰਿਕਰਮਾ

# ਮੰਜੇ ਜੋੜ ਸਪੀਕਰ ਲਾਈਏ

ਜਗਜੀਤ ਸਿੰਘ ਲੋਹਟਬੱਦੀ
ਫੋਨ: 89684-33500



ਸੰਗੀਤ ਰੂਹਾਂ ਨੂੰ ਝੰਜੋੜਦੈ... ਕੰਬਣੀ ਛੇੜਦੈ। ਅਟੁੱਟ ਜੋੜ ਆ ਮਨੁੱਖ ਦੇ ਜਨਮ ਤੋਂ ਮਰਨ ਤੱਕ। ਨਵਜੰਮੇ ਬੱਚੇ ਦੇ ਰੋਣ ਦੀ ਪਹਿਲੀ ਹੂੰਗਰ ਨੂੰ ਹੀ 'ਖ਼ੁਸ਼-ਆਮਦੀਦ' ਕਿਹਾ ਜਾਂਦੈ...ਧੜਕਦੀ ਜ਼ਿੰਦਗੀ ਦੀ ਨਿਸ਼ਾਨੀ। ਸ਼ਾਇਦ ਹੀ ਕੋਈ ਖ਼ੁਸ਼ੀ ਜਾਂ ਗ਼ਮੀ ਦਾ ਪਲ ਹੋਵੇ, ਜਦੋਂ ਸੰਗੀਤ ਨੇ ਸਾਨੂੰ ਆਪਣੀ ਬੁੱਕਲ਼ ਵਿੱਚ ਨਾ ਲਪੇਟਿਆ ਹੋਵੇ। ਇਸਦਾ ਵਿਸ਼ਾਲ ਘੇਰਾ ਸੁਖਦ ਪਲਾਂ ਮੌਕੇ ਅਸਮਾਨੀ ਗੁੱਡੀ ਚਾੜ੍ਹਦੈ ਤੇ ਗ਼ਮਗੀਨ ਛਿਣਾਂ ਵੇਲੇ ਮਲ੍ਹਮ ਲਗਾਉਂਦੈ... ਢਾਰਸ ਬੱਝਦੀ ਐ। ਜ਼ਿੰਦਾ-ਦਿਲੀ ਫਿਰ ਸੁਪਨਾ ਦਿਖਾਉਂਦੀ ਐ। ਕਲਪਨਾ ਕਰ ਕੇ ਦੇਖੀਏ ਕਿ ਧੁਨਾਂ ਤੋਂ ਬਿਨਾਂ ਨਿਤਾਪ੍ਰਤੀ ਕਿਵੇਂ ਦੀ ਹੋਵੇਗੀ। ਸੋਚ ਪਤਾਲਾਂ ਵਿੱਚ ਚੁੱਭੀ ਮਾਰਦੀ ਹੈ। ਖਿਆਲੀਂ ਖਲਾਅ ਨਜ਼ਰ ਆਵੇਗਾ। ਇਨੀ ਵੱਡੀ ਚੁੱਪ ਵਸਦੇ ਘਰਾਂ ਦਾ ਸ਼ਿੰਗਾਰ ਨਹੀਂ ਹੁੰਦੀ...।

ਸੁਰ ਆਪੇ ਦਾ ਪ੍ਰਗਟਾਅ ਹੈ। ਆਦਿ ਕਾਲ ਵਿੱਚ ਮਾਨਵ, ਜੰਗਲੀ ਜੀਵਾਂ ਵਰਗੀ ਹੂਕ ਨਾਲ ਹੀ ਆਪਣੀ ਹੋਂਦ ਦਾ ਅਹਿਸਾਸ ਕਰਾਉਂਦਾ ਸੀ। ਸਮਾਜਿਕ ਪ੍ਰਾਣੀ ਹੋਣ ਨਾਲ ਉਸਦੀ ਆਵਾਜ਼ ਵਿੱਚ ਨਿਖਾਰ ਆਉਂਦਾ ਗਿਆ ਤੇ ਉਸਦਾ ਗੁਣਗੁਣਾਉਣਾ ਇਨਸਾਨ ਅਤੇ ਹੈਵਾਨ ਵਿਚਲੀ ਸੂਖਮ ਲਕੀਰ ਦਾ ਪਾੜਾ ਵਧਾਉਣ ਲੱਗਿਆ। ਮੁਢਲੀਆਂ ਲੋੜਾਂ ਦੀ ਪੂਰਤੀ ਹੋਣਾ ਖ਼ੁਸ਼ੀ ਦਾ ਸਬੱਬ ਬਣਦਾ। ਨੱਚ, ਟੱਪ, ਗਾ ਕੇ ਉਸਦੇ ਵਲਵਲੇ ਰੰਗੀਨ ਜ਼ਿੰਦਗੀ ਦਾ ਸੁਨੇਹਾ ਦਿੰਦੇ ਸਨ।

ਸਮਾਂ ਅੱਗੇ ਵਧਿਆ ਤਾਂ ਸੱਭਿਅਕ ਸਮਾਜ ਵਿੱਚ ਸਾਂਝ ਦਾ ਖਿਆਲ ਅੰਗੜਾਈ ਲੈਣ ਲੱਗਾ। ਕਬੀਲਿਆਂ ਵਿੱਚ ਰਾਤਾਂ ਨੂੰ ਅੱਗ ਬਾਲਕੇ ਉਸਦੇ ਦੁਆਲੇ ਝੁਰਮਟ ਵਿੱਚ ਬੈਠਿਆਂ ਢੋਲ ਢਮੱਕੇ ਨਾਲ ਅੰਦਰਲੇ ਹਾਵ ਭਾਵਾਂ ਦੀ ਪੇਸ਼ਕਾਰੀ ਸੰਗੀਤ ਦਾ ਹੀ ਆਗਾਜ਼ ਸੀ। ਧੁਰ ਅੰਦਰੋਂ ਉਠਦੀ ਹੂਕ। ਹੌਲੀ ਹੌਲੀ ਮੇਲਿਆਂ ਮੁਸਾਹਬਿਆਂ ਵਿੱਚ ਗਮੰਤਰੀਆਂ ਦੀ ਧਾਂਕ ਜੰਮਣ ਲੱਗੀ। ਚੰਨ ਚਾਨਣੀਆਂ ਰਾਤਾਂ ਨੂੰ ਸਭਿਆਚਾਰ ਦੇ ਕਈ ਰੰਗ ਵਰਤਦੇ। ਮਨੁੱਖ ਨੂੰ ਅਹਿਸਾਸ ਹੋਇਆ ਕਿ ਗੀਤ ਸੰਗੀਤ ਰੂਹ ਦੀ ਖ਼ੁਰਾਕ ਐ...ਇਸਤੋਂ ਵਿਹੂਣਾ ਜੀਵਨ ਫਿੱਕਾ। ਇਸੇ ਸੰਵੇਦਨਾ ਨੇ ਉਸਦੀ ਜ਼ਿੰਦਗੀ ਵਿੱਚ ਖਲਬਲੀ ਜਿਹੀ ਮਚਾ ਦਿੱਤੀ ਤੇ ਸੰਗੀਤਕ ਧੁਨਾਂ ਦੀ ਮ੍ਰਿਗ ਤ੍ਰਿਸ਼ਨਾ ਨੇ ਅਗਲੇਰੀਆਂ ਵਾਟਾਂ ਦਾ ਮੁੱਢ ਬੰਨ੍ਹ ਦਿੱਤਾ।

ਥੋੜ੍ਹੀ ਜਿਹੀ ਪਿਛਲ ਝਾਤੀ ਮਾਰੀਏ ਤਾਂ ਮਨ ਵਿੱਚ ਝਰਨਾਹਟ ਛਿੜਦੀ ਆ। ਗ੍ਰਾਮੋਫੋਨ ਜਾਦੂਈ ਕ੍ਰਿਸ਼ਮਾ ਸੀ...ਸਮਝ ਤੋਂ ਪਰ੍ਹੇ। ਇੱਕ ਛੋਟੇ ਜਿਹੇ ਚੌਖਟੇ ਵਿੱਚੋਂ ਮਨੁੱਖੀ ਆਵਾਜ਼ਾਂ ਦਾ ਆਗਮਨ। ਸੱਚਮੁੱਚ ਅਚੰਭਾ, ਬੇ-ਯਕੀਨੀ। ਪਰ ਹਕੀਕਤ ਤੋਂ ਕਿਵੇਂ ਮੁਨਕਰ ਹੋਇਆ ਜਾ ਸਕਦੈ। ਮੂੰਹੋਂ-ਮੂੰਹ ਗੱਲਾਂ। ਤਰਾਂ ਤਰਾਂ ਦੇ ਵਿਸ਼ਲੇਸ਼ਣ...

''ਛੜਾ ਦਿੱਲੀਉਂ ਮਸ਼ੀਨ ਲਿਆਇਆ, ਚੰਦ ਕੁਰ ਵਿੱਚ ਬੋਲਦੀ''

'ਹਿਜ਼ ਮਾਸਟਰ'ਜ ਵਾਇਸ' ਦੇ ਕੁੱਤੇ ਵਾਲੇ ਕਾਲੇ ਤਵੇ ਨੇ ਗਾਣਿਆਂ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਬੋਲਣ ਲਾ ਦਿੱਤਾ। ਸੋਹਣਾ ਸਪੀਕਰ ਵਾਲਾ ਕਿਸੇ ਨਾਇਕ ਤੋਂ ਘੱਟ ਨਹੀਂ ਸੀ। ਮਸ਼ੀਨ ਨੂੰ ਚਾਬੀ ਦੇ ਕੇ ਚਲਾਉਂਦਾ। ਆਲੇ ਦੁਆਲੇ ਜਵਾਕਾਂ ਦੀ ਭੀੜ ਜੁੜਦੀ। ਜਿਉਂ ਹੀ ਦੋ ਤਿੰਨ ਗੀਤਾਂ ਬਾਦ ਤਵੇ ਦੀ ਹਿੱਕ ਤੇ ਚਲਦੀ ਸੂਈ ਖੁੰਢੀ ਹੋ ਜਾਂਦੀ ਤੇ ਘੈੜ ਘੈੜ ਦੀ ਆਵਾਜ਼ ਆਉਣ ਲੱਗਦੀ, ਮੁੰਡੀਰ੍ਹ ਦੇ ਮੂੰਹ ਤੇ ਲਾਲੀ ਆ ਜਾਂਦੀ। ਸੁੱਟੀ ਹੋਈ ਪੁਰਾਣੀ ਸੂਈ ਨੂੰ ਚੁੱਕ ਕੇ ਜਿਵੇਂ ਕੋਈ ਖ਼ਜ਼ਾਨਾ ਮਿਲ ਗਿਆ ਹੋਵੇ।

ਕੱਚੇ ਕੋਠਿਆਂ ਤੇ ਵਾਣ ਦੇ ਮੰਜੇ ਜੋੜ ਕੇ ਉੱਪਰ ਲੱਗਿਆ ਧੂਤੂ ਪਿੰਡ ਵਿੱਚ ਖ਼ੁਸ਼ੀ ਦੇ ਆਗਮਨ ਦਾ ਪ੍ਰਤੀਕ ਬਣਦਾ। ਕਿਸੇ ਮੁੱਛ ਫੁੱਟ ਗੱਭਰੂ ਦਾ ਵਿਆਹ ਜਾਂ ਲੋਹੜੀ ਦਾ ਸ਼ਗਨ ਨਵੇਂ ਮਹਿਮਾਨ ਨੂੰ 'ਜੀ ਆਇਆਂ' ਆਖਣ ਲਈ ਪੱਬਾਂ ਭਾਰ ਹੁੰਦੇ। ਯਮਲੇ ਜੱਟ ਦੀ ਹੇਕ ਅਤੇ ਲੋਗੜੀ ਦੇ ਫੁੱਲਾਂ ਨਾਲ ਸ਼ਿੰਗਾਰੇ ਤੂੰਬੇ ਦੀ ਟੁਣਕਾਰ ਜਦੋਂ ਆਗਾਜ਼ ਵਿੱਚ ''ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ, ਰੀਝਾਂ ਲਾ ਲਾ ਵਿੰਹਦੀ ਦੁਨੀਆਂ ਸਾਰੀ ਐ'' ਦਾ ਰਾਗ ਅਲਾਪਦੀ, ਤਾਂ ਪੌਣਾਂ ਵਿੱਚ ਸੁਗੰਧੀ ਜਿਹੀ ਘੁਲ ਜਾਂਦੀ। ਖ਼ੁਸ਼ੀ ਦੀ ਖ਼ਬਰ ਪੂਰੇ ਪਿੰਡ ਵਿੱਚ ਫੈਲ ਜਾਂਦੀ। ਐਲ ਪੀ ਰਿਕਾਰਡ ਤੇ ਝਰੀਟੇ ਅਤੇ ਸੁਰਿੰਦਰ ਛਿੰਦੇ ਦੇ ਗਾਏ 'ਜਿਓਣਾ ਮੌੜ' ਨੇ ਪੰਜਾਬੀਆਂ ਦੇ ਅਣਖੀਲੇ ਸੁਭਾਅ ਨੂੰ ਹਰ ਘਰ ਦੀਆਂ ਸਵਾਤਾਂ ਦਾ ਸ਼ਿੰਗਾਰ ਬਣਾ ਧਰਿਆ। ਉਧਰ ਮਾਣਕ ਦੀ ਗਾਈ ਹੀਰ ਦੀ ਕਲੀ ਵਾਕਿਆ ਈ ਦੂਰੋਂ ਨਾਥ ਦੇ ਟਿੱਲੇ ਤੋਂ 'ਸਲੇਟੀ' ਦੀ ਸੂਰਤ ਦੇ ਪ੍ਰਤੱਖ ਦੀਦਾਰ ਕਰਾ ਦਿੰਦੀ ਸੀ। ਕਿੱਸੇ ਸਰਵਣ ਭਗਤ, ਇੰਦਰ ਬੇਗੋ, ਮਿਰਜ਼ਾ ਸਾਹਿਬਾਂ ਵਿਰਸੇ ਦੀ ਗਵਾਹੀ ਭਰਦੇ ਲੱਗਦੇ। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ ਡਿਊਟ ਸੁਣਕੇ ਗੱਭਰੂ, ਮੁਟਿਆਰਾਂ ਆਪਣੇ ਆਪ ਨੂੰ ਹੀਰਾਂ ਰਾਂਝਿਆਂ ਨਾਲ ਤਸ਼ਬੀਹਾਂ ਦਿੰਦੇ। ਨਰਿੰਦਰ ਬੀਬਾ ਦੀ ਲੰਮੀ ਹੇਕ ਸਾਹਮਣੇ ਲੋਕ ਸਾਹ ਲੈਣਾ ਭੁੱਲ ਜਾਂਦੇ। ਜਿੱਥੇ ਜਗਮੋਹਨ ਕੌਰ 'ਪੂਦਨੇ' ਨਾਲ ਕਰਾਰ ਭਰ ਦਿੰਦੀ ਸੀ, ਉਥੇ ਚਾਂਦੀ ਰਾਮ,ਸਵਰਨ ਲਤਾ, ਹਰਚਰਨ ਗਰੇਵਾਲ਼ ਅਤੇ ਸੀਮਾ ਦੀ ਪੇਸ਼ਕਾਰੀ ਪੇਂਡੂ ਪੰਜਾਬ ਦਾ ਮੂੰਹੋਂ ਬੋਲਦਾ ਪ੍ਰਤਿਬਿੰਬ ਸਾਹਮਣੇ ਲਿਆ ਖਲ੍ਹਾਰਦੀ। ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਵਿਰਸੇ ਦੇ ਦੂਤ ਵਜੋਂ ਵਿਚਰੇ। ਗੱਲ ਕੀ, 'ਗੜਵਾ ਚਾਂਦੀ ਦਾ' ਅਤੇ 'ਮੈਂ ਵੀ ਜੱਟ ਲੁਧਿਆਣੇ ਦਾ' ਹਰ ਨਿਆਣੇ ਸਿਆਣੇ ਦੀ 'ਕਾਲਰ ਟੋਨ' ਬਣ ਚੁੱਕੀ ਸੀ।

**ਕਹਿੰਦੇ ਨੇ, ਸੰਗੀਤ ਹੱਦਾਂ ਦਾ ਮੁਹਤਾਜ ਨਹੀਂ ਹੁੰਦਾ। ਜ਼ਮੀਨੀ ਵਲਗਣਾਂ ਇਸ ਨੂੰ ਕੈਦ ਨਹੀਂ ਕਰ ਸਕੀਆਂ। ਭਾਸ਼ਾ ਕੋਈ ਵੀ ਹੋਵੇ, ਧੁਨਾਂ ਵਿੱਚ ਵੰਨਗੀਆਂ ਹੋਣ, ਤਾਂ ਪੈਰ ਥਿਰਕਣ ਲੱਗ ਹੀ ਜਾਂਦੇ ਨੇ। ਪੱਛਮੀ ਸੱਭਿਆਚਾਰ ਵਿੱਚ ਮਾਈਕਲ ਜੈਕਸਨ, ਸ਼ਕੀਰਾ, ਬੀਟਲਜ, ਰਿਹਾਨਾ ਅਤੇ ਐਮੀਨਾਮ ਵਿਸ਼ਵ ਭਰ ਵਿੱਚ ਨਵੇਲੀਆਂ ਤੇ ਵਿਲੱਖਣ ਪੈੜਾਂ ਦੇ ਗਵਾਹ ਹਨ। ਸਾਡੇ ਆਪਣੇ ਮੁਹੰਮਦ ਰਫ਼ੀ, ਲਤਾ, ਕਿਸ਼ੋਰ ਕੁਮਾਰ, ਆਸ਼ਾ ਭੌਂਸਲੇ ਅਤੇ ਮਹਿੰਦਰ ਕਪੂਰ ਇਸੇ ਸੰਗੀਤ ਦੀ ਮਾਲਾ ਦੇ ਸੁੱਚੇ ਮੋਤੀ ਹੀ ਤਾਂ ਹਨ, ਜਿਨ੍ਹਾਂ ਨੇ ਦੁਨੀਆਂ ਨੂੰ ਇੱਕ ਪਰਿਵਾਰ ਵਿੱਚ ਪਰੋ ਦਿੱਤਾ।**

ਕਹਿੰਦੇ ਨੇ, ਸੰਗੀਤ ਹੱਦਾਂ ਦਾ ਮੁਹਤਾਜ ਨਹੀਂ ਹੁੰਦਾ। ਜ਼ਮੀਨੀ ਵਲਗਣਾਂ ਇਸ ਨੂੰ ਕੈਦ ਨਹੀਂ ਕਰ ਸਕੀਆਂ। ਭਾਸ਼ਾ ਕੋਈ ਵੀ ਹੋਵੇ, ਧੁਨਾਂ ਵਿੱਚ ਵੰਨਗੀਆਂ ਹੋਣ, ਤਾਂ ਪੈਰ ਥਿਰਕਣ ਲੱਗ ਹੀ ਜਾਂਦੇ ਨੇ। ਪੱਛਮੀ ਸੱਭਿਆਚਾਰ ਵਿੱਚ ਮਾਈਕਲ ਜੈਕਸਨ, ਸ਼ਕੀਰਾ, ਬੀਟਲਜ, ਰਿਹਾਨਾ ਅਤੇ ਐਮੀਨਾਮ ਵਿਸ਼ਵ ਭਰ ਵਿੱਚ ਨਵੇਲੀਆਂ ਤੇ ਵਿਲੱਖਣ ਪੈੜਾਂ ਦੇ ਗਵਾਹ ਹਨ। ਸਾਡੇ ਆਪਣੇ ਮੁਹੰਮਦ ਰਫ਼ੀ, ਲਤਾ, ਕਿਸ਼ੋਰ ਕੁਮਾਰ, ਆਸ਼ਾ ਭੌਂਸਲੇ ਅਤੇ ਮਹਿੰਦਰ ਕਪੂਰ ਇਸੇ ਸੰਗੀਤ ਦੀ ਮਾਲਾ ਦੇ ਸੁੱਚੇ ਮੋਤੀ ਹੀ ਤਾਂ ਹਨ, ਜਿਨਾਂ ਨੇ ਦੁਨੀਆਂ ਨੂੰ ਇੱਕ ਪਰਿਵਾਰ ਵਿੱਚ ਪਰੋ ਦਿੱਤਾ।

ਵਾਹਗਿਉਂ ਪਾਰਲਾ ਤਾਂ ਹੈ ਈ ਸਾਡਾ ਆਪਣਾ। ਜਿਨੀ ਸ਼ਿੱਦਤ ਨਾਲ ਮਾਣਕ ਦੀ ਤੂੰਬੀ ਲਹਿੰਦੇ ਪੰਜਾਬ ਵਿੱਚ ਰੂਹਾਂ ਨੂੰ ਵਿੰਨ੍ਹਦੀ ਆ, ਉਨੇ ਹੀ ਵੇਗ ਨਾਲ ਇਧਰਲੇ ਪੰਜਾਬ ਵਿੱਚ ਆਲਮ ਲੁਹਾਰ ਦਾ ਚਿਮਟਾ ਦਿਲਾਂ ਨੂੰ ਧੂਹ ਪਾਉਂਦੈ। ਗੁਲਾਮ ਅਲੀ, ਮਹਿਦੀ ਹਸਨ, ਨੁਸਰਤ ਸਾਹਿਬ, ਸ਼ੌਕਤ ਅਲੀ, ਰੇਸ਼ਮਾਂ ਅਤੇ ਨੂਰ ਜਹਾਂ ਸਾਡੀ ਆਪਣੀ ਤਹਿਜ਼ੀਬ ਦੇ ਹੀ ਤਾਂ ਨਾਇਕ ਹਨ। ਮਲਿਕਾ ਪੁਖਰਾਜ਼ ਦਾ ''ਅਭੀ ਤੋ ਮੈਂ ਜਵਾਂ ਹੂੰ'' ਸੁਣ ਕੇ ਕੋਈ ਦਿਲ ਅਣਭਿੱਜਿਆ ਰਹਿ ਸਕਦਾ ਹੈ?

ਸੰਗੀਤ ਨੂੰ ਪਵਿੱਤਰ ਲੈਅ ਦਾ ਦਰਜਾ ਪ੍ਰਾਪਤ ਐ। ਇਸ ਵਿੱਚ ਥੋੜ੍ਹਾ ਜਿਹਾ ਵੀ ਗੰਧਲ਼ਾਪਣ ਡੂੰਘੀ ਚੀਸ ਦਿੰਦੈ। ਲੱਚਰਤਾ ਅਤੇ ਵੈਲੀਪੁਣਾ ਵੱਡੀ ਸੱਟ ਮਾਰਦੇ ਨੇ। ਜ਼ਮਾਨਾ 'ਤਵੇ' ਤੋਂ 'ਚਿੱਪ' ਤੇ ਪਹੁੰਚ ਗਿਐ। 'ਪੌਪ' ਦੇ ਨਾਂ ਤੇ 'ਪਾਪ' ਪਰੋਸਿਆ ਜਾ ਰਿਹੈ। 'ਰੈਪ' ਦਾ ਸਮਝ ਤੇ ਸੂਝ ਨਾਲ ਕੋਈ ਰਿਸ਼ਤਾ ਨਹੀਂ। ਲੱਗਦੈ, ਅਸੀਂ ਆਪਣੀਆਂ ਜੜ੍ਹਾਂ ਤੇ ਹਥਿਆਰ ਚਲਾ ਰਹੇ ਹਾਂ। ਗਲੇ ਦੀਆਂ ਸਰੋਦੀ ਧੁਨਾਂ ਦੀ ਥਾਂ ਚੀਕਾਂ ਮਾਰਦੇ ਯੰਤਰ ਲੈ ਰਹੇ ਨੇ। ਦਿਲੋਂ ਨਿੱਕਲੀ 'ਵਾਹ ਵਾਹ' ਨੂੰ 'ਵਿਊਜ਼' ਨਾਲ ਨਾਪਿਆ ਜਾ ਰਿਹੈ। ਸਦਾ-ਬਹਾਰ ਰਮਜ਼ਾਂ ਦੀ ਜਗਾ ਮਾਅਰਕਿਆਂ ਦੀ ਜਾਹਲਸਾਜ਼ੀ ਐ। ਸੱਚਮੁੱਚ ਸੰਗੀਤਕ ਮੰਜ਼ਿਲ ਹਰ ਕਿਸੇ ਦੇ ਵੱਸ ਵਿੱਚ ਨਹੀਂ।

ਸੰਤਾਲੀ ਦੀ ਵੰਡ ਨੇ ਪੰਜਾਬੀਆਂ ਨੂੰ ਡੂੰਘੇ ਸੱਲ੍ਹ ਦਿੱਤੇ ਨੇ। ਪਰ ਅਜੇ ਵੀ ਕੋਈ ਆਸ ਦੀ ਚਿਣਗ ਜਗਦੀ ਰਹਿੰਦੀ ਆ। ''ਕਰੀਂ ਕਿਤੇ ਮੇਲ ਰੱਬਾ, ਦਿੱਲੀ ਤੇ ਲਾਹੌਰ ਦਾ।'' ਥੋੜਾ ਸਮਾਂ ਪਹਿਲਾਂ ਜਾਗਦੀ ਜ਼ਮੀਰ ਵਾਲੇ ਕੁੱਝ ਜਗਿਆਸੂਆਂ ਨੇ ਚਿਤਵਿਆ ਸੀ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸੰਗੀਤਕ ਅਦਾਨ ਪ੍ਰਦਾਨ ਬਿਨਾ ਕਿਸੇ ਰੋਕ ਟੋਕ ਦੇ ਹੋਵੇ। ਜਿੱਥੇ ਉਧਰਲੇ ਪਾਸੇ ਅਖਾੜਿਆਂ ਵਿੱਚ ਮਾਣਕ ਦੀ ਤੂੰਬੀ ਖੜਕੇ ਤੇ ਇੱਧਰ ਸਾਡੀਆਂ ਮਹਿਫ਼ਲਾਂ ਵਿੱਚ ਆਲਮ ਲੁਹਾਰ ਦਾ ਚਿਮਟਾ!

ਆਓ ਜੋਦੜੀ ਕਰੀਏ! ਦੋਹਾਂ ਪਾਸੇ ਸੁਮੱਤ ਦੀ ਬਖ਼ਸ਼ਿਸ਼ ਹੋਵੇ। ਦਿਲਾਂ ਅਤੇ ਦਿਮਾਗਾਂ ਦੀ ਸਾਂਝ ਦੇ ਗਵਾਹ ਬਣੀਏ। ਆਮੀਨ...

**ਮਗਰੋਂ ਸੁੱਝੀ:** ਕਹਿੰਦੇ ਨੇ ਇੱਕ ਵਾਰ ਕੋਈ ਭੱਦਰਪੁਰਸ਼ ਲੁਧਿਆਣੇ ਬੱਸ ਅੱਡੇ ਦੇ ਬਾਹਰਲੇ ਚੁਬਾਰਿਆਂ ਤੇ ਯਮਲਾ ਜੱਟ ਦੇ ਨਾਂ ਵਾਲਾ ਫੱਟਾ ਲੱਭਦਾ ਫਿਰੇ। ਨਿਰਾਸ਼ਾ ਪੱਲੇ ਪਈ। ਹਤਾਸ਼ ਹੋਏ ਨੂੰ ਕਿਸੇ ਨੇ ਦੱਸਿਆ, ''ਸੱਜਣਾ, ਯਮਲਾ ਕੋਠਿਆਂ 'ਚ ਨੀ, ਲੋਕਾਂ ਦੇ ਦਿਲਾਂ ਵਿੱਚ ਵੱਸਦੈ।''



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਅਗਸਤ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-702



*ਬੇਬੇ ਬੈਠੀ ਵਿਚ ਵਿਹੜੇ ਦੇ, ਕਰਨ ਲੱਗੇ ਅੱਜ ਤੋਲੇ,*
*ਇੱਕ ਪੱਲੜੇ ਪਾਇਆ ਪੋਤਾ, ਦੂਜੇ 'ਚ ਬੂਟ ਅਣਤੋਲੇ।*
*ਅਗਲੀ ਵਾਰ ਫੇਰ ਕਰਾਂਗੇ, ਵਾਧਾ ਘਾਟਾ ਮੂੰਹੋਂ ਬੋਲੇ,*
*ਦੇਸੀ ਤਰੀਕੇ ਖੁਦ ਪਰਖੀਏ, ਸਿਹਤਾਂ ਦੇ ਮਾਸੇ ਤੋ.ਲੇ।*

## ਕੈਪਸ਼ਨ ਮੁਕਾਬਲਾ-700



ਤਿੰਨ ਪੀੜ੍ਹੀਆਂ ਹੋ ਕੇ 'ਕੱਠੀਆਂ
ਕੁਦਰਤ ਦੇ ਰੰਗ ਮਾਨਣ ਆਈਆਂ।
ਪਹਾੜਾਂ ਉੱਪਰ ਖਿੜੇ ਫੁੱਲਾਂ ਨੇ
ਖੁਸ਼ੀਆਂ ਕਰੀਆਂ ਦੂਣ ਸਵਾਈਆਂ।
ਸਾਂਭ ਕੇ ਰੱਖਣ ਖਾਤਰ ਯਾਦਾਂ
ਵਿਚ ਕੈਮਰੇ ਕੈਦ ਕਰਾਈਆਂ।
ਧੰਨਵਾਦ 'ਪੰਜਾਬ ਟਾਈਮਜ਼' ਦਾ
ਜਿਨ੍ਹਾਂ ਕੈਪਸ਼ਨ ਖਾਤਰ ਲਾਈਆਂ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403-439-2008***

---

ਹੋਵੇ ਭਾਵੇਂ ਸਵਿਟਜ਼ਰਲੈਂਡ, ਭੀ ਅਸਲੀ।
ਜਾਂ ਫਿਰ ਨਿੱਕਾ ਸਵਿਟਜ਼ਰਲੈਂਡ ਨਕਲੀ।
ਵਿਚ ਭਾਰਤ ਵੀ ਜੋ ਨਾ ਥੱਕਣ ਸਲਾਹੁੰਦੇ,
ਕਸ਼ਮੀਰ ਨਾਮ ਦਾ
ਸਵਿਟਜ਼ਰਲੈਂਡ ਨਕਲੀ।
ਯੂਰਪੀਨ ਹੋਵੇ ਜਾਂ ਫਿਰ ਸਵਿਸ ਐਲਪਸ।
ਨਾਰਥ ਕੈਰੋਲੀਨਾ ਵਾਲਾ,
ਨਕਲੀ ਐਲਪਸ।
ਕੋਮੋ, ਕਾਂਸਟੈਂਸ ਜਿਹੀਆਂ
ਮੋਂਹਦੀਆ ਝੀਲਾਂ।
ਅਲਪਾਈਨ ਝੀਲਾਂ ਸੰਗ
ਭਰਿਆ ਐਲਪਸ।
ਥਾਂ ਥਾਂ ਫਿਰਿਆ,
ਸੁਖ ਭਾਲਣ ਖਾਤਰ ਬੰਦਾ।
ਜਿਉਂ ਮਿਰਗ ਵਿਆਕੁਲ,
ਰਹੇ ਆਤੁਰ ਬੰਦਾ।
ਨਾਕਾਮ ਨਿਕੰਮਿਆ!
ਕਿਉਂ ਭੱਜਦਾ ਤੂੰ ਫਿਰਦੌਂ,
''ਸਭ ਕਿਛੁ ਘਰ ਮਹਿ''
ਨਾ ਦੇਖੇ ਅੰਦਰ ਬੰਦਾ
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਗਰਮੀ ਦੇ ਸਤਾਏ ਤੁਰ ਪਏ,
ਪਹਾੜਾਂ ਵੱਲ ਨੂੰ ਚੁੱਕ ਕਾਰ,
ਪਾਣੀ ਸੋਡਾ ਵਿਚ ਰੱਖ ਲਏ,
ਰੱਖੇ ਸਨੈਕ ਦੇ ਪੈਕਟ ਚਾਰ।
ਛੱਡੀ ਗੱਡੀ ਫਿਰ ਸੱਤਰ 'ਤੇ,
ਕਰੇ ਗੱਲ ਹਵਾ ਨਾ.ਲ ਕਾਰ,
ਝੱਟ ਜਾ ਕੇ ਡੇਰਾ ਲਾ ਲਿਆ,
ਹੋ ਗਏ ਫੁੱਲਾਂ ਵਿਚ ਸ਼ੁਮਾਰ।
***-ਸੇਵਾ ਸਿੰਘ ਨੂਰਪੁਰੀ***

---

ਜੰਗਲ 'ਚ ਹੈ ਮੰਗਲ ਪੁਰਾਤਨ ਕਹਾਵਤ
ਆਨੰਦ ਮਾਣੋ, ਕੁਦਰਤ ਦਾ ਪਸਾਰਾ
ਕੁਦਰਤ ਇਕ ਸਿਹਤਮੰਦ ਪਰਿਭਾਸ਼ਾ
ਦਗ ਦਗ ਕਰ ਉਠਦਾ ਅੰਦਰੋਂ ਧੁਰ ਵਲਵਲਾ
ਹਿੰਦ 'ਚ ਘੱਟ ਨਹੀਂ ਖਿੱਤੇ ਕੁਦਰਤੀ
ਨਹੀਂ ਸਭ ਜਾ ਸਕਦੇ ਐਲਪਸ
ਉਚਾ ਪਹਾੜ, ਯੂਰਪ 'ਚ ਫੈਲਿਆ
ਝੂਠੀ ਸ਼ਲਾਘਾ, ਤਸਵੀਰਾਂ ਤਾਂ ਦਿਖਾਵਾ
ਦੂਰ ਭੰਬਲਭੂਸਿਆਂ 'ਚ ਫਸਣ ਦੀ ਲੋੜ ਨਹੀਂ
ਤੁਹਾਡੇ ਹਰੇਕ ਨੇੜੇ ਹੈ ਕੁਦਰਤ ਨਜ਼ਾਰਾ।
***-ਦਰਸ਼ਨ ਪਾਲ ਦੋਸਾਂਝ***

# ਮੌਸਮੀ ਵਰਤਾਰਿਆਂ ਦਾ ਕਾਵਿਕ ਸ਼ਿਖਰ ਹੈ ਸਾਓਣ ਮਹੀਨਾ

ਹਾੜ੍ਹ ਮਹੀਨੇ ਦੀ ਅਤਿ ਦੀ ਗਰਮੀ, ਤਪਦੀਆਂ ਦੁਪਹਿਰਾਂ ਅਤੇ ਲੂਹ ਸੁਟਦੀਆਂ ਗਰਮ ਹਵਾਵਾਂ ਤੋਂ ਬਾਅਦ ਜਦ ਸਾਵਣ ਆਉਂਦਾ ਹੈ ਤਾਂ ਪੰਜਾਬੀਏ ਇਸ ਨੂੰ ਘੁੱਟਵੀਂ ਗਲਵੱਕੜੀ ਪਾ ਕੇ ਮਿਲਦੇ ਹਨ। ਸਾਓਣ ਇਕ ਮਹੀਨੇ ਦਾ ਨਾਂ ਨਹੀਂ, ਸਗੋਂ ਇਹ ਇਕ ਮਿੱਠੀ-ਪਿਆਰੀ, ਸੁਆਦਲੀ ਰੁੱਤ ਦਾ ਨਾਂ ਹੈ। ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿਚ ਇਹ ਬੜਾ ਕਾਵਿਕ, ਰੋਮਾਂਚਿਕ, ਸੁਰ-ਮਈ ਅਤੇ ਰੰਗੀਲਾ ਮਹੀਨਾ ਹੈ। ਰੱਬੀ ਰਹਿਮਤਾਂ ਅਤੇ ਨਿਆਮਤਾਂ ਦਾ ਮਹੀਨਾ ਹੈ। ਅਸਲੀਅਤ ਤਾਂ ਇਹ ਹੈ ਕਿ ਸਾਵਣ ਦੇ ਮਹੀਨੇ ਵਿਚ ਬਰਸਾਤੀ ਨਜ਼ਾਰੇ ਮਨੁੱਖ ਦੀਆਂ ਸੁਣਨ, ਵੇਖਣ, ਸੁੰਘਣ, ਚੱਖਣ ਅਤੇ ਮਹਿਸੂਸ ਕਰਨ ਦੀਆਂ ਸਾਰੀਆਂ ਸੁਰਤੀਆਂ ਨੂੰ ਭਰਪੂਰ ਸੰਤੁਸ਼ਟੀ ਅਤੇ ਅਨੰਦ ਬਖ਼ਸ਼ਦੇ ਹਨ। ਕਾਲੇ, ਸੁਰਮਈ, ਘਸਮੈਲੇ, ਮਟਮੈਲੇ ਤੇ ਦੂਧੀਆ

**ਡਾ. ਆਸਾ ਸਿੰਘ ਘੁੰਮਣ**
**ਫੋਨ: 97798-53245**

ਬੱਦਲ ਕਈ ਰੂਪਾਂ-ਸਰੂਪਾਂ ਅਤੇ ਅਕਾਰਾਂ ਵਿਚ ਅਸਮਾਨ ਵਿਚ ਮਨ-ਮਾਨੀਆਂ ਕਰਦੇ ਨਜ਼ਰ ਆਉਂਦੇ ਹਨ। ਸੰਵੇਦਨਸ਼ੀਲ ਲੋਕਾਂ ਦੀ ਰੂਹ ਸਰਸ਼ਾਰ ਕਰਨ ਦੇ ਕੁਦਰਤ ਅਨੇਕਾਂ ਹੀ ਸਬੱਬ ਬਣਾਉਂਦੀ ਹੈ। ਅਸਮਾਨ 'ਤੇ ਕਈ ਰੰਗਾਂ ਦਾ ਵਰਤਾਰਾ ਨਜ਼ਰ ਆਉਂਦਾ ਹੈ। ਸਾਰੇ ਦਿਨ ਦੀ ਝੜੀ ਤੋਂ ਬਾਅਦ ਸ਼ਾਮ ਦਾ ਸਮਾਂ ਬੜਾ ਵਿਸਮਾਦੀ ਹੋ ਨਿਬੜਦਾ ਹੈ ਅਤੇ ਕਈ ਵਾਰ ਅਕਾਸ਼ 'ਤੇ ਛਾਏ ਬੱਦਲ ਮਨਾਂ ਅੰਦਰ 'ਸਹਿਮ-ਸੁਆਦਲਾ' ਵੀ ਉਪਜਾਉਂਦੇ ਹਨ।

ਲੋਕ-ਗੀਤਾਂ ਦੀ ਸਭ ਤੋਂ ਵੱਧ ਗਿਣਤੀ ਸਾਵਣ ਮਹੀਨੇ ਦੇ ਹਿੱਸੇ ਆਉਂਦੀ ਹੈ। ਬੱਦਲਾਂ ਦੇ ਵਰਤਾਰਿਆਂ ਬਾਰੇ, ਇਸ ਮੌਸਮ ਵਿਚ ਉਪਜਦੇ ਜਜ਼ਬਾਤਾਂ ਬਾਰੇ, ਖੇਤੀ-ਬਾੜੀ ਦੇ ਆਹਰ-ਪਾਹਰ ਬਾਰੇ ਅਨੇਕਾਂ ਹੀ ਲੋਕ-ਬੋਲੀਆਂ ਅਤੇ ਲੋਕ-ਗੀਤ ਪੰਜਾਬੀਆਂ ਅਤੇ ਪੰਜਾਬਣਾਂ ਦੀਆਂ ਬੁਲ੍ਹੀਆਂ 'ਤੇ ਉਮੜ-ਉਮੜ ਪੈਂਦੇ ਹਨ। ਕਾਲੀਆਂ ਸਿਆਹ ਘਟਾਵਾਂ ਦੇ ਅਲਾਹੀ ਨਜ਼ਾਰਿਆਂ ਨਾਲ ਵਸਲ-ਮਿਲਾਪ ਦੀਆਂ ਤਰੰਗਾਂ ਉੱਛਲ-ਉੱਛਲ ਪੈਂਦੀਆਂ ਹਨ: 'ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ, ਫੂਹਰ ਜਿਹੀ ਏ ਪੈਂਦੀ' ਦਾ ਦ੍ਰਿਸ਼ ਪੰਜਾਬ ਵਿਚ ਰੋਜ਼-ਰੋਜ਼ ਨਸੀਬ ਨਹੀਂ ਹੁੰਦਾ। ਕੋਮਲ ਮਨ-ਚਿੱਤ ਦੀ ਮਾਲਕਣ ਪੰਜਾਬਣ ਗੀਤਾਂ ਅਤੇ ਗਿੱਧੇ ਰਾਹੀਂ ਸਾਵਣ ਰੁੱਤ ਦੀ ਚਰਮ ਸੀਮਾ ਤੱਕ ਪਹੁੰਚਣ ਲਈ ਕਿਤੇ ਪੀਂਘਾਂ ਝੂਟਦੀ ਝੂਟਦੀ ਅਸਮਾਨੀਂ ਟਾਕੀਆਂ ਲਾਣਾ ਲੋਚਦੀ ਹੈ ਤੇ ਕਿਤੇ ਸਤਰੰਗੀ ਪੀਂਘ ਦੇ ਹੁਲਾਰੇ ਲੈਣਾ ਚਾਹੁੰਦੀ ਹੈ। ਕਾਦਰ ਦੀ ਕੁਦਰਤ ਨਾਲ ਮੇਲ ਖਾਂਦੀ ਵੇਸ-ਭੂਸ਼ਾ ਤੇ ਗਹਿਣਾ-ਗੱਟਾ ਪਹਿਨ ਉਹ 'ਖੇਤਾਂ ਦੀ ਰਾਣੀ' ਬਣ ਬਣ ਬਹਿੰਦੀ ਹੈ:

'ਰੱਬ ਨੇ ਮੇਰੀ ਆਪ ਸੁਣ ਲਈ, ਮੈਂ ਬਣੀ ਖੇਤਾਂ ਦੀ ਰਾਣੀ'

ਇਕ ਸੁਹਜਵਾਦੀ ਪੰਜਾਬਣ ਮੀਂਹ ਪੈ ਹਟਣ ਅਤੇ ਬੱਦਲ ਛਟ ਜਾਣ ਤੋਂ ਬਾਅਦ ਨਿਖਰੀ ਹੋਈ ਰਾਤ ਵਿਚ ਨਿੱਕੇ-ਨਿੱਕੇ, ਮਿੰਨੇ-ਮਿੰਨੇ, ਟਿਮਟਿਮਾਉਂਦੇ ਤਾਰਿਆਂ ਦਾ ਅਲੌਕਿਕ ਦ੍ਰਿਸ਼ ਵੇਖ ਕੇ ਸਹਿਜੇ ਜਿਹੇ ਆਪਣੇ ਮਨ ਨਾਲ ਬਾਤਾਂ ਪਾਉਂਦੀ ਹੈ:

ਸਾਉਣ ਮਹੀਨੇ ਮੇਘਲਾ ਵਰਸੇ
ਚੰਦ ਛਿਪ ਗਿਆ ਟਹਿਕਣ ਤਾਰੇ

ਇਸ ਮੌਸਮ ਵਿਚ ਕੇਵਲ ਮੋਰ ਤੇ ਕੋਇਲਾਂ ਹੀ ਨਹੀਂ ਹਰ ਪੰਛੀ ਚਹਿਕਣ, ਮਹਿਕਣ, ਟਹਿਕਣ ਲੱਗਦਾ ਹੈ। ਕੋਈ ਪੰਜਾਬੀ-ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਕੋਇਲ ਨਾਲ ਤਸ਼ਬੀਹ ਦੇਂਦਾ ਹੋਇਆ, ਉਸ ਦੇ ਵਾਰੇ-ਨਿਆਰੇ ਜਾਂਦਾ ਹੈ:

ਕੋਇਲੇ ਸਾਓਣ ਦੀਏ, ਤੈਨੂੰ ਤਲੀਆਂ 'ਤੇ ਚੋਗ ਚੁਗਾਵਾਂ

ਲੋਕ-ਗੀਤਾਂ ਤੋਂ ਬਿਨਾਂ ਸਾਵਣ ਮਹੀਨੇ ਦਾ ਰੁਮਾਂਚ ਸਾਡੇ ਆਧੁਨਿਕ ਕਵੀਆਂ ਨੂੰ ਵੀ ਇਸ ਬਾਰੇ ਲਿਖਣ ਨੂੰ ਮਜਬੂਰ ਕਰ ਦਿੰਦਾ ਰਿਹੈ। ਪੰਜਾਬੀ ਦੇ ਬਹੁਤ ਸਾਰੇ ਕਵੀਆਂ ਨੇ ਇਸ ਮੌਸਮ ਪ੍ਰਤੀ ਆਪਣੇ ਪ੍ਰਬਲ ਜਜ਼ਬਾਤਾਂ ਅਤੇ ਭਾਵਨਾਵਾਂ ਦਾ ਪ੍ਰਗਟਾਅ ਕਾਵਿਕ ਰੂਪ ਵਿਚ ਕੀਤਾ ਹੈ। ਸੁਰਜੀਤ ਪਾਤਰ ਦੇ ਮੂੰਹੋਂ ਸਹਿਜ-ਭਾਅ ਨਿਕਲ ਜਾਂਦੈ:

ਇਹ ਜੋ ਸਿੱਲੀ ਸਿੱਲੀ ਵਗਦੀ ਏ ਵਾ'
ਕਿਤੇ ਕੋਈ ਰੋਂਦਾ ਹੋਵੇਗਾ।

ਜਦ ਛਮ-ਛਮ ਮੀਂਹ ਵੱਸਦਾ ਹੈ ਤਾਂ ਸਮਝਿਆ ਜਾਂਦਾ ਹੈ ਕਿ ਇੰਦਰ ਦੇਵਤਾ ਬਹੁਤ ਖੁਸ਼ ਅਤੇ ਦਿਆਲੂ ਹੈ ਪਰ ਸ਼ਿਵ ਕੁਮਾਰ ਬਟਾਲਵੀ ਦੇ ਕਲਾਮ ਅਨੁਸਾਰ ਇੰਦਰ ਦੇਵ ਜਦ ਰੁੱਤਾਂ ਘੜ ਰਿਹਾ ਸੀ ਉਨ੍ਹੀਂ ਦਿਨੀਂ ਉਹ ਐਂਦਰ ਨਾਂ ਦੀ ਇਕ ਪਰੀ ਨੂੰ ਬੜਾ ਪਿਆਰ ਕਰਦਾ ਸੀ। ਹਰ ਮੌਸਮ ਦਾ ਰੰਗ ਅਤੇ ਮਿਜਾਜ਼ ਉਸਨੇ ਐਂਦਰ ਦੀਆਂ ਮੁਦਰਾਵਾਂ 'ਤੇ ਅਧਾਰਿਤ ਕੀਤਾ:

ਕਹਿੰਦੇ ਜਦ ਉਹ ਹੱਸੀ ਰੁੱਤ ਬਹਾਰ ਬਣੀ
ਕਾਮੀਂ ਨਜ਼ਰੇ ਤੱਕੀ ਤਾਂ ਅੰਗਿਆਰ ਬਣੀ
ਵਿਚ ਉਦਾਸੀ ਮੱਤੀ ਤਾਂ ਪਤ-ਹਾਰ ਬਣੀ
ਸੇਜਾਂ ਮਾਣ ਕੇ ਥੱਕੀ ਠੰਡੀ ਠਾਰ ਬਣੀ
ਝਾਂਜਰ ਪਾ ਕੇ ਨੱਚੀ ਤਾਂ ਸ਼ਿੰਗਾਰ ਬਣੀ

ਪਰ ਛੇਵੀਂ ਰੁੱਤ ਬਰਸਾਤ ਦਾ ਆਧਾਰ ਬਿਰਹਾ ਬਣ ਗਿਆ ਕਿਉਂਕਿ ਬਦਕਿਸਮਤੀ ਨਾਲ ਇੰਦਰ ਦਾ ਐਂਦਰ ਨਾਲ ਪਿਆਰ ਸਿਰੇ ਨਾ ਚੜ੍ਹ ਸਕਿਆ। ਐਂਦਰ ਕਿਸੇ ਹੋਰ ਦੇਵਤੇ ਨਾਲ ਵਰੀ ਗਈ। ਦੋਹਾਂ ਦੇ ਹੰਝੂ-ਧਾਰ ਵਿਛੋੜੇ ਵਿਚੋਂ ਬਰਸਾਤ ਰੁੱਤ ਉਪਜੀ:

ਪਰ ਛੇਵੀਂ ਇਹ ਰੁਤ ਜਿਹੜੀ ਰੁੱਤ ਮਲਹਾਰ ਬਣੀ
ਜੋ ਅੱਜ ਸਾਡੇ ਸਾਹਵੇਂ ਬਿਰਹਣ ਵਾਂਗ ਖੜੀ
ਦੁਖ ਦਾਇਕ ਹੈ, ਪੂਰਨ, ਇਸ ਦੀ ਜਨਮ-ਘੜੀ
ਐਂਦਰ ਹੋਰ ਕਿਸੇ ਦਿਓਤੇ ਸੰਗ ਗਈ ਵਰੀ
ਬ੍ਰਿਹੋ ਜਲੰਦੀ ਐਂਦਰ ਕਹਿੰਦੇ ਰੋਈ ਬੜੀ,
ਕਹਿੰਦੇ ਉਸ ਦਿਨ ਇੰਦਰ ਨੇ ਇਹ ਰੁੱਤ ਘੜੀ
ਅੰਬਰ ਨੈਣੀ ਐਂਦਰ ਦੀ ਸਭ ਪੀੜ ਭਰੀ
ਤੇ ਇੰਦਰ ਨੇ ਕਹਿੰਦੇ ਏਨੀ ਮਧਰਾ ਪੀਤੀ
ਉਸਨੂੰ ਆਪਣੇ ਆਪੇ ਦੀ ਨਾ ਹੋਸ਼ ਰਹੀ
ਕਹਿੰਦੇ! ਜਦ ਵੀ ਇੰਦਰ ਦਾ ਦਿਲ ਜਲਦਾ ਹੈ
ਐਂਦਰ ਨੂੰ ਉਹ ਯਾਦ ਜਦ ਵੀ ਕਰਦਾ ਹੈ
ਓਸੇ ਦਿਨ ਅੰਬਰ ਤੋਂ ਪਾਣੀ ਵਰ੍ਹਦਾ ਹੈ

***

ਪ੍ਰੋ: ਮੋਹਨ ਸਿੰਘ ਸਾਓਣ ਮਹੀਨੇ ਦੀ ਆਮਦ ਬਾਰੇ ਕਿਆ ਖੂਬ ਲਿਖਦੇ ਹਨ:

ਚੜ੍ਹ ਮੇਘਲੇ ਦੀ ਘੋੜੀ 'ਤੇ, ਕਣੀਆਂ ਦੀ ਜੋੜ ਜੰਞ
ਧਰਤੀ ਨੂੰ ਵਰਨ ਆ ਗਿਆ, ਸਾਵਣ ਸੁਹਾਵਣਾ

ਸਾਵਣ ਦੇ ਇਸ ਸੁਹਾਵਣੇ ਮੌਸਮ ਤੋਂ ਸਾਡੇ ਗੁਰੂ ਸਾਹਿਬਾਨ ਕਿਵੇਂ ਨਿਰਮੋਹ ਰਹਿ ਸਕਦੇ ਸਨ? ਸਾਵਣ-ਰੁੱਤ



ਬਾਰੇ ਤਕਰੀਬਨ ਸਭ ਗੁਰੂਆਂ ਨੇ ਆਪਣੀ ਰਚਨਾ ਵਿਚ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਹੈ। ਗੁਰੂ-ਕਵੀ ਗੁਰੂ ਨਾਨਕ ਦੇਵ ਜੀ ਇਸ ਨੂੰ ਆਤਮਾ-ਪਰਮਾਤਮਾ ਦੇ ਰੂਹਾਨੀ ਪਿਆਰ ਨਾਲ ਜੋੜਦੇ ਹੋਏ ਸਾਵਣ-ਮਾਹ ਵਿਚ ਹੰਢਾਏ ਜਾਂਦੇ ਬਿਰਹਾ ਬਾਰੇ ਬਹੁਤ ਖੂਬ ਲਿਖਦੇ ਹਨ:

ਸਾਵਣ ਸਰਸ ਮਨਾ ਘਣ ਵਰਸਿਹ ਰੁਤਿ ਆਏ
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ
ਪਿਰ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕ ਡਰਾਏ
ਸੇਜ ਇਕੇਲੀ ਖਰੀ ਦੁਹੇਲੀ, ਮਰਣ ਭਇਆ ਦੁਖ ਮਾਏ

ਗੁਰੂ ਅਰਜਨ ਦੇਵ ਜੀ ਵੀ ਏਸੇ ਰੰਗ ਵਿਚ ਉਚਾਰਦੇ ਹਨ:

ਹਰ ਅੰਮ੍ਰਿਤ ਬੂੰਦ ਸੁਹਾਵਣੀ, ਮਿਲ ਸਾਧੂ ਪੀਵਣਹਾਰ
ਵਣ ਤਿਣ ਪ੍ਰਭ ਸੰਗ ਮਉਲਿਆ, ਸੰਮ੍ਰਥ ਪੁਰਖ ਅਪਾਰ

ਇਹ ਇਕੱਲਾ ਸਾਵਣ ਦਾ ਮਹੀਨਾ ਹੀ ਹੈ ਜਿਸ ਬਾਰੇ ਸਿਖ ਗੁਰੂ ਸਾਹਿਬਾਨ ਨੇ ਵੱਧ ਤੋਂ ਵੱਧ ਕਾਵਿ-ਰਚਨਾ ਕੀਤੀ ਹੈ। ਗੁਰਬਾਣੀ ਵਿਚ ਤਕਰੀਬਨ ਬਰਸਾਤ ਦਾ ਹਰ ਪੱਖ ਕਾਵਿਕ ਰੰਗਣ ਵਿਚ ਮਿਲਦਾ ਹੈ। ਕਿਤੇ ਕਿਤੇ ਤਾਂ ਅਜਿਹੇ ਚਿਤਰਣ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਜਿਵੇਂ ਗੁਰੂ ਸਾਹਿਬਾਨ ਕੁਦਰਤ ਦਾ ਇਹ ਕਮਾਲ ਆਪਣੇ ਸਾਹਮਣੇ ਦੇਖ ਰਹੇ ਹੋਣ ਅਤੇ ਪਰਮਾਤਮਾ ਵੱਲੋਂ ਬਖ਼ਸ਼ੀ ਪ੍ਰਤਿਭਾ ਸਦਕਾ ਅਤਿ ਸੁੰਦਰ ਸ਼ਬਦਾਂ ਵਿਚ ਚਿਤਰਣ ਕਰੀ ਜਾ ਰਹੇ ਹੋਣ:

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ
........................................
ਨਾਨਕ ਬਿਜਲੀਆ ਚਮਕੰਨਿ, ਮੂ ਕਹੀ ਨ ਜੇਹੀਆ
ਬਰਸਨਿ ਮੇਘ ਅਪਾਰ, ਨਾਨਕ ਸੰਗਮ ਪਿਰੀ ਸੁਹੰਦੀਆ

ਬਾਰਹਮਾਹ ਤੋਂ ਬਿਨਾਂ ਹੋਰ ਰਾਗਾਂ ਵਿਚ ਵੀ ਸਾਵਣ, ਬਰਸਾਤ ਰੁੱਤ ਅਤੇ ਮੇਘਲੇ ਬਾਰੇ ਗੁਰੂ ਜੀ ਵਲੋਂ ਉਚਾਰੇ ਸ਼ਬਦ, ਸ਼ਲੋਕ ਜਾਂ ਤੁਕਾਂ ਕਾਫੀ ਗਿਣਤੀ ਵਿਚ ਉਪਲੱਬਧ ਹਨ। ਗੁਰੂ ਅੰਗਦ ਦੇਵ ਜੀ ਸਾਵਣ ਦੇ ਮਹੀਨੇ ਬਾਰੇ ਬੜੇ ਪਿਆਰੇ ਲਫਜ਼ਾਂ ਵਿਚ ਲਿਖਦੇ ਹਨ:

ਸਾਵਣ ਆਇਆ ਹੇ ਸਖੀ, ਕੰਤੈ ਚਿਤਿ ਕਰੇਹਿ
......
...................................
ਸਾਵਣ ਆਇਆ ਹੇ ਸਖੀ, ਜਲਹਰ ਬਰਸਨਹਾਰ

ਤੀਸਰੀ ਪਾਤਸ਼ਾਹੀ ਗੁਰੂ ਅਮਰ ਦਾਸ ਜੀ ਸਾਵਣ ਮਹੀਨੇ ਵਿਚ ਵਰਸਦੇ ਮੀਂਹ ਬਾਰੇ ਇਉਂ ਲਿਖਦੇ ਹਨ:

ਊਨਵ ਊਨਵ ਆਇਆ ਵਰਸੈ ਨੀਰ ਨਿਪੰਗ
ਊਨਵਿ ਊਨਵਿ ਆਇਆ ਵਰਸੈ ਲਾਇ ਝੜੀ

ਚੌਥੀ ਪਾਤਸ਼ਾਹੀ ਗੁਰੂ ਰਾਮ ਦਾਸ ਜੀ ਨੇ ਵੀ ਸਾਵਣ ਮਹੀਨੇ ਵਿਚ ਹੁੰਦੀ ਬਰਸਾਤ ਨੂੰ ਕੁਦਰਤ ਦੀ ਰਹਿਮਤ ਨਾਲ ਜੋੜਿਆ ਹੈ। ਇਸ ਰਹਿਮਤ ਸਦਕਾ ਪਸ਼ੂ-ਪੰਛੀ ਚਹਿਕਣ ਲੱਗਦੇ ਹਨ, ਧਰਤੀ ਹਰਿਆਵਲੀ ਹੋ ਉੱਠਦੀ ਹੈ ਅਤੇ ਮਨੁੱਖਤਾ ਲਈ ਅੰਨ ਦੇ ਭੰਡਾਰੇ ਉਗਲਣ ਦੇ ਆਹਰ ਵਿਚ ਜੁਟ ਜਾਂਦੀ ਹੈ:

ਸਾਵਣ ਆਇਆ ਝਿਮ ਝਿਮਾ, ਹਰਿ ਗੁਰਮੁਖਿ ਨਾਮਿ ਧਿਆਇ
ਦੁਖ ਭੁਖ ਕਾੜਾ ਸਭ ਚੁਕਾਇਸੀ, ਮੀਹ ਵੁੱਠਾ ਛਹਿਬਰ ਲਾਇ
ਸਭ ਧਰਤੀ ਭਈ ਹਰਿਆਵਲੀ ਅੰਨ ਜੰਮਿਆ ਬੋਹਲ ਲਾਇ
ਹਰ ਅਚਿੰਤ ਬੁਲਾਵੈ ਕ੍ਰਿਪਾ ਕਰ, ਹਰਿ ਆਪੇ ਪਾਵੈ ਥਾਇ

ਸਾਵਣ ਮਹੀਨਾ ਕਿਉਂਕਿ ਖੇਤੀ-ਪ੍ਰਧਾਨ ਸੂਬੇ ਲਈ ਕਈ ਪੱਖਾਂ ਤੋਂ ਮਹੱਤਵਪੂਰਨ ਹੈ, ਇਸ ਲਈ ਇਸ ਬਾਰੇ ਖੇਤੀ-ਅਧਾਰਿਤ ਕਈ ਮੁਹਾਵਰੇ ਅਤੇ ਅਖੌਤਾਂ ਪ੍ਰਚੱਲਿਤ ਹਨ। ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਸਾਫ਼ ਜ਼ਾਹਰ ਹੈ ਕਿ ਸਾਉਣ ਦਾ ਮਹੀਨਾ ਪੰਜਾਬ ਵਾਸੀਆਂ ਲਈ ਸਭ ਤੋਂ ਵਿਲੱਖਣ ਹੈ ਕਿਉਂਕਿ ਇਹ ਕੁਦਰਤ ਦੀਆਂ ਅਪਾਰ ਕਿਰਿਆਵਾਂ-ਭਰਪੂਰ ਮਹੀਨਾ ਹੈ। ਉਪਜੀਵਕਾ ਦਾ ਮੁੱਢ ਹੈ। ਇਹ ਮਹੀਨਾ ਕਾਰਾਂ-ਵਿਹਾਰਾਂ ਦਾ ਮਹੀਨਾ ਵੀ ਹੈ ਅਤੇ ਚਾਵਾਂ-ਮਲਾਰਾਂ ਦਾ ਵੀ ਅਤੇ ਪ੍ਰਾਕ੍ਰਿਤਕ-ਤਿਉਹਾਰਾਂ ਦਾ ਵੀ। ਇਸ ਮਹੀਨੇ-ਮੌਸਮ ਵਿਚ ਜੀਵ-ਜੰਤੂ, ਪਸ਼ੂ-ਪੰਛੀ, ਨਰ-ਨਾਰੀ, ਵਣ-ਤ੍ਰਿਣ, ਗੱਲ ਕੀ ਸਭ ਸ੍ਰਿਸ਼ਟੀ ਮੌਲ ਉੱਠਦੀ ਹੈ।

ਇਹੀ ਵਜ੍ਹਾ ਹੈ ਕਿ ਇਸ ਮਹੀਨੇ 'ਸਾਵਣ ਕਵੀ ਦਰਬਾਰ' ਅਯੋਜਿਤ ਕੀਤੇ ਜਾਂਦੇ ਹਨ।

---

# ਧੁਖ਼ਦਾ ਅਗਸਤ

ਹਰਬੰਸ ਕੌਰ 16 ਕੁ ਸਾਲਾਂ ਦੀ ਸੀ ਜਦੋਂ ਮੁਲਕ ਦੀਆਂ ਵੰਡੀਆਂ ਪੈ ਗਈਆਂ। ਘਰੋਂ ਉੱਠ ਕੇ ਜਾਂਦਿਆਂ ਇਨ੍ਹਾਂ 'ਤੇ ਹੱਲਾ ਹੋ ਗਿਆ। ਵੱਢ-ਟੁੱਕ 'ਚ ਇਹਦੇ ਸਕਿਆਂ ਚਾਚਿਆਂ-ਤਾਇਆਂ ਇਹਦੇ 'ਬੇਇੱਜ਼ਤ' ਹੋਣ ਨਾਲੋਂ ਇਹਨੂੰ ਮਾਰ ਦੇਣਾ ਹੀ ਚੰਗਾ ਸਮਝਿਆ। ਇਹ ਫਿਰ ਵੀ ਬਚ ਗਈ। ਇਹਦੇ ਸਾਹ ਚਲਦੇ ਹੀ ਸੀ ਤੇ ਕੋਈ ਭਲਾ ਮੁਸਲਮਾਨ ਇਹਨੂੰ ਘਰ ਲੈ ਗਿਆ। ਅਪਣੀ ਧੀ ਬਣਾ ਕੇ ਰੱਖੀ। ਫਿਰ ਵਿਆਹ ਦਿੱਤੀ, ਧੀ ਕਰਕੇ; ਪਾਕਿਸਤਾਨੀ ਕਸ਼ਮੀਰ ਦੇ ਢੰਡਾਲੀ ਪਿੰਡ 'ਚ। ਇਹ ਆਪ ਕੋਟਲੀ ਦੀ ਰਹਿਣ ਵਾਲੀ ਸੀ। ਇਹਦਾ ਆਪਣਾ ਪਿੰਡ ਰੌਲ਼ਿਆਂ 'ਚ ਆ ਗਿਆ ਸੀ। ਸਾਰਾ ਵੱਢਿਆ-ਵਢਾਇਆ ਗਿਆ ਸੀ।

ਵੰਡ ਹੋ ਗਈ ਤਾਂ ਨਹਿਰੂ ਤੇ ਲਿਆਕਤ ਅਲੀ ਖ਼ਾਨ ਨੇ

**ਸੁਖਦੇਵ ਸਿੱਧੂ**

ਅਹਿਦ ਬਣਾ ਲਿਆ: ਬਈ ਪਿੱਛੇ ਰਹਿ ਗਈਆਂ ਹਿੰਦੂ-ਸਿੱਖ ਔਰਤਾਂ ਨੂੰ ਭਾਰਤ ਲਿਆਇਆ ਜਾਵੇ ਤੇ ਏਧਰ ਰਹਿ ਗਈਆਂ ਮੁਸਲਮਾਨ ਔਰਤਾਂ ਪਾਕਿਸਤਾਨ ਨੂੰ ਭੇਜ ਦਿੱਤੀਆਂ ਜਾਣ। ਵੱਡਿਆਂ ਦਿਮਾਗ਼ਾਂ ਵਾਲ਼ਿਆਂ ਨੂੰ ਇਹ ਸੁੱਝੀ ਹੀ ਨਾ ਕਿ ਇਹ ਬੀਬੀਆਂ ਹੁਣ ਮਾਵਾਂ ਵੀ ਬਣ ਗਈਆਂ ਸੀ। ਇਨ੍ਹਾਂ ਦੇ ਘਰ ਵਸ-ਵਸਾ ਗਏ ਸੀ। ਜ਼ਖ਼ਮ ਆਠਰ ਰਹੇ ਸੀ। ਸਰਕਾਰਾਂ ਨੂੰ ਇਨ੍ਹਾਂ ਗੱਲਾਂ ਦੀਆਂ ਪਰਵਾਹ੍ਵਾਂ ਨਹੀਂ ਹੁੰਦੀਆਂ, ਨਾ ਹੀ ਏਨਾਂ ਸਮਾਂ ਹੁੰਦਾ ਹੈ ਇਨ੍ਹਾਂ ਕੋਲ।

ਅਪਣੇ ਨਿਕਾਹ ਤੋਂ ਬਾਅਦ, ਹਰਬੰਸ ਕੌਰ ਨੇ ਵੀ ਦੀਨ ਕਬੂਲ ਕਰ ਲਿਆ ਸੀ- ਕਰਨਾ ਹੀ ਸੀ, ਹੋਰ ਕੀ ਕਰਦੀ। ਬਾਪ ਬਣੇ ਮੁਸਲਮਾਨ ਨੇ ਕਿਸੇ ਸਖ਼ੀ ਉੱਲਾ ਫ਼ੌਜੀ ਨਾਲ ਇਹਦਾ ਨਿਕਾਹ ਕਰ ਦਿੱਤਾ। ਇਹਦਾ ਵਸੇਬਾ ਹੋ ਗਿਆ। ਉਹਦੇ 'ਤੋਂ ਦੋ ਬੱਚੇ ਹੋ ਗਏ ਸੀ। ਵੱਡਾ ਕਰਾਮਤਉੱਲ੍ਹਾ ਤੇ ਨਿੱਕਾ ਕੁਦਰਤਉੱਲ੍ਹਾ। ਜਦੋਂ ਪੁਲਸ ਆਈ ਤਾਂ ਇਹ ਆਪਣੇ ਮੀਏਂ ਨਾਲ ਸਿਆਲ਼ਕੋਟ ਸੀ। ਮਿਲਟਰੀ ਕੁਆਟਰਾਂ ਚ ਰਹਿੰਦੇ ਸੀ। ਪੁਲਸ ਵਾਲੇ ਕਹਿੰਦੇ: ਚੱਲ ਬੀਬੀ, ਸਾਡੇ ਨਾਲ ਚੱਲ। ਠਾਣੇ ਜਾ ਕੇ ਅਪਣੀ ਮਰਜ਼ੀ ਦੱਸ ਆ, ਤੇ ਫਿਰ ਮੁੜ ਆਈਂ। ਬੀਬੀ ਅਪਣੇ ਨੌਂ ਮਹੀਨਿਆਂ ਦੇ ਦੁੱਧ ਚੁੰਘਦੇ ਬਾਲ ਨੂੰ ਛਾਤੀ ਨਾਲੋਂ ਲਾਹ ਕੇ ਕਹਿੰਦੀ: ਮੈਂ ਠਾਣਿਓਂ ਹੋ ਕੇ ਹੁਣੇ ਆਈ। ਠਾਣੇ ਗਈ ਨੂੰ ਪੁਲਸ ਵਾਲਿਆਂ ਹੁਕਮ ਕਹਿ ਸੁਣਾਇਆ: ਬੀਬੀ, ਇਹ ਤੇਰਾ ਮੁਲਕ ਨਹੀਂ ਹੁਣ। ਤੂੰ ਤਾਂ ਇੰਡੀਅਨ ਏਂ। ਸਿੱਖ ਵੀ ਏ। ਓਥੇ ਹੀ ਜਾਹ। ਧਰਤੀ ਦਾ ਇਹ ਟੋਟਾ ਹੁਣ ਪਾਕਿਸਤਾਨ ਹੋ ਗਿਆ ਏ। ਏਥੇ ਤੇਰਾ ਕੁਛ ਨਹੀਂ, ਤੂੰ ਬੇਗ਼ਾਨੇ ਮੁਲਕ ਚ ਨਹੀਂ ਰਹਿ ਸਕਦੀ। ਮਾਈ ਨੇ ਬਥੇਰੇ ਤਰਲ਼ੇ ਪਾਏ; ਲੇਲ੍ਹੜੀਆਂ ਕੱਢੀਆਂ: ਓਏ ਬੰਦਿਓ ਰੱਬ ਦਿਓ, ਮੈਂ ਤਾਂ ਹੁਣ ਮੁਸਲਮਾਨ ਹੋ ਗਈ ਹਾਂ। ਮੇਰਾ ਨਿਕਾਹ ਵੀ ਹੋ ਗਿਆ ਹੈ। ਮੇਰਾ ਮੀਆਂ ਫ਼ੌਜੀ ਹੈ। ਮੇਰੇ ਦੋ ਬੱਚੇ ਨੇ। ਕੁਦਰਤ ਉੱਲਾ ਦੋ ਸਾਲਾਂ ਦਾ। ਛੋਟਾ ਕਰਾਮਤ ਉੱਲਾ ਨੌਂ ਮਹੀਨੇ ਦਾ। ਦੋਵੇਂ ਮੁਸਲਮਾਨ ਨੇ। ਅਸੀਂ ਚਾਰੇ ਮੁਸਲਮਾਨ ਹਾਂ। ਇਹਦੀ ਨਹਿਰੂ-ਅਲੀ ਦੇ ਹੁਕਮਾਂ ਮੋਹਰੇ ਇੱਕ ਨਾ ਚੱਲੀ। ਸੱਭ ਮਿੰਨਤਾਂ ਤਰਲ਼ੇ ਬੇਅਸਰ। ਬੇਕਾਰ। ਅਗਲਿਆਂ ਰੋਂਦੀ-ਕੁਰਲਾਉਂਦੀ ਮਾਂ 1954 ਚ ਕਸ਼ਮੀਰੋਂ ਚੱਕ ਕੇ, ਧੱਕੇ ਨਾਲ ਬੰਬੇ ਜਾ ਸੁੱਟੀ। ਮਾਂ-ਬਾਪ ਕੋਲ। ਘਰਦਿਆਂ ਕਿਸੇ ਤਰ੍ਹਾਂ ਔਖੀ ਸੌਖੀ ਕਬੂਲ ਤਾਂ ਲਈ ਪਰ ਇਹਦੇ ਢਿੱਡ ਦਾ ਦੁੱਖ ਕਿਸੇ ਨਾ ਪੁੱਛਿਆ। ਉਹ ਤਾਂ ਇਹਨੂੰ ਮਰੀ ਮੁੱਕੀ ਸਮਝਦੇ ਰਹੇ ਸੀ। ਫਿਰ ਇਹਦਾ ਅਨੰਦ ਕਾਰਜ ਪੜ੍ਹਾ ਦਿੱਤਾ- ਕਿਸੇ ਕੌਰ ਸਿੰਘ ਨਾਂ ਦੇ ਬੰਦੇ ਨਾਲ। ਵਾਹ ਕਿਸਮਤ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲ਼ੀਆ। ਮੰਦੇ ਭਾਗੀਂ ਵਿਚਾਰੀ ਦੀ ਕੁੱਖ ਅਜੇ ਫੁੱਟੀ ਵੀ ਨਹੀਂ ਸੀ ਕਿ ਇਹਦਾ ਕੌਰ ਸਿਓਂ ਵੀ ਛੇਤੀ ਚਲਾਣੇ ਕਰ ਗਿਆ।

ਹੁਣ ਹਰਬੰਸ ਕੌਰ ਕਰਦੀ ਤਾਂ ਕੀ ਕਰਦੀ। ਇਹਦੀ ਪੁੱਤਾਂ ਨੂੰ ਮਿਲਣ ਦੀ ਆਸ ਸੁੱਕੀ ਨਹੀਂ ਸੀ। ਇਹ ਗੁਰਦੁਆਰਿਆਂ 'ਚ ਸਾਲੋ-ਸਾਲ ਬੰਬਈਓਂ ਪਾਕਿਸਤਾਨ ਨੂੰ ਜਾਂਦੀ ਰਹੀ। ਗੁਰਧਾਮਾਂ ਦੇ ਦਰਸ਼ਣਾਂ ਨੂੰ। ਇਹਨੇ ਜਦੋਂ ਵੀ ਪਾਕਿਸਤਾਨ ਜਾਣਾ, ਇਹਦੀ ਤਾਰ ਤਾਂ ਪੁੱਤਾਂ 'ਚ ਹੀ ਵੱਜਦੀ ਰਹਿੰਦੀ ਸੀ। ਹਰ ਵਾਰੀ ਅਰਦਾਸ ਕਰਨੀ: ਹੇ ਸੱਚਿਆ ਪਾਤਸ਼ਾਹ, ਓਨਾ ਚਿਰ ਮੇਰੇ ਸੁਆਸ ਨਾ ਕੱਢੀਂ, ਜਿੰਨਾ ਚਿਰ ਮੈਂ ਨੌਂ ਮਹੀਨੇ ਦਾ ਦੁੱਧ ਚੁੰਘਦਾ ਛੱਡਿਆ ਬੱਚਾ ਮੁੜ ਨਾ ਦੇਖ ਲਵਾਂ। ਇਹ ਮੁੜ ਮੁੜ ਪਾਕਿਸਤਾਨ ਨੂੰ ਏਸੇ ਆਸ ਨਾਲ ਹੀ ਆਉਂਦੀ ਰਹੀ।

2005 'ਚ ਕਸ਼ਮੀਰ ਚ ਭੂਚਾਲ ਆਇਆ ਤਾਂ ਦੁਖੀ ਮਾਂ ਦਾ ਮਨ ਹੋਰ ਤੜਪਿਆ। ਅਰਦਾਸਾਂ ਬੇਨਤੀਆਂ ਕੀਤੀਆਂ: ਹੇ



ਵਾਹਿਗੁਰੂ, ਭੁਚਾਲ ਆਇਆ ਹੈ, ਮੇਰੇ ਜਿਗਰ ਦੇ ਟੋਟੇ ਠੀਕ-ਠਾਕ ਹੋਣ। ਕਰਾਮਤ ਉੱਲਾ ਤੇ ਕੁਦਰਤ ਉੱਲਾ। ਉਨ੍ਹਾਂ 'ਤੇ ਮਿਹਰ ਦਾ ਹੱਥ ਰੱਖੀਂ; ਤੱਤੀਆਂ 'ਤੋਂ ਬਚਾ ਕੇ ਰੱਖੀਂ। ਓਸੇ ਸਾਲ ਮਾਈ ਫਿਰ ਪੰਜਾ ਸਾਹਿਬ ਚਲੇ ਗਈ। ਇਹਦਾ ਮਨ ਜਰੂਰ ਇਹਨੂੰ ਕੁਛ ਦੱਸਦਾ ਹੋਣਾ। ਪਤਾ ਕੱਢਣ ਦੀ ਕੋਸਿਸ਼ ਕੀਤੀ। ਕੋਈ ਪਤਾ ਨਾ ਲੱਗਾ। ਮੇਲ ਫਿਰ ਨਹੀਂ ਹੋਇਆ। ਵਾਪਿਸ ਮੁੜ ਗਈ ਹੋਰ ਦੁਖੀ ਹੋ ਕੇ।

ਫਿਰ ਵਿਸਾਖੀ 'ਤੇ ਪੰਜਾ ਸਾਹਿਬ ਮੇਲੇ ਗਈ। ਪਹਿਲਾਂ ਵਾਂਗ ਹੀ ਪੁੱਛਿਆ ਕਰੇ: ਭਾਈ ਕੋਈ ਮੁਜ਼ੱਫਰਾਬਾਦ ਦਾ ਵੀ ਹੈ। ਅਖ਼ੀਰ ਕਿਸੇ ਦੇ ਮੋਢੇ ਤੇ ਬੈਜ ਲੱਗਾ ਦੇਖ ਕੇ ਪੁਛਿਆ: ਕਾਕਾ ਤੂੰ ਸੱਚੀਂ ਮੁਜ਼ੱਫਰਾਬਾਦ ਦਾ ਏਂ। ਮੇਰੇ ਦੋ ਬੱਚੇ ਉੱਥੇ ਰਹਿ ਗਏ ਸੀ- ਕੁਦਰਤ ਉੱਲਾ ਤੇ ਕਰਾਮਤ ਉੱਲਾ। ਸੁਣਨ ਵਾਲਾ ਹੈਰਾਨ ਪ੍ਰੇਸ਼ਾਨ। ਹਰਬੰਸ ਕੌਰ ਨੂੰ ਝੱਲੀ ਸਮਝੇ। ਕੋਈ ਸਿੱਖ ਮਾਈ ਦੱਸ ਰਹੀ ਸੀ ਕਿ ਓਹਦੇ ਦੋ ਪੁੱਤ ਮੁਸਲਮਾਨ ਸੀ। ਮਾਤਾ ਆਵਦਾ ਦੁੱਖ ਫਰੋਲ਼ਦੀ ਗਈ। ਸਾਰੀ ਦੀ ਸਾਰੀ ਉਧੜ ਗਈ। ਪੂਰੀ ਕਹਾਣੀ ਕਹਿ ਸੁਣਾਈ। ਸੁਣਨ ਵਾਲੇ ਦਾ ਮਨ ਵੀ ਪਸੀਜਆ ਗਿਆ। ਇਹਦੇ ਮਨ ਮਿਹਰ ਪੈ ਗਈ।

ਮਾਈ ਜਾਂਦੀ ਹੋਈ ਫ਼ੌਜੀ ਮੀਏਂ ਤੇ ਪੁੱਤਾਂ ਦੀ ਫੋਟੋ ਦੇ ਗਈ। ਉਹ ਫੋਟੋ ਕਿਸੇ ਮਿਹਰਬਾਨ ਪ੍ਰੋਫੈਸਰ ਕੋਲ ਪਹੁੰਚ ਗਈ। ਇਹਨੇ 2006 ਵਿਚ ਮਾਈ ਦੇ ਪੁੱਤਾਂ ਦੀ ਸੂਹ ਕੱਢ ਲਈ। ਫਿਰ ਬੀਬੀ ਨੂੰ ਹੌਂਸਲਾ ਦਿੱਤਾ। ਟੈਲੀਫੂਨ 'ਤੇ ਦੱਸਿਆ: ਮਾਈ ਤੇਰੇ ਪੁੱਤ ਮਿਲ ਗਏ। ਠੀਕ-ਠਾਕ ਨੇ। ਮਾਂ-ਪੁੱਤਾਂ ਦੀਆਂ ਟੈਲੀਫੂਨ 'ਤੇ ਗੱਲਾਂ ਬਾਤਾਂ ਹੋਣ ਲੱਗ ਪਈਆਂ। ਮਾਂ ਦੀ ਲੰਮੀ ਆਸ ਨੂੰ ਬੂਰ ਪੈ ਗਿਆ ਸੀ।

ਮਾਂ ਫਿਰ ਪਾਕਿਸਤਾਨ ਆਈ। ਕਸ਼ਮੀਰ ਗਈ, ਪੁੱਤ-ਪੋਤਿਆਂ ਕੋਲ। ਜਦੋਂ ਮਾਈ ਪੁੱਤਾਂ ਨੂੰ ਮਿਲ਼ੀ ਤਾਂ ਵਿਛੋੜੇ ਨੂੰ ਬਵੰਜਾ ਸਾਲ ਹੋ ਗਏ ਸੀ; ਕੁਦਰਤ ਤੇ ਕਰਾਮਤ ਤਾਂ ਆਪ ਬਜ਼ੁਰਗ਼ੀ ਚ ਪੈਰ ਧਰ ਗਏ ਸੀ। ਸੋਟੀ ਨਾਲ ਮਸਾਂ ਤੁਰਦੀ ਮਾਈ, ਪੁੱਤਰਾਂ ਨੂੰ ਦੇਖ ਕੇ ਸੋਟੀ ਸੁੱਟ ਕੇ ਨੱਠ ਪਈ। ਜੱਫੀਆਂ ਭਰ ਲਈਆਂ। ਪੁੱਤਾਂ ਨੂੰ ਕ਼ਲਾਵੇ ਚ ਲੈ ਕੇ ਮਾਂ ਪਰਲ-ਪਰਲ ਰੋਵੇ। ਮੱਥੇ ਚੁੰਮੇ। ਮੂੰਹਾਂ ਤੇ ਹੱਥ ਫੇਰੇ। ਸਾਰਾ ਮਾਹੌਲ ਸੋਗਵਾਰ ਸੀ। ਸਰਕਾਰ ਨੇ ਮਾਂ ਨੂੰ ਤਿੰਨ ਮਹੀਨੇ ਪਾਕਿਸਤਾਨ ਰਹਿਣ ਦੀ ਮੰਨਜ਼ੂਰੀ ਦਿੱਤੀ। ਮਾਂ ਢਿੱਡੋਂ ਜਾਏ ਪੁੱਤਾਂ ਨੂੰ ਵੀ ਕੋਲ ਰੱਖਣਾ ਚਾਹੁੰਦੀ ਹੈ ਤੇ ਪੁੱਤਾਂ ਵਰਗੇ ਭਤੀਜਿਆਂ ਨੂੰ ਵੀ ਨਹੀਂ ਛੱਡਣਾ ਚਾਹੁੰਦੀ। ਸਰਕਾਰਾਂ ਨੂੰ ਇਹ ਮਨਜ਼ੂਰ ਨਹੀਂ। ਇਹਦੇ ਕੋਲ ਪਾਸਪੋਰਟ ਵੀ ਭਾਰਤੀ ਹੈ। ਮਾਂ ਦਾ ਦਿਲ ਤਾਂ ਜ਼ਰੂਰ ਪੁੱਛਦਾ ਹੋਊ। ਵੰਡੀਆਂ ਮੈਂ ਤਾਂ ਨਹੀਂ ਸੀ ਪਾਈਆਂ। ਤੁਸੀਂ ਮੇਰਾ ਦਿਲ ਕਿਓਂ ਵੰਡਦੇ ਹੋ। ਆਹ ਉਮਰ ਭਲਾ ਕਿਤੇ ਦੁੱਖੜੇ ਸਹਿਣ ਦੀ ਹੁੰਦੀ ਹੈ?

ਕਹਾਣੀ

# ਕਾਲਜਾ ਧਾਫ਼ੜ

ਧੌਲਿਆਂ ਦਾ ਜਿਵੇਂ ਜੂਪੇ ਨਾਲ ਕੋਈ ਪੁਰਾਣਾ ਵੈਰ ਸੀ। ਹਲ ਜਿੱਡਾ ਮੋਚਨਾ ਲੈ ਕੇ ਉਹ ਧੌਲਿਆਂ ਨੂੰ ਘਾਹ ਵਾਂਗੂੰ ਦਾਹੜੀ 'ਚੋਂ ਪੱਟਦਾ। ਪਰ ਉਹ ਤੀਜੇ ਦਿਨ ਹੀ ਖੁੰਬਾਂ ਵਾਂਗੂੰ ਫਿਰ ਉਗ ਪੈਂਦੇ। ਜਿਵੇਂ ਧੌਲੇ ਉਸ ਨਾਲ ਕੋਈ ਖੁੰਧਕ ਰੱਖਦੇ ਸਨ। ਜਿਵੇਂ ਕੋਈ ਆਹਮੋਂ-ਸਾਹਮਣੇਂ ਮੁਕਾਬਲਾ ਸੀ। ਧੌਲੇ ਉਸ ਨੂੰ ਸ਼ਰੀਕਾਂ ਵਾਂਗ ਵੰਗਾਰਦੇ ਸਨ।

ਅੱਖ ਵਿਚ ਮਾਮੂਲੀ 'ਭੈਂਗ' ਹੋਣ ਕਾਰਨ ਲੋਕ ਉਸ ਨੂੰ 'ਜੂਪਾ ਕਾਣਾ' ਆਖ ਕੇ ਬੁਲਾਉਣ ਲੱਗ ਪਏ ਸਨ। ਹਾਣ ਦੇ ਉਸ ਨੂੰ 'ਕਮੰਡਲਾ' ਆਖਦੇ। ਜੂਪਾ ਕੋਈ ਬਹੁਤੀ ਉਮਰ ਦਾ ਨਹੀਂ ਸੀ। ਅਠਾਈ ਕੁ ਸਾਲ ਦਾ ਮੁੰਡਾ ਸੀ। ਖੇਤੀ ਦੇ ਕੰਮ-ਕਾਰ ਨੂੰ ਵੀ ਸੀਟੀ 'ਤੇ ਉਡਦਾ ਸੀ। ਕੰਮ ਦੇ ਉਹ ਅੱਠੇ ਪਹਿਰ ਗੇੜੇ ਖੁਆਈ ਰੱਖਦਾ। ਪੜ੍ਹਾਈ ਵਿਚ ਜੂਪਾ ਬਿਲਕੁਲ ਹੀ ਮੱਠਾ ਸੀ। ਔਖੇ-ਸੌਖੇ ਦਸ ਜਮਾਤਾਂ ਕਰਵਾ ਕੇ ਬਾਪੂ ਨੇ ਖੇਤ ਦੀ ਪੰਜਾਲੀ ਹੇਠ ਦੇ ਲਿਆ। ਅਠਾਈ ਸਾਲ ਦੀ ਉਮਰ ਵਿਚ ਹੀ ਜੂਪੇ ਦੇ ਧੌਲੇ ਆਉਣ ਲੱਗ ਪਏ। ਆਂਢ-ਗੁਆਂਢ ਦੀਆਂ ਬੁੜ੍ਹੀਆਂ ਦੱਸਦੀਆਂ ਹੁੰਦੀਆਂ, ਕਿ ਉਸ ਦਾ ਪਿਉ ਤੀਹਾਂ ਸਾਲਾਂ ਦਾ ਹੀ ਬੱਗਾ ਕੁੱਕੜ ਹੋ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: +44-78533-17891**

ਗਿਆ ਸੀ। ਪਰ ਜੂਪਾ ਤਾਂ ਮੋਰ ਬਣਿਆ ਹੀ ਰਹਿਣਾ ਚਾਹੁੰਦਾ ਸੀ। ਜਿਸ ਕਰਕੇ ਉਹ ਸ਼ੀਸ਼ਾ-ਮੋਚਨਾ ਲੈ ਕੇ ਹਰ ਤੀਜੇ ਦਿਨ ਕਰੜੀ ਝੁੱਟੀ ਧੌਲਿਆਂ 'ਤੇ ਲਾਉਂਦਾ। ਜਾੜ੍ਹ ਘੁੱਟ, ਕਸੀਸ ਵੱਟ ਕੇ ਧੌਲੇ ਜੜ੍ਹਾਂ 'ਚੋਂ ਧੂੰਹਦਾ। ਪਰ ਤੀਜੇ ਦਿਨ ਉਹ ਹੀ ਬੈਂਹਾਂ ਅਤੇ ਉਹ ਹੀ ਕੁਹਾੜੀ ਹੁੰਦੀ। ਧੌਲੇ ਦੁਸ਼ਮਣਾਂ ਵਾਂਗ ਫਿਰ ਖੜ੍ਹੇ ਹੁੰਦੇ!

ਜੂਪੇ ਦਾ ਵੱਡਾ ਭਰਾ ਇੰਡੀਆ ਅਤੇ ਭੈਣ ਆਸਟਰੀਆ ਵਿਆਹੀ ਹੋਈ, ਰੰਗੀਂ ਵਸਦੀ ਸੀ। ਜੂਪਾ ਬੜਾ ਘਤਿੱਤੀ ਸੀ। ਜਦ ਉਹ ਸ਼ਾਮ ਨੂੰ ਖੇਤੋਂ ਘਰ ਆਉਂਦਾ ਤਾਂ ਭਰਜਾਈ ਕੰਧੋਲੀ ਓਹਲੇ ਰੋਟੀ ਪਕਾ ਰਹੀ ਹੁੰਦੀ। ਉਹ ਕੰਧੋਲੀ ਦੇ ਲਾਗੇ ਇਕ ਖੂੰਜੇ ਬਾਲਟੀ ਰੱਖ, ਨਹਾਉਣ ਲੱਗ ਜਾਂਦਾ। ਕੰਧੋਲੀ ਦੀ ਮੋਰੀ ਵਿਚੋਂ ਜੂਪੇ ਨੂੰ ਭਰਜਾਈ ਦਾ ਮੂੰਹ ਸਾਫ਼ ਦਿਸਦਾ। ਚੁੱਲ੍ਹੇ ਦੀ ਅੱਗ ਦੇ ਸਾਹਮਣੇਂ ਭਰਜਾਈ ਦਾ ਦਗ਼ਦਾ ਸੰਧੂਰੀ ਚਿਹਰਾ ਦੇਖ ਕੇ ਜੂਪੇ ਦੇ ਦਿਲੋਂ ਕਸੀਸ ਉਠਦੀ। ਲਾਟ ਨਿਕਲਦੀ। ਪਰ ਉਹ ਬਾਲਟੀ ਵਿਚੋਂ ਪਾਣੀ ਦੇ ਛੋਟੇ-ਛੋਟੇ ਬੁੱਕ ਭਰ-ਭਰ ਪਿੰਡੇ 'ਤੇ ਪਾਉਂਦਾ, ਦਿਲ ਦੀ ਅੱਗ ਬੁਝਾਉਂਦਾ ਰਹਿੰਦਾ। ਪਰ ਭਰਜਾਈ ਉਸ ਵੱਲੋਂ ਬੇਪ੍ਰਵਾਹ ਸੀ। ਉਹ ਜੂਪੇ ਵੱਲ ਕੋਈ ਬਹੁਤਾ ਧਿਆਨ ਨਾ ਦਿੰਦੀ। ਭਰਜਾਈ ਉਸ ਨੂੰ 'ਜੂਪਾ-ਕਮਲਾ' ਆਖਦੀ। ਜੂਪੇ ਨੂੰ ਤਾਂ ਤਖ਼ੱਲਸ ਹੀ ਇਤਨੇ ਮਿਲੇ ਹੋਏ ਸਨ ਕਿ ਕਿਸੇ ਲੇਖਕ ਨੂੰ ਨਸੀਬ ਨਹੀਂ ਹੋਏ ਹੋਣੇ। ਕਦੇ-ਕਦੇ ਜੂਪਾ ਮੱਝ ਦੇ ਨੱਕ 'ਤੇ ਮੁੱਕੀ ਮਾਰ ਕੇ ਭਾਬੀ ਵਿਚ ਦੀ ਗੱਲ ਕੱਢਦਾ:

-'ਤੇਰੀਆਂ ਬਿੰਗੀਆਂ ਜੀਆਂ ਲੱਤਾਂ ਮੈਨੂੰ ਕਦੇ ਬੱਢਣੀਆਂ ਪੈਣਗੀਆਂ, ਮੈਂ ਨਿੱਤ ਕਹਿਨੈਂ ਕਾਹਨੂੰ ਕਾਹਨੂੰ!' ਪਰ ਭਾਬੀ ਦਿਲ ਵਿਚ ਹੀ ਹੱਸ ਛੱਡਦੀ। ਉਸ ਦੇ ਭਾਅ ਦਾ ਤਾਂ ਕੁੱਤਾ ਭੌਂਕਦਾ ਸੀ। ਉਸ ਦੀ ਜਾਣਦੀ ਸੀ ਜੁੱਤੀ!

ਜੂਪੇ ਦੇ ਪਿਉ ਕੋਲ ਦਸ ਕਿੱਲੇ ਜ਼ਮੀਨ ਸੀ। ਦੋ ਕਿੱਲੇ ਜ਼ਮੀਨ ਉਸ ਨੇ ਬੈਅ ਕਰਕੇ ਕੁੜੀ ਆਸਟਰੀਆ ਵਿਚ ਵਸਦੇ ਮੁੰਡੇ ਨਾਲ ਵਿਆਹ ਦਿੱਤੀ। ਬੜਾ ਲੈਣ-ਦੇਣ ਕੀਤਾ ਸੀ। ਘਰ ਫੂਕ ਤਮਾਸ਼ਾ ਦੇਖਿਆ ਸੀ। ਕੁੜੀ ਦੇ ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਨੂੰ ਮੁੰਦਰੀਆਂ ਦੇ ਤੀਰ ਮਾਰ-ਮਾਰ 'ਵਿੰਨ੍ਹ' ਦਿੱਤਾ ਸੀ। ਬੱਲੇ-ਬੱਲੇ ਕਰਵਾਈ ਸੀ। ਰਿਸ਼ਤੇਦਾਰ ਪੂਰੇ ਬਾਗੋ-ਬਾਗ ਸਨ। ਫਿਰ ਦਿੱਲੀਓਂ ਜਹਾਜ ਚੜ੍ਹਦੀ ਕੁੜੀ ਪਿੰਦਰ ਨੂੰ ਬਾਪੂ ਨੇ ਕਿਹਾ ਸੀ:

-'ਦੋ ਕਿੱਲੇ ਫੂਕ ਕੇ ਤੇਰਾ ਵਿਆਹ ਕੀਤੈ ਪਿੰਦਰ-ਰੂਪ ਤਾਂ ਆਪਣਾ ਵਿਆਹਿਆ ਵਰ੍ਹਿਐ-ਪਰ ਤੂੰ ਆਪਣੇ ਜਗਰੂਪ ਬਾਰੇ ਜਰੂਰ ਕੁਛ ਸੋਚੀਂ-ਚਾਹੇ ਕੋਈ ਅੰਨ੍ਹੀਂ-ਕਾਣੀਂ, ਛੱਡੀ-ਛੱਡਾਈ ਭਾਲ ਲਈਂ ਧੀਏ। ਐਥੇ ਚਾਰ ਕਿੱਲਿਆਂ ਦੇ ਮੂੰਹ ਨੂੰ ਇਹਨੂੰ ਕਿਸੇ ਨੇ ਸਕੀ ਧੀ ਨਹੀਂ ਦੇਣੀਂ...ਅੱਜ ਕੱਲ੍ਹ ਜੱਟਾਂ ਦੀ ਨਸੌੜ ਬੜੀ ਉਚੀ ਹੋਈ ਵੀ ਐ...ਤੇਰੀ ਖਾਤਰ ਦੋ ਕਿੱਲਿਆਂ ਨੂੰ ਇਸੇ ਕਰਕੇ ਈ ਲਾਂਬੂ ਲਾਇਆ ਸੀ...ਬਈ ਤੇਰੇ ਨਾਲ ਸਾਡੀ ਜੂਨ ਵੀ ਸੁਧਰਜੂ।'

-'ਉਥੇ ਜਾ ਕੇ ਸਹੁਰਿਆਂ ਦੀ ਹੋ ਕੇ ਨਾ ਬਹਿਜੀਂ-ਸਾਡਾ ਵੀ ਖਿਆਲ ਰੱਖੀਂ।' ਬੇਬੇ ਬੋਲੀ ਸੀ ਅਤੇ ਪਿੰਦਰ ਗੱਲਾਂ ਲੜ ਗੰਢ ਦੇ ਕੇ ਜਹਾਜ ਚੜ੍ਹ ਗਈ ਸੀ।

ਆਸਟਰੀਆ ਜਾ ਕੇ ਕੁੜੀ ਨੂੰ ਸਫ਼ਾਈ ਦਾ ਕੰਮ ਮਿਲ ਗਿਆ। ਪਿੰਦਰ ਦੋ-ਦੋ ਕੰਮ ਕਰਨ ਲੱਗ ਪਈ। ਹਰ ਰੋਜ ਸੋਲਾਂ-ਸੋਲਾਂ ਘੰਟੇ ਕੰਮ ਦੇਹ ਤੋੜ ਕੇ ਕਰਦੀ। ਪਿੰਡ ਪੰਦਰਾਂ-ਪੰਦਰਾਂ ਬੰਦਿਆਂ ਦੀਆਂ ਰੋਟੀਆਂ ਪਕਾ ਕੇ ਖੇਤ ਢੋਂਦੀ ਰਹੀ ਮਿਹਨਤੀ ਕੁੜੀ ਨੇ ਕੰਮ ਵਾਲੇ ਆਹੂ ਲਾਹ ਦਿੱਤੇ ਅਤੇ ਪੈਸਿਆਂ ਦਾ ਮੀਂਹ ਵਰ੍ਹਾ ਦਿੱਤਾ। ਉਹ ਇਕ ਤਰ੍ਹਾਂ ਨਾਲ ਇਕ ਮਸ਼ੀਨ ਬਣ ਗਈ ਸੀ। ਰਾਤ ਨੂੰ ਖ਼ਸਮ ਦੀ ਅਤੇ ਦਿਨੇਂ ਕੰਮ ਦੀ! ਪਿੰਦਰ ਦੇ ਘਰਵਾਲਾ ਲੱਲ੍ਹਾ ਜਿਹਾ, ਸਿੱਧਰਾ ਬੰਦਾ ਸੀ। ਪਿੰਦਰ ਉਸ ਨੂੰ 'ਜੀ' ਕਹਿ ਕੇ ਬੁਲਾਉਂਦੀ ਤਾਂ ਉਹ ਖਿਝ ਕੇ ਆਖਦਾ, 'ਮੈਨੂੰ ਨਾਂ ਲੈ ਕੇ ਬੁਲਾਇਆ ਕਰ!' ਜੇ ਪਿੰਦਰ ਨਾਂ ਲੈ ਕੇ ਬੁਲਾਉਂਦੀ ਤਾਂ ਉਹ ਫਿਰ ਕਹਿੰਦਾ, 'ਤੂੰ ਮੈਨੂੰ 'ਜੀ' ਕਹਿ ਕੇ ਕਿਉਂ ਨਹੀਂ ਬੁਲਾਉਂਦੀ ਭੈਣ ਦੇਣੀਏਂ?' ਉਹ ਦਿਨ ਰਾਤ ਆਪਣੇ ਹੀ ਸਵਿਧਾਨ ਬਦਲਦਾ ਰਹਿੰਦਾ। ਨਾਂ ਉਸ ਦਾ ਲਖਵਿੰਦਰ ਸੀ। ਪਰ ਗੋਰੇ ਉਸ ਨੂੰ 'ਲੱਕੀ' ਆਖ ਕੇ ਬੁਲਾਉਂਦੇ ਅਤੇ ਦੇਸੀ ਭਾਈਬੰਦ 'ਲੱਖੀ ਵਣਜਾਰਾ' ਪੁਕਾਰਦੇ। ਪਿੰਦਰ ਆਪਣੇ ਮਾਂ-ਬਾਪ ਦੀਆਂ ਕਹੀਆਂ ਗੱਲਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ। ਉਸ ਨੇ ਦਿਨ-ਰਾਤ ਜੱਭਲ ਜਿਹੇ ਲੱਖੀ ਨੂੰ ਪਲੋਸੀ ਰੱਖਿਆ ਅਤੇ ਸਾਲ ਪਾ ਕੇ ਮਾਪਿਆਂ ਨਾਲੋਂ ਵੱਖ ਕਰ ਲਿਆ। ਘੋਗੜ ਜਿਹੇ ਲੱਖੀ ਨੇ ਮਾਂ-ਬਾਪ ਨੂੰ ਇਕ ਟੁੱਕ ਵਾਂਗ ਤੋੜ ਕੇ ਪਰ੍ਹੇ ਮਾਰਿਆ ਸੀ:

-'ਭੈਣ ਦਾ ਮਰਾਓ ਤੁਸੀਂ ਟਣਾ...ਅਸੀਂ ਆਪਦਾ ਕੰਮ-ਕਾਰ ਕਰਦੇ ਥੋਡੇ ਛਿੱਤਰ ਕਿਉਂ ਖਾਈਏ? ਤੁਸੀਂ ਤਾਂ ਸਾਂਝੀ ਬੋਤਲ 'ਚੋਂ ਪੇਕ ਵੀ ਨਹੀਂ ਪੀਣ ਦਿੰਦੇ...ਅਖੇ ਪੀ ਕੇ ਕਮਲ ਮਿੱਧੂ-ਹੁਣ ਨਿੱਤ ਪੀਆ ਕਰੂੰ ਤੇ ਨਾਲੇ ਬੁਲਾਇਆ ਕਰੂੰ ਬੱਕਰੇ।'

ਮਾਂ-ਬਾਪ ਘੁੱਟ-ਵੱਟੀ ਚੁੱਪ ਕਰ ਗਏ ਸਨ ਕਿ ਚਤਰ ਨੂੰਹ ਨੇ ਸਿੱਧੜ ਪੁੱਤ ਪਲੋਸ ਕੇ ਤੋੜ ਲਿਆ ਹੈ। ਉਨ੍ਹਾਂ ਨੇ ਸਬਰ ਕਰ ਲਿਆ। ਕੋਈ ਮੰਦਾ ਬਚਨ ਨਾ ਬੋਲਿਆ। ਬੋਲਦੇ ਵੀ ਕਿਵੇਂ? ਲੋਲ੍ਹੜ ਪੁੱਤ ਨੇ ਛਿੱਤਰ ਲਾਹ ਲੈਣਾ ਸੀ। ਆਪਣੀ ਇੱਜ਼ਤ ਆਪਣੇ ਹੱਥ ਦੇਖ ਕੇ ਉਨ੍ਹਾਂ ਲਹੂ ਦਾ ਘੁੱਟ ਭਰ ਲਿਆ। ਕਿਸੇ ਦੀ ਢਾਕ 'ਤੇ ਚੜ੍ਹਿਆ ਬੰਦਾ ਅਤੇ ਅੱਕਿਆ ਬਾਂਦਰ ਵਿਰੋਧੀ ਨੂੰ ਘਰੂਟੀਂ ਪਾੜਦੇ ਹਨ।

ਸ਼ਨਿੱਚਰਵਾਰ ਦਾ ਦਿਨ ਸੀ। ਦੋ ਛੁੱਟੀਆਂ ਸਨ। ਪਿੰਦਰ ਨਿੱਖਰ-ਤਿੱਖਰ ਕੇ ਲੱਖੀ ਦੀ ਬੁੱਕਲ ਵਿਚ ਬੈਠ, ਉਸ ਨੂੰ ਮੰਗ ਮੁਤਾਬਿਕ ਦਾਰੂ ਪਿਆ ਰਹੀ ਸੀ। ਆਸਟਰੀਆ ਦਾ ਉਸ ਨੂੰ ਵਾਹਵਾ 'ਪਾਹ' ਲੱਗ ਗਿਆ ਸੀ। ਹਰ ਕਿਸੇ ਤੋਂ ਚੋਰੀ ਉਸ ਨੇ ਕਾਫ਼ੀ ਪੈਸੇ ਕਾਪੀ ਵਿਚ ਜਮ੍ਹਾਂ ਕਰਵਾਏ ਹੋਏ ਸਨ। ਕਿਸੇ ਨੂੰ ਕੋਈ ਖ਼ਬਰ ਨਹੀਂ ਸੀ।

ਨਸ਼ੇ ਕਾਰਨ ਲੱਖੀ ਬਾਂਦਰ ਵਾਂਗ ਲਾਚੜਿਆ ਬੈਠਾ ਸੀ। ਮੁਰਗੇ ਦੀ ਟੰਗ ਨੂੰ ਉਹ ਇਉਂ ਚੱਬਦਾ ਸੀ, ਜਿਵੇ ਬਲਦ ਕੜਬ ਚੱਬਦੈ। ਖਾਂਦੇ ਦੇ ਬੁੱਲ੍ਹ ਅਤੇ ਜੀਭ ਗਿੱਧਾ ਪਾ ਰਹੇ ਸਨ।

-'ਥੋਨੂੰ ਅੱਜ ਮੈਂ 'ਜੀ' ਕਹਿ ਕੇ ਬੁਲਾਵਾਂ ਜਾਂ ਨਾਂ ਲਵਾਂ?' ਪਿੰਦਰ ਨੇ ਪੈੱਗ ਪੇਸ਼ ਕਰਦਿਆਂ ਪੁੱਛਿਆ।

-'ਅੱਜ ਤੂੰ ਮੈਨੂੰ ਖ਼ਸਮ ਆਖ!' ਮੱਝ ਵਾਂਗ ਉਗਾਲਾ ਜਿਹਾ ਕਰਦੇ ਲੱਖੀ ਨੇ ਮੱਤ ਮੁਤਾਬਿਕ ਗੱਲ ਕੀਤੀ।

-'ਮੇਰੇ ਪਿਆਰੇ-ਪਿਆਰੇ ਖ਼ਸਮ ਜੀ! ਇਕ ਗੱਲ ਆਖਾਂ?' ਪਿੰਦਰ ਉਸ ਦੇ ਬਿਲਕੁਲ ਨਜ਼ਦੀਕ ਹੋ ਗਈ।

- 'ਸੱਤਰ ਆਖ!' ਉਹ ਪਟਿਆਲੇ ਵਾਲਾ ਰਾਜਾ ਬਣਿਆਂ ਬੈਠਾ ਸੀ।

-'ਨਾਂਹ ਤਾਂ ਨਹੀਂ ਕਰਦੇ?'

-'ਮੈਂ ਕਮਲੈਂ? ਤੇਰੀ ਖਾਤਰ ਮੈਂ ਆਬਦਾ ਪਰਿਵਾਰ ਛੱਡਤਾ-ਨਾਂਹ ਕਿਉਂ ਕਰੂੰ?'

-'ਸੋ ਮੇਰੇ ਪਿਆਰੇ ਪਿਆਰੇ ਖ਼ਸਮ ਜੀ-ਆਪਣਾ ਜਗਰੂਪ ਐਥੇ ਆਉਣ ਨੂੰ ਬਾਹਲੇ ਰੱਸੇ ਜਿਹੇ ਤੁੜਾਉਂਦੈ।' ਆਖ ਕੇ ਪਿੰਦਰ ਨੇ ਲੱਖੀ ਦਾ ਜਿੰਨ ਵਰਗਾ ਚਿਹਰਾ ਨਿਰਖਿਆ, ਸਪੀਡ ਪੜ੍ਹੀ।

ਲੱਖੀ ਚੁੱਪ ਹੋ ਗਿਆ। ਪਿੰਦਰ ਨੂੰ ਗੱਲ ਸਿਰੇ ਲੱਗਦੀ ਨਜ਼ਰ ਨਾ ਆਈ। ਖ਼ੀਰ ਵਿਚ ਸੁਆਹ ਪੈਂਦੀ ਲੱਗੀ। ਸਕੀਮ ਫ਼ੇਲ੍ਹ ਹੁੰਦੀ ਜਾਪੀ।

-'ਤੁਸੀਂ ਚੁੱਪ ਜਿਹੇ ਕਰ ਗਏ? ਐਥੇ ਆ ਕੇ ਤਾਂ ਉਹ ਆਪਣੀਂ ਬਾਂਹ ਬਣੂੰ-ਛੇ ਫੁੱਟਾ ਜੁਆਨ ਮੁੰਡੈ।'

-'ਉਥੇ ਭੁੱਖੇ ਮਰਦੇ-ਮਰਦੇ ਐਥੇ ਆ ਕੇ ਰਾਣੀ ਖਾਂ ਦੇ ਸਾਲੇ ਬਣ ਜਾਂਦੇ ਐ-ਰਹਿਣ ਦੇ ਬਾਂਹ ਬਣਾਉਣ ਨੂੰ-ਆਪਾਂ ਕਿਹੜਾ ਕਿਸੇ ਨਾਲ ਜੰਗ ਲੜਨੀ ਐਂ?' ਪਿੰਦਰ ਹੱਦੋਂ ਵੱਧ ਹੈਰਾਨ ਹੋ ਗਈ। ਉਸ ਨੂੰ ਜਾਪਿਆ ਕਿ ਇਹ ਲੱਖੀ ਨਹੀਂ, ਕੋਈ ਬਜ਼ੁਰਗ ਅੰਦਰੋਂ ਬੋਲ ਰਿਹਾ ਸੀ।

-'ਸਾਲਾ ਤਾਂ ਉਹਨੇ ਥੋਡਾ ਈ ਰਹਿਣੈਂ-ਬਰਾਬਰ ਕੰਮ ਕਰੂ-ਆਪਾਂ ਮਕਾਨ ਦਾ ਕਰਜਾ ਲਾਹ ਦਿਆਂਗੇ।'

-'ਕਰਜਾ ਲਹਿਜੂ ਆਪੇ-ਬੇਬੇ ਆਖਦੀ ਹੁੰਦੀ ਸੀ-ਇੱਥੋਂ ਦੀ ਧਰਤੀ ਦਾ ਪਾਣੀ ਈ ਮਾੜੈ-ਬੰਦਾ ਉਹਨੀਂ ਅੱਖੀਂ ਨਹੀਂ ਰਹਿੰਦਾ...ਜਦੋਂ ਚਾਰ ਪੈਸੇ ਕੋਲੇ ਹੋ ਜਾਂਦੇ ਐ...ਮੰਗਵਾਉਣ ਵਾਲਿਆਂ ਨੂੰ ਈ ਮੱਤਾਂ ਦੇਣ ਲੱਗ ਜਾਂਦੇ ਐ ਤੇ ਨਾਲੇ ਕੱਢਦੇ ਐ ਨਿਘੋਚਾਂ!' ਪਿੰਦਰ ਨੇ ਅਜਿਹੀਆਂ ਗੁਣੀਂ-ਗਿਆਨੀ ਗੱਲਾਂ ਆਪਣੇਂ 'ਧੱਤੂ' ਪਤੀ-ਦੇਵ ਦੇ ਮੂੰਹੋਂ ਪਹਿਲੀ ਵਾਰ ਸੁਣੀਆਂ ਸਨ। ਉਸ ਨੇ ਆਪਣਾ ਆਖਰੀ ਅਤੇ ਸਭ ਤੋਂ ਵੱਡਾ ਹਥਿਆਰ ਵਰਤਿਆ। ਲੱਖੀ ਦੇ ਪੱਟਾਂ 'ਤੇ ਸਿਰ ਧਰ ਰੋਣ ਲੱਗ ਪਈ। ਲੱਖੀ ਦਾ ਹਮਦਰਦ ਦਿਲ ਪਿਘਲ ਗਿਆ। ਪਿੰਦਰ ਰੋਂਦੀ ਉਹ ਕਦਾਚਿੱਤ ਜਰ ਨਹੀਂ ਸਕਦਾ ਸੀ।

-'ਉਠ-ਚੁੱਪ ਕਰ-ਮੈਨੂੰ ਦੁਖੀ ਨਾ ਕਰ-ਜਿਵੇਂ ਕਹੇਂ ਕਰਲਾਂਗੇ।' ਉਹ ਬੋਲਿਆ। ਪਿੰਦਰ ਉਸ ਦੇ ਗਲ ਨੂੰ ਸੱਪ ਵਾਂਗ ਵਲੇਂਵਾਂ ਮਾਰ ਹੋਰ ਉਚੀ ਡੁਸਕਣ ਲੱਗ ਪਈ। ਲੱਖੀ ਨੇ ਮੱਝ ਦੀ ਜੀਭ ਵਰਗੀ ਜੀਭ ਉਸ ਦੀ ਧੌਣ 'ਤੇ ਫੇਰੀ। ਕਾਲੇ ਨਾਗ ਵਰਗੀ ਜੀਭ ਬੜੀ ਫੁਰਤੀ ਨਾਲ ਫਿਰ ਅੰਦਰ ਚਲੀ ਗਈ।

-'ਬੱਸ ਵੀ ਕਰ ਬੇਬੇ ਮੇਰੀਏ! ਉਠ ਪੇਕ ਪਾ ਕੇ ਦੇਹ...ਸਾਲਿਆਂ ਦੀ ਨੇ ਨਸ਼ਾ ਈ ਖੋਟਾ ਕਰ'ਤਾ।' 'ਬੇਬੇ' ਸੁਣ ਕੇ ਪਿੰਦਰ ਨੂੰ ਖੁਸ਼ੀ ਹੋਈ ਕਿ ਇਹ ਤਾਂ ਲੱਖੀ ਹੀ ਬੋਲ ਰਿਹਾ ਸੀ! ਘਰਵਾਲੀ ਨੂੰ ਬੇਬੇ ਆਖਣ ਵਾਲਾ ਲੱਖੀ ਤੋਂ ਬਿਨਾ ਹੋਰ ਹੋ ਕੌਣ ਸਕਦਾ ਸੀ? ਉਸ ਦੇ ਦਿਲ ਨੂੰ ਪੂਰਾ ਧਰਵਾਸ ਹੋ ਗਿਆ। ਅੱਖਾਂ ਅਤੇ ਨੱਕ ਪੂੰਝਦੀ ਪਿੰਦਰ ਨੇ ਲੱਖੀ ਨੂੰ ਦਾਰੂ ਦਾ ਗਿਲਾਸ ਭਰ ਦਿੱਤਾ।

-''ਇਕ ਗੱਲ ਐ-।' ਉਸ ਨੇ ਗਿਲਾਸ ਖਾਲੀ ਕਰਕੇ ਧੁੜਧੜੀ ਲੈਂਦਿਆਂ ਆਖਿਆ।

-'ਬੇਬੇ ਆਖਦੀ ਹੁੰਦੀ ਸੀ-ਹੱਥਾਂ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਐਂ...ਮੰਗਵਾ ਮੈਂ ਦਿੰਨੈਂ...ਪਰ ਵਰਤਣ ਵੱਲੋਂ ਵੀ ਜਾਵਾਂਗੇ।' ਉਸ ਨੇ ਫਿਰ ਕੰਨ ਕੀਤੇ। ਪਿੰਦਰ ਨੂੰ ਉਸ ਦਾ ਦਿਮਾਗ ਫਿਰ ਟਿਕਾਣੇਂ ਆਇਆ ਜਾਪਿਆ। ਇਹ ਕਿਹੋ ਜਿਹਾ ਦਿਮਾਗ ਸੀ ਬੰਦੇ ਦਾ? ਕਦੇ ਬਹੁਤੀਆਂ ਹੀ ਸਚਿਆਰੀਆਂ ਗੱਲਾਂ ਕਰਨ ਲੱਗ ਪੈਂਦਾ ਸੀ ਅਤੇ ਕਦੇ ਲੰਡਰ ਕੁੱਤੇ ਵਾਂਗ ਵਾਹਣੀਂ ਜਾ ਖੜ੍ਹਦਾ ਸੀ।

-'ਕਿਵੇਂ ਜਾਵਾਂਗੇ ਵਰਤਣ ਵੱਲੋਂ? ਮੈਂ ਕਾਹਦੇ ਆਸਤੇ ਬੈਠੀ ਐਂ? ਮੇਰਾ ਭਰਾ ਅ...ਮਾਰ ਮਾਰ ਛਿੱਤਰ ਸਿਰ ਨਾ ਗੰਜਾ ਕਰਦੂੰ!'

-'ਚਲੋ! ਮੰਨ ਲੈਨੇ ਐਂ...ਪਰ ਮੰਗਵਾਉਣਾ ਸਿਰਫ਼ ਮੈਂ ਤੇਰੇ ਕਰਕੇ ਐ।'




-'ਮੈਂ ਹਿੱਕ ਠੋਕ ਕੇ ਆਖਦੀ ਆਂ...ਜੇ ਥੋਡਾ ਪਾਣੀ ਨਾ ਭਰੇ-ਮੈਨੂੰ ਆਖ ਦਿਓ।' ਉਹ ਅਮਰ ਵੇਲ ਵਾਂਗ ਲੱਖੀ ਦੁਆਲੇ ਲਿਪਟ ਗਈ। ਗੱਲ ਪੱਕੀ ਹੋ ਗਈ।

ਪੂਰਾ ਹਫ਼ਤਾ ਪਿੰਦਰ ਨੇ ਲੱਖੀ ਨੂੰ ਦਾਰੂ ਵਿਚ ਟੂੰਨ ਰੱਖਿਆ। ਫ਼ੈਕਟਰੀ ਵਿਚੋਂ 'ਬਿਮਾਰ ਐ' ਆਖ ਕੇ ਦੋ ਹਫ਼ਤੇ ਦੀ ਛੁੱਟੀ ਦੁਆ ਲਈ। ਦਿਨ ਰਾਤ ਲੱਖੀ ਦੁਆਲੇ ਦਾਰੂ ਦਾ ਗਿਲਾਸ ਗੇੜੀਂ ਪਿਆ ਰਹਿੰਦਾ। ਦਸਾਂ ਦਿਨਾਂ ਦੇ ਵਿਚ-ਵਿਚ ਹੀ ਜੂਪੇ ਕਾਣੇਂ ਦੀ ਟਿਕਟ ਅਤੇ ਰਾਹਦਾਰੀ ਇੰਜ ਪਿੰਡ ਜਾ ਵੱਜੀ, ਜਿਵੇਂ ਮੁੰਡਾ ਹੋਏ ਤੋਂ ਖੁਸਰੇ ਆ ਵੱਜਦੇ ਐ।

ਘਰ ਵਿਚ ਰੌਣਕ ਆ ਗਈ। ਮੂਧਾ ਵੱਜਦਾ ਘਰ ਪੈਰਾਂ 'ਤੇ ਹੁੰਦਾ ਜਾਪਿਆ। ਜੂਪੇ ਕਾਣੇ ਨੇ ਸ਼ੀਸ਼ਾ ਅਤੇ ਮੋਚਨਾ ਨਾਲੀ ਵਿਚ ਵਗਾਹ ਕੇ ਮਾਰਿਆ ਅਤੇ ਗੁਰਮੇਲ ਨਾਈ ਦੀ ਦੁਕਾਨ 'ਤੇ ਜਾ ਖੜ੍ਹਾ।

-'ਬਾਈ, ਦਾੜ੍ਹੀ ਤੇ ਮੁੱਛਾਂ 'ਚੋਂ 'ਕੱਲਾ 'ਕੱਲਾ ਧੌਲਾ ਚੁਗ ਦੇਹ-ਇਕ ਨਾ ਰਹੇ!' ਉਸ ਨੇ ਗੁਰਮੇਲ ਨੂੰ ਅਬਦਾਲੀ ਹੁਕਮ ਕੀਤਾ।

ਗੁਰਮੇਲ ਹੱਸ ਪਿਆ।

-'ਜੂਪਿਆ! ਇਹ ਤਾਂ ਸਾਰੀ ਈ ਬੱਗੀ ਹੋਈ ਪਈ ਐ-ਆਖੇਂ ਤਾਂ ਸਾਰੀ ਦਾੜ੍ਹੀ ਈ ਖਿੱਚ ਦਿੰਨੈਂ ਤੇ ਨਾਲੇ ਧੂਹ ਦਿੰਨੈਂ ਮੁੱਛਾਂ...ਕੰਮ ਨਿੱਬੜੂ!'

-'ਬਾਈ ਗੁਰਮੇਲ! ਬਾਹਰ ਜਾਣੈਂ...ਬੱਸ ਅੱਜ ਐਂ...ਪਤਾ ਨਹੀਂ ਕੱਲ੍ਹ ਐਂ।' ਉਸ ਨੇ ਬਹੁਤ ਧੀਮੀ ਅਵਾਜ਼ ਵਿਚ ਕਿਹਾ।

-'ਫੇਰ ਇਉਂ ਕਰ! ਰਾਤ ਨੂੰ ਆ ਜਾਈਂ...ਇਹਦੇ 'ਤੇ ਦੁਆਈ ਲਾ ਦਿਆਂਗ...ਨਾਲੇ ਪਾਲਟੀ ਦੀ ਬੋਤਲ ਫੜੀ ਆਈਂ...ਰੰਗ ਵਾਹਵਾ ਚੜੂ।' ਗੁਰਮੇਲ ਬੋਲਿਆ।

ਰਾਤ ਨੂੰ ਮੁਫ਼ਤੀ ਦੀ ਰੂੜੀ-ਮਾਰਕਾ ਪੀ ਕੇ ਗੁਰਮੇਲ ਨੇ ਜੂਪੇ ਕਾਣੇਂ ਨੂੰ ਬਲੀ ਦੇਣ ਵਾਲੇ ਮੁਰਗੇ ਵਰਗਾ ਬਣਾ ਦਿੱਤਾ। ਸਿਰ ਦੇ ਝਾਫ਼ੇ ਵਰਗੇ ਵਾਲ ਵੀ ਰੰਗ ਦਿੱਤੇ।

ਅੰਬੈਸੀ ਦੀ ਕਾਰਵਾਈ ਤੋਂ ਬਾਅਦ ਜੂਪਾ ਆਸਟਰੀਆ ਨੂੰ ਪੰਦਰਾਂ ਦਿਨਾਂ ਦੇ ਵਿਚ ਹੀ ਉਡਾਰੀ ਮਾਰ ਗਿਆ। ਲੱਖੀ ਨੇ ਖੁਸ਼ੀ ਕੀਤੀ। ਪਿੰਦਰ ਦਾ ਕਾਰਜ ਰਾਸ ਆ ਗਿਆ। ਲੋੜੀਂਦੀਆਂ ਕਾਰਵਾਈਆਂ ਕਰਦਿਆਂ ਜੂਪਾ ਕਾਣਾ, ਜਗਰੂਪ ਸਿੰਘ ਸੰਧੂ ਬਣ ਗਿਆ। ਵੀਜ਼ਾ 'ਐੱਕਸਟੈਂਡ' ਹੋਣ ਤੋਂ ਬਾਅਦ ਪਿੰਦਰ ਨੇ ਉਸ ਨੂੰ ਆਪਣੇ ਨਾਲ ਹੀ ਕੰਮ 'ਤੇ ਰਖਵਾ ਲਿਆ। ਡਿਊਟੀ ਮੈਨੇਜਰ ਨਾਲ ਉਹ ਪਹਿਲਾਂ ਤੋਂ ਹੀ ਅੱਖ-ਮਟੱਕਾ ਕਰਦੀ-ਕਰਦੀ, ਇਕ ਦਿਨ ਸ਼ਰੇਆਮ ਹੀ 'ਨਿਲਾਮ' ਹੋ ਗਈ ਸੀ! ਮੈਨੇਜਰ ਪਿੰਦਰ ਦੀ ਆਪਣੇ ਨਾਲ ਹੀ ਡਿਊਟੀ ਲਾਉਂਦਾ ਸੀ। ਜਦ ਦਿਲ ਕਰਦਾ ਉਹ ਪਿੰਦਰ ਨੂੰ ਬੈਕ-ਆਫ਼ਿਸ ਵਿਚ ਲੈ ਵੜਦਾ। ਇਕ ਸਿੱਧੀ-ਸਾਦੀ ਪੇਂਡੂ ਕੁੜੀ ਯੂਰਪ ਦਾ ਪਾਣੀ ਪੀ ਕੇ 'ਘਾਗ' ਔਰਤ ਬਣ ਗਈ ਸੀ। ਸਮਾਂ ਆਦਮੀ ਨੂੰ ਤੁਰਨਾ ਸਿਖਾਉਂਦਾ ਹੈ...ਪਰ ਲੱਖੀ ਨੂੰ ਇਸ ਦੀ ਕੋਈ ਖ਼ਬਰ ਨਹੀਂ ਸੀ। ਟੈਂਕ ਜਿੱਡਾ ਗੋਰਾ ਮੈਨੇਜਰ ਪਿੰਦਰ ਨੂੰ ਹਰ ਰੋਜ ਘੰਟਾ-ਘੰਟਾ ਰੂੰ ਵਾਂਗ ਪਿੰਜਦਾ। ਪਿੰਦਰ ਦਾ ਕੰਮ ਹੋਰ ਔਰਤਾਂ ਕਰਦੀਆਂ। ਬੋਲਦੀ ਕੋਈ ਵੀ ਨਾ। ਮੈਨੇਜਰ ਨਾਲ ਦੁਸ਼ਮਣੀਂ, ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਦੁਸ਼ਮਣੀ ਪਾਉਣ ਬਰਾਬਰ ਸੀ। ਨੌਕਰੀ ਜਾਣ ਦਾ ਖ਼ਤਰਾ ਸੀ। ਪਿੰਦਰ ਹੁਣ ਇਕ ਤਰ੍ਹਾਂ ਨਾਲ ਮੈਨੇਜਰ ਦੀ ਕਾਮੀ ਨਹੀਂ, 'ਰਖੇਲ' ਬਣ ਕੇ ਰਹਿ ਗਈ ਸੀ।

ਜਗਰੂਪ ਨੂੰ ਪਿੰਦਰ ਲੱਖੀ ਦੇ ਖ਼ਿਲਾਫ਼ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਾ ਕੇ ਰੇਤਦੀ ਰਹਿੰਦੀ। ਅੱਗਿਓਂ ਜਗਰੂਪ ਵੀ ਪੂਰਾ ਲਾਈਲੱਗ ਬੰਦਾ ਸੀ। ਪਿੰਦਰ ਦੀ ਪੈੜ ਵਿਚ ਪੈਰ ਧਰਦਾ, ਲੱਖੀ ਦੀ ਹਰ ਗੱਲ ਵੱਢਵੀਂ ਕਰਨ ਲੱਗ ਪਿਆ। ਦਾੜ੍ਹੀ-ਮੁੱਛਾਂ ਰਗੜ ਕੇ ਮੂੰਹ ਖੁਸਰੇ ਦੀ ਅੱਡੀ ਵਰਗਾ ਕੱਢ ਲਿਆ ਸੀ...ਨਾ ਚੋਰ ਲੱਗੇ ਨਾ ਕੁੱਤੀ ਭੌਂਕੇ! ਧੌਲੇ ਪੱਟਣ ਜਾਂ ਕਾਲੇ ਕਰਨ ਦਾ ਯੱਭ ਹੀ ਨਬੇੜ ਧਰਿਆ ਸੀ। ਲੱਖੀ ਦੀ ਲਿਆਂਦੀ ਬੋਤਲ ਜੂਪਾ ਚਾਰ ਪੈੱਗਾਂ ਵਿਚ ਹੀ ਜੜ੍ਹੀਂ ਲਾ ਦਿੰਦਾ। ਜਦੋਂ ਲੱਖੀ ਕੰਮ ਤੋਂ ਆਉਂਦਾ, ਥਕੇਵਾਂ ਲਾਹੁਣ ਵਾਸਤੇ ਬੋਤਲ ਨੂੰ ਅਹੁਲਦਾ ਤਾਂ ਖਾਲੀ ਬੋਤਲ ਦੇਖ ਕੇ ਪਿਆਸੇ ਕਾਂ ਵਾਂਗ ਝਾਕਦਾ। ਕਰ ਉਹ ਕੁਝ ਵੀ ਨਹੀਂ ਸਕਦਾ ਸੀ। ਅੰਦਰੋ-ਅੰਦਰੀ ਕੋਲੇ ਵਾਂਗ ਧੁਖਦਾ ਰਹਿੰਦਾ। ਇਕ ਦਿਨ ਲੱਖੀ ਬਾਹਰੋਂ ਹੀ ਪੀ ਕੇ ਆ ਗਿਆ। ਕਿਚਨ ਵਿਚ ਜਾ ਕੇ ਉਸ ਨੇ ਬੋਤਲ ਦੇਖੀ ਤਾਂ ਬੋਤਲ ਛੜੇ ਦੇ ਚੁੱਲ੍ਹੇ ਵਾਂਗ ਖਾਲੀ-ਖਾਲੀ ਝਾਕ ਰਹੀ ਸੀ। ਲੱਖੀ ਨੂੰ ਚੇਹ ਚੜ੍ਹ ਗਈ। ਉਸ ਨੇ ਕੌੜ ਬੋਤੇ ਵਾਂਗ ਦੰਦ ਪੀਹੇ। ਜਗਰੂਪ ਡਰਾਇੰਗ-ਰੂਮ ਵਿਚ 'ਬਾਬੂ' ਬਣਿਆਂ ਬੈਠਾ ਸੀ। ਲੱਖੀ ਨੂੰ ਹੋਰ ਕਰੋਧ ਚੜ੍ਹ ਗਿਆ।

-'ਗੱਲ ਸੁਣ ਉਏ ਸਾਲਿਆ ਲੇਡਿਆ ਜਿਆ!' ਉਹ ਸਾਹਨ ਵਾਂਗ ਭੂਸਰਿਆ ਜੂਪੇ ਮੂਹਰੇ ਜਾ ਖੜ੍ਹਿਆ।

-'ਖਾਣ ਦਾ ਤੈਥੋਂ ਕੋਈ ਖਰਚਾ ਨਹੀਂ ਲੈਂਦੇ-ਰਹੀ ਤੂੰ ਮੁਫ਼ਤ ਜਾਨੈਂ-ਤੇ ਸਾਲਿਆ ਉਤੋਂ ਮੇਰੀ ਦਾਰੂ ਵੀ ਸੜ੍ਹਾਕ ਧਰਦੈਂ-ਇਹ ਕੀ ਲੱਛਣ ਫੜਿਐ ਤੂੰ?' ਲੱਖੀ ਚੰਗਿਆੜੇ ਛੱਡੀ ਜਾ ਰਿਹਾ ਸੀ, ਪਰ ਜੂਪਾ ਸ਼ਿਵ ਜੀ ਮਹਾਰਾਜ ਦੇ ਬੁੱਤ ਵਾਂਗੂੰ ਅਹਿਲ ਬੈਠਾ ਰਿਹਾ। ਦਾਰੂ ਦਾ ਨਸ਼ਾ ਉਸ ਦੀਆਂ ਅੱਖਾਂ ਵਿਚ ਕਲੋਲਾਂ ਕਰ ਰਿਹਾ ਸੀ। ਲੱਖੀ ਦੇ ਸਿਰ ਨੂੰ ਹੋਰ ਫ਼ਤੂਰ ਚੜ੍ਹ ਗਿਆ।

-'ਤੂੰ ਬੋਲਦਾ ਨਹੀਂ ਉਏ ਸਾਲਿਆ ਚੱਪਣਾਂ ਜਿਆ? ਚੰਗਾ-ਭਲਾ ਕਮਾਈ ਕਰਦੈਂ...ਆਪ ਦੀ ਲਿਆ ਕੇ ਪੀਆ ਕਰ...ਜੇ ਬੰਦਾ ਕੰਮ ਨਾ ਕਰਦਾ ਹੋਵੇ...ਆਦਮੀ ਤਾਂ ਵੀ ਕਹੇ...ਅੱਗੋਂ ਸਾਲਾ ਗੋਹ-ਗਹੀਰਾ ਬਣਿਆ ਬੈਠੈ ਮੁਫ਼ਤ ਦੀ ਪੀ ਕੇ।'

-'ਇਹ ਤਾਂ ਇਉਂ ਈ ਪੀਊ! ਤੂੰ ਕੌਣ ਹੁੰਨੈਂ ਇਹਨੂੰ ਹਟਾਉਣ ਆਲਾ?' ਉਪਰੋਂ ਪਿੰਦਰ ਨੇ ਅਜ਼ੀਬ ਹੀ ਅਕਾਸ਼ਬਾਣੀ ਕੀਤੀ।

-'ਇਹ ਐਹਨਾਂ ਕੰਜਰਖਾਨਿਆਂ ਨੂੰ ਪੱਲਿਓਂ ਪੈਸੇ ਲਾ ਕੇ ਮੰਗਵਾਇਆ ਸੀ ਕੁੱਤੀਏ ਰੰਨੇ? ਮੈਂ ਇਹਨੂੰ ਆਪਦੇ ਘਰੇ ਈ ਨਹੀਂ ਰੱਖਣਾ...ਚੱਲ ਨਿਕਲ ਬਾਹਰ ਉਏ! ਨਿਕਲ ਮੇਰੇ ਘਰੋਂ ਮੇਰਿਆ ਸਾਲਿਆ ਢੇਡਾ...!'

-'ਤੂੰ ਘਰ ਦਾ ਸਾਲਾ ਲੱਗਦੈਂ? ਘਰ ਮੇਰੇ ਨਾਂ ਐਂ! ਬਾਹਲੀ ਚੀਂ-ਫ਼ੀਂ ਕੀਤੀ-ਪੁਲਸ ਬੁਲਾ ਕੇ ਬਾਹਰ ਵੀ ਮਾਰੂੰ!'

-'ਤੂੰ ਤਾਂ ਭੈਣ ਦੇਣੀਏਂ ਕੁੱਤੀਏ ਕਹਿੰਦੀ ਸੀ, ਇਹ ਟੀਰਾ ਜਿਆ ਆਪਣੀ ਬਾਂਹ ਬਣੂੰ...ਤੁਸੀਂ ਹੁਣ ਦੋਵੇਂ ਭੇਣ-ਭਰਾ ਰਲ ਕੇ ਈ ਮੈਨੂੰ ਫੁੱਦੂ ਬਣਾਉਣ ਲੱਗ ਪਏ?' ਮਗਜ਼ ਨੂੰ ਚੜ੍ਹੀ ਹਨ੍ਹੇਰੀ ਕਾਰਨ ਉਸ ਨੇ ਜੂਪੇ ਦੇ ਥੱਪੜ ਜੜ ਦਿੱਤੇ।

-'ਗਟਰ-ਗਟਰ ਝਾਕੀ ਜਾਨੈਂ ਔਤਾਂ ਦਿਆ...ਸਿੱਟ ਲੈ ਫੜ ਕੇ ਲਹਿ ਜਾਣੇਂ ਨੂੰ!' ਪਿੰਦਰ ਨੇ ਜੂਪੇ ਨੂੰ ਹੱਲਾ-ਸ਼ੇਰੀ ਦਿੱਤੀ। ਜੂਪੇ ਦੀ ਅੱਖ ਦਾ ਭੈਂਗ ਘੁਕਿਆ ਅਤੇ ਉਸ ਨੇ ਚੁੱਕ ਕੇ ਲੱਖੀ ਨੂੰ ਚਰ੍ਹੀ ਦੀ ਪੂਲੀ ਵਾਂਗ ਥੱਲੇ ਧਰ ਲਿਆ ਅਤੇ ਉਸ ਦੇ ਕੰਨ ਮਸਲ ਧਰੇ। ਸ਼ਰਾਬੀ ਲੱਖੀ ਕਤੂਰੇ ਵਾਂਗ ਮਧੋਲਿਆ ਗਿਆ। ਜਦੋਂ ਦੁਰਮਟ ਵਰਗੇ ਜੂਪੇ ਨੇ ਉਸ ਨੂੰ ਛੱਡਿਆ ਤਾਂ ਉਸ ਨੇ ਹਾਰੇ ਕੁੱਕੜ ਵਾਂਗ ਖੰਭ ਜਿਹੇ ਝਾੜੇ।

-'ਇਕ ਗੱਲ ਸੁਣ ਲੈ ਮੇਰੀ ਕੰਨ ਖੋਲ੍ਹ ਕੇ...!' ਪਿੰਦਰ ਨੇ ਉਸ ਨੂੰ ਹਦਾਇਤ ਕੀਤੀ। ਡਰਾਇਆ।

-'ਦਿਨ ਕਟੀ ਕਰਨੀ ਐਂ ਤਾਂ ਚੁੱਪ-ਚਾਪ ਕਰੀ ਚੱਲ-ਤੇ ਜੇ ਬਣਿਐਂ ਗਾਜੀਆਣੇਂ ਆਲਾ ਕੁੰਢਾ ਸਿਉਂ...ਫੇਰ ਨਿੱਤ ਇਉਂ ਈ ਛਿੱਤਰ ਖਾਇਆ ਕਰੇਂਗਾ...ਪੁਲਸ ਨੂੰ ਫ਼ੋਨ ਕਰਕੇ ਘਰੋਂ ਦਿਊਂ ਕਢਵਾ ਤੇ ਇੰਡੀਆ ਤੋਂ ਨਵਾਂ ਖ਼ਸਮ ਵਿਆਹ ਕੇ ਲਿਆਊਂਗੀ...ਬਥੇਰ੍ਹੀਆਂ ਚੱਟ ਲਈਆਂ ਤੇਰੀਆਂ ਲਾਲਾਂ ਮੈਂ!' ਪਿੰਦਰ ਨੇ ਇੱਕੋ ਸਾਹ ਬੋਲਾਂ ਦੀਆਂ ਕਈ ਬਰਛੀਆਂ ਉਸ ਦੇ ਸੀਨੇ 'ਚ ਮਾਰੀਆਂ। ਲੱਖੀ ਨੇ ਉਠ ਕੇ ਰਹਿੰਦੀ ਬੋਤਲ ਸੂਤ ਧਰੀ ਅਤੇ ਉਪਰ ਜਾ ਕੇ ਬੈੱਡ-ਰੂਮ ਵਿਚ ਚੁੱਪ-ਚਾਪ ਪੈ ਗਿਆ...ਸੀਲ ਗਊ ਵਾਂਗ। ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਪਿੰਦਰ ਨੇ ਬੈੱਡ ਆਪਣੇ ਭਰਾ ਕੋਲ ਹੀ ਡਾਹ ਲਿਆ। ਲੱਖੀ ਕੌਡੀਓਂ ਖੋਟਾ ਹੋ ਗਿਆ। ਅਗਲੀ ਸਵੇਰ ਉਠ ਕੇ ਉਹ ਮਾਂ-ਬਾਪ ਕੋਲ ਚਲਾ ਗਿਆ ਅਤੇ ਬੇਬੇ ਦੇ ਸੀਨੇ ਲੱਗ ਕੇ ਧਾਹ ਮਾਰੀ।

-'ਤੇਰਾ ਲੱਖੀ ਪੱਟਿਆ ਗਿਆ ਬੇਬੇ...!'

-'ਕੋਈ ਨਾ ਪੁੱਤ-ਓਸ ਗੱਲ ਦੇ ਆਖਣ ਮਾਂਗੂੰ...ਜੇ ਬਾਗੀਆਂ ਨੇ ਟਾਹ ਦਿੱਤੀ ਤਾਂ ਮਾਲਕਾਂ ਨੇ ਤਾਂ ਨਹੀਂ ਘਰੋਂ ਕੱਢ ਦੇਣੀਂ...!' ਬੇਬੇ ਨੇ ਆਂਦਰਾਂ ਦੀ ਅੱਗ ਨੂੰ ਦਿਲ ਨਾਲ ਲਾਇਆ ਹੋਇਆ ਸੀ। ਲੱਖੀ ਰੋਈ ਜਾ ਰਿਹਾ ਸੀ।

-'ਮੈਨੂੰ ਤਾਂ ਪੁੱਤ ਉਹਦੀ ਖੋਟੀ ਨੀਅਤ ਦਾ ਉਦੇਂ ਈ ਪਤਾ ਲੱਗ ਗਿਆ ਸੀ...ਜਿੱਦੇਂ ਉਹਨੇ ਤੈਨੂੰ ਸਾਡੇ ਨਾਲੋਂ ਨਖੇੜਿਆ ਸੀ...ਪਰ ਤੂੰ ਫ਼ਿਕਰ ਨਾ ਕਰ...ਜੇ ਉਹ ਨਵਾਂ ਖ਼ਸਮ ਲਿਆਉਂਦੀ ਐ ਤੇ ਫੇਰ ਤੈਨੂੰ ਵੀ ਐਹੋ ਜੀਆਂ ਗਧੀੜਾਂ ਵੀਹ...!'

-'ਤਲਾਕ ਲੈ ਕੇ ਵੀ ਤੂੰ ਘਰ ਦਾ ਅੱਧਾ ਮਾਲਕ ਐਂ...ਵਕੀਲ ਤਾਂ ਪਾ ਦੇਣਗੇ ਖਿਲਾਰੇ...ਬੱਸ ਤੂੰ ਈ ਨਹੀਂ ਸੀ ਭੈਣ ਚੋਦਾ ਕਿਸੇ ਕਰਮ ਦਾ...ਗੋਹਾ ਪੱਥ ਤੀਮੀਂ ਮਗਰ ਲੱਗ ਕੇ ਸਾਨੂੰ ਝੱਗਾ ਚੱਕ ਕੇ ਤੁਰ ਗਿਆ।' ਲੱਖੀ ਦੇ ਛੋਟੇ ਭਰਾ ਲਾਲੀ ਨੇ ਕਿਹਾ। ਪੜ੍ਹਿਆ-ਲਿਖਿਆ ਲਾਲੀ ਕਾਨੂੰਨੀ ਪੱਖਾਂ ਤੋਂ ਪੂਰੀ ਤਰ੍ਹਾਂ ਜਾਣੂੰ ਸੀ। ਲੱਖੀ ਵਾਂਗ ਭੌਂਦੂ ਨਹੀਂ ਸੀ।

-'ਲਾਲੀ ਮੈਂ ਅੱਗੇ ਦੁਖੀ ਐਂ-ਮੈਨੂੰ ਹੋਰ ਨਾ ਦੁਖੀ ਕਰ ਬਾਈ।'

-'ਹੁਣ ਬੁੜ੍ਹੀਆਂ ਵਾਂਗੂੰ ਬੂਹਕੀ ਨਾ ਜਾਹ...ਚੱਲ ਵਕੀਲ ਕੋਲੇ ਚੱਲ ਕੇ ਮਸ਼ਵਰਾ ਲੈਨੇਂ ਐਂ...ਪਰ ਤੂੰ ਮਹਾਤਮਾ ਗਾਂਧੀ ਬਣ ਕੇ ਕੁੱਟ ਖਾਈ ਗਿਆ...ਸਾਲਿਆ ਪੁਲੀਸ ਬੁਲਾ ਕੇ ਰਪਟ ਕਿਉਂ ਨਾ ਲਿਖਵਾਈ? ਫ਼ੌਜਦਾਰੀ ਦੇ ਕੇਸ 'ਚ ਆਪੇ ਸਾਲਾ

*(ਬਾਕੀ ਅਗਲੇ ਸਫੇ 'ਤੇ)*

# ਕੁਆਂਟਮ ਯੁੱਗ ਦੀ ਸ਼ੁਰੂਆਤ

***ਕੁਆਂਟਮ ਕੰਪਿਊਟਿੰਗ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਾਡੇ ਤਰੀਕੇ ਵਿਚ ਕ੍ਰਾਂਤੀ ਲਿਆ ਰਹੀ ਹੈ। ਕੁਆਂਟਮ ਮਕੈਨਿਕਸ ਤੋਂ ਪ੍ਰੇਰਿਤ ਹੋ ਕੇ, ਇਹ ਤੇਜ਼ ਪ੍ਰਕਿਰਿਆ ਲਈ ਕਿਊਬਿਟਸ ਦੀ ਵਰਤੋਂ ਕਰਦਾ ਹੈ। ਪ੍ਰਮੁੱਖ ਤਕਨੀਕੀ ਫਰਮਾਂ ਅਤੇ ਭਾਰਤ ਦਾ ਰਾਸ਼ਟਰੀ ਕੁਆਂਟਮ ਮਿਸ਼ਨ ਇਸ ਚਾਰਜ ਦੀ ਅਗਵਾਈ ਕਰ ਰਹੇ ਹਨ। ਐਪਲੀਕੇਸ਼ਨਾਂ ਵਿਚ ਸਿਹਤ ਸੰਭਾਲ, ਵਿੱਤ ਅਤੇ ਜਲਵਾਯੂ ਵਿਗਿਆਨ ਸ਼ਾਮਲ ਹਨ। ਹਾਲਾਂਕਿ ਚੁਣੌਤੀਆਂ ਅਜੇ ਵੀ ਹਨ, ਇਸਦਾ ਭਵਿੱਖ ਸਮਾਰਟ ਹੱਲ ਅਤੇ ਗਲੋਬਲ ਤਕਨੀਕੀ ਲੀਡਰਸ਼ਿਪ ਦਾ ਵਾਅਦਾ ਕਰਦਾ ਹੈ।***

ਸਾਡੇ ਸਮਾਰਟਫੋਨ, ਸਮਾਰਟ ਘਰਾਂ ਅਤੇ ਏ.ਆਈ. ਸਹਾਇਕਾਂ ਨਾਲ ਬੜੀ ਤੇਜ਼ੀ ਨਾਲ ਤਬਦੀਲ ਹੋ ਰਹੀ ਦੁਨੀਆਂ ਵਿਚ ਇੱਕ ਸ਼ਾਂਤ ਪਰ ਬਹੁਤ ਮਹੱਤਵਪੂਰਨ ਤਕਨਾਲੌਜੀ ਕ੍ਰਾਂਤੀ ਵਾਪਰ ਰਹੀ ਹੈ, ਜਿਸ ਦਾ ਨਾਂ ਹੈ ਕੁਆਂਟਮ ਕੰਪਿਊਟਿੰਗ। ਇੱਕ ਸਮਾਂ ਸੀ ਜਦੋਂ ਇਹ ਸਿਰਫ਼ ਵਿਗਿਆਨ ਗਲਪ ਦੀ ਕਲਪਨਾ ਸੀ, ਪਰ ਹੁਣ ਇਹ ਵਿਗਿਆਨੀਆਂ ਦੀ ਲੈਬੋਰਟਰੀ ਤੱਕ ਨਹੀਂ ਰਹੀ। ਕੁਆਂਟਮ ਕੰਪਿਊਟਿੰਗ ਅਸਲ ਦੁਨੀਆਂ ਵਿਚ ਆਪਣੀ ਥਾਂ ਬਣਾਉਣ ਲੱਗ ਪਈ ਹੈ, ਜੋ ਉਦਯੋਗਾਂ, ਅਰਥ-ਵਿਵਸਥਾਵਾਂ ਅਤੇ ਰੋਜ਼ਾਨਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਤਰੀਕੇ ਨੂੰ ਨਵਾਂ ਰੁਖ਼ ਦੇ ਰਹੀ ਹੈ। ਪਹਿਲੀ ਨਜ਼ਰ ਵਿਚ ਇਹ ਸ਼ਬਦ ਜਟਿਲ ਜਾਂ ਭਵਿੱਖਮੁਖੀ ਲੱਗ ਸਕਦਾ ਹੈ, ਪਰ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਅਸਲ ਵਿਚ ਇਹ ਕੰਪਿਊਟਰਾਂ ਬਾਰੇ ਸੋਚਣ ਦਾ ਨਵਾਂ ਢੰਗ ਹੈ—ਇਹ ਜਾਣਕਾਰੀ ਨੂੰ ਪ੍ਰਕਿਰਿਆ ਕਰਨ ਦਾ ਇੱਕ ਤੇਜ਼ ਅਤੇ ਹੁਸ਼ਿਆਰ ਤਰੀਕਾ ਹੈ, ਖਾਸ ਕਰਕੇ ਉਹੋ ਜਿਹੀਆਂ ਸਥਿਤੀਆਂ ਵਿਚ ਜਿੱਥੇ ਆਮ ਮਸ਼ੀਨਾਂ ਅਸਫ਼ਲ ਹੋ ਜਾਂਦੀਆਂ ਹਨ। 2025 ਤੱਕ ਇਹ ਤਕਨਾਲੌਜੀ ਹੌਲੀ-ਹੌਲੀ ਸਾਡੀ ਹਕੀਕਤ ਬਣ ਰਹੀ ਹੈ, ਅਤੇ ਹੁਣ ਇਸ ਬਾਰੇ ਜਾਣਕਾਰੀ ਰੱਖਣਾ ਸਿਰਫ਼ ਤਕਨੀਕੀ ਲੋਕਾਂ ਲਈ ਹੀ ਨਹੀਂ, ਸਗੋਂ ਹਰ ਕਿਸੇ ਲਈ ਲਾਜ਼ਮੀ ਹੈ।

1980 ਦੇ ਦਹਾਕੇ ਦੀ ਸ਼ੁਰੂਆਤ ਵਿਚ, ਰਿਚਰਡ ਫੇਨਮੈਨ ਅਤੇ ਡੇਵਿਡ ਡਿਊਸ਼ ਵਰਗੇ ਪ੍ਰਸਿੱਧ ਭੌਤਿਕ ਵਿਗਿਆਨੀ ਸੋਚਣ ਲੱਗ ਪਏ ਕਿ ਜੇ ਕੰਪਿਊਟਰ ਰਵਾਇਤੀ ਤਰਕ ਅਤੇ ਦਲੀਲਾਂ ਦੀ ਥਾਂ, ਕੁਦਰਤ ਦੇ ਸਭ ਤੋਂ ਛੋਟੇ ਕਣਾਂ—ਅਣੂਆਂ ਅਤੇ ਇਲੈਕਟ੍ਰੋਨਾਂ—ਦੇ ਅਜੀਬ ਵਿਵਹਾਰਾਂ 'ਤੇ ਆਧਾਰਿਤ ਹੋਣ, ਤਾਂ ਕੀ ਹੋਵੇ? ਇੱਥੋਂ ਹੀ ਕੁਆਂਟਮ ਕੰਪਿਊਟਿੰਗ ਦੇ ਵਿਚਾਰ ਦਾ ਜਨਮ ਹੋਇਆ। ਇਹ ਤਕਨਾਲੌਜੀ ਕੁਆਂਟਮ ਮਕੈਨਿਕਸ ਤੋਂ ਪ੍ਰੇਰਿਤ ਸੀ, ਜੋ ਅਜਿਹਾ ਵਿਗਿਆਨਕ ਖੇਤਰ ਹੈ ਜਿਸ ਵਿਚ ਅਣੂ ਸਧਾਰਣ ਤਰੀਕੇ ਨਾਲ ਨਹੀਂ, ਸਗੋਂ ਅਨੋਖੇ ਢੰਗ ਨਾਲ ਵਰਤਾਓ ਕਰਦੇ ਹਨ। ਇੱਥੇ ਇੱਕ ਕਣ ਇੱਕੋ ਸਮੇਂ ਦੋ ਥਾਵਾਂ 'ਤੇ ਹੋ ਸਕਦਾ ਹੈ ਜਾਂ ਦੂਜੇ ਕਣ ਨਾਲ ਇਸ ਤਰ੍ਹਾਂ ਜੁੜਿਆ ਹੋਇਆ ਹੋ ਸਕਦਾ ਹੈ ਕਿ ਇੱਕ ਦੇ ਬਦਲਾਅ ਨਾਲ ਦੂਜੇ 'ਤੇ ਤੁਰੰਤ ਅਸਰ ਪੈਂਦਾ ਹੈ, ਭਾਵੇਂ ਉਹ ਕਿੰਨੀ ਵੀ ਦੂਰੀ 'ਤੇ ਹੋਣ। ਇਨ੍ਹਾਂ ਅਸਾਧਾਰਣ ਵਿਵਹਾਰਾਂ ਨੇ 'ਕਿਊਬਿਟ' ਦਾ ਆਵਿਸ਼ਕਾਰ ਕੀਤਾ। ਜਿੱਥੇ ਇੱਕ ਆਮ ਬਿੱਟ ਸਿਰਫ਼ 0 ਜਾਂ 1 ਹੋ ਸਕਦੀ ਹੈ, ਉੱਥੇ ਇੱਕ ਕਿਊਬਿਟ ਇੱਕੋ ਸਮੇਂ ਦੋਵੇਂ ਹੋ ਸਕਦੀਆਂ ਹਨ। ਇੱਕੋ ਸਮੇਂ ਬੇਅੰਤ ਹੱਲਾਂ ਨੂੰ ਇਕੱਠੇ ਪਰਖ ਸਕਣ ਦੀ ਸਮਰੱਥਾ ਕੁਆਂਟਮ ਕੰਪਿਊਟਿੰਗ ਦੀ ਸਭ ਤੋਂ ਵੱਡੀ ਖ਼ਾਸੀਅਤ ਹੈ। ਸੋਚੋ ਜਿਵੇਂ ਤੁਸੀਂ ਇੱਕ ਸਿੱਕਾ ਉਛਾਲਦੇ ਹੋ ਜੋ ਇੱਕੋ ਸਮੇਂ 'ਹੈਡ' ਵੀ ਹੈ ਤੇ 'ਟੇਲ' ਵੀ, ਜਦ ਤੱਕ ਤੁਸੀਂ ਇਸਨੂੰ ਦੇਖਦੇ ਨਹੀਂ। ਇਹੀ ਗੁਣ ਕੁਆਂਟਮ ਕੰਪਿਊਟਰਾਂ ਨੂੰ ਅਸਾਧਾਰਣ ਤਾਕਤਵਾਨ ਬਣਾ ਦਿੰਦਾ ਹੈ।

ਅੱਜ ਅਸੀਂ ਅਸਲ ਤਰੱਕੀ ਦੇਖ ਰਹੇ ਹਾਂ। ਗੂਗਲ, ਆਈਬੀਐਮ ਅਤੇ ਮਾਈਕ੍ਰੋਸਾਫਟ ਵਰਗੀਆਂ ਵੱਡੀਆਂ ਤਕਨੀਕੀ ਕੰਪਨੀਆਂ ਵਰਤੋਂਯੋਗ ਕੁਆਂਟਮ ਮਸ਼ੀਨਾਂ ਬਣਾਉਣ ਦੀ ਦੌੜ ਵਿਚ ਸ਼ਾਮਲ ਹਨ। ਗੂਗਲ ਦੀ ਕੁਆਂਟਮ ਮਸ਼ੀਨ, 'ਸਾਈਕਾਮੋਰ' ਦੁਨੀਆ ਭਰ ਵਿਚ ਮਸ਼ਹੂਰ ਹੋ ਗਈ, ਜਦੋਂ ਇਸ ਨੇ ਕੇਵਲ 200 ਸਕਿੰਟਾਂ ਵਿਚ ਇੱਕ ਅਜਿਹਾ ਕੰਮ ਹੱਲ ਕਰ ਦਿੱਤਾ ਜੋ ਇੱਕ ਆਧੁਨਿਕ ਸੁਪਰ ਕੰਪਿਊਟਰ ਹਜ਼ਾਰਾਂ ਸਾਲਾਂ ਵਿਚ ਕਰਦਾ। ਆਈ.ਬੀ.ਐਮ. ਆਪਣੇ ਕੁਆਂਟਮ ਅਨੁਭਵ ਮੰਚ ਰਾਹੀਂ ਆਪਣੇ ਕੁਆਂਟਮ ਪਰਸੰਸਕਰਣ ਯੰਤਰਾਂ, ਜਿਵੇਂ ਈਗਲ ਅਤੇ ਓਸਪ੍ਰੇ, ਤੱਕ ਆਮ ਲੋਕਾਂ ਦੀ ਪਹੁੰਚ ਬਣਾਉਣ ਲਈ ਉਪਲੱਬਧ ਕਰਵਾ ਰਿਹਾ ਹੈ। ਮਾਈਕ੍ਰੋਸਾਫਟ, ਜੋ ਅਜੇ ਵੀ ਆਪਣਾ ਸੰਦ ਸਾਜ਼ੋ-ਸਾਮਾਨ ਵਿਕਸਤ ਕਰ ਰਿਹਾ ਹੈ, ਆਪਣੇ ਅਜ਼ੂਰ ਕੁਆਂਟਮ ਕਾਰਜਕ੍ਰਮ ਦੇ ਹਿੱਸੇ ਵਜੋਂ ਟੌਪੋਲੋਅਜੀਕਲ ਕਿਊਬਿਟ ਵਰਤਣ ਵਾਲੀ ਵਿਲੱਖਣ ਦਿਸ਼ਾ 'ਤੇ ਕੰਮ ਕਰ ਰਿਹਾ ਹੈ। ਇਹ ਕੰਪਨੀਆਂ ਅਜਿਹੀ ਤਕਨੀਕ ਨੂੰ ਵਿਕਸਤ ਕਰ ਰਹੀਆਂ ਹਨ ਜੋ ਅਸਲ ਜੀਵਨ ਦੀਆਂ ਗੰਭੀਰ ਸਮੱਸਿਆਵਾਂ ਹੱਲ ਕਰ ਸਕੇ। ਇਸ ਤੋਂ ਇਲਾਵਾ, ਡੀ-ਵੇਵ ਅਤੇ ਆ.ਓਨਕਿਊ ਵਰਗੇ ਨਵੇਂ ਸ਼ੁਰੂ ਹੋਏ ਉਦਯੋਗ ਵੀ ਇਨ੍ਹਾਂ ਉਪਰਾਲਿਆਂ ਵਿਚ ਸ਼ਾਮਲ ਹਨ। ਉਹ ਅਜਿਹੀਆਂ ਮਸ਼ੀਨਾਂ ਤਿਆਰ ਕਰ ਰਹੇ ਹਨ ਜੋ ਡਾਕ ਪਹੁੰਚ ਦੇ ਰਸਤੇ ਚੁਸਤ ਬਣਾਉਣ ਤੋਂ ਲੈ ਕੇ ਵਿੱਤੀ ਲਾਭ ਅਤੇ ਨਿਵੇਸ਼ ਦੀ ਪੂਰੀ ਸਮਝ ਨਾਲ ਅਗਵਾਈ ਦੇਣ ਤੱਕ ਦੇ ਕੰਮ ਕਰ ਰਹੀਆਂ ਹਨ। ਇਸ ਸਾਰੇ ਵਿਚਕਾਰ ਸਭ ਤੋਂ ਉਤਸ਼ਾਹਜਨਕ ਗੱਲ ਇਹ ਹੈ ਕਿ ਭਾਰਤ ਵੀ ਇਸ ਖੇਤਰ ਵਿਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। 2023 ਵਿਚ ਭਾਰਤ ਸਰਕਾਰ ਨੇ 6,000 ਕਰੋੜ ਦੇ ਵੱਡੇ ਨਿਵੇਸ਼ ਨਾਲ ਰਾਸ਼ਟਰੀ ਕੁਆਂਟਮ ਮਿਸ਼ਨ ਦੀ ਸ਼ੁਰੂਆਤ ਕੀਤੀ, ਜਿਸਦਾ ਮਕਸਦ ਦੇਸ਼ ਵਿਚ ਆਪਣੀਆਂ ਖੁਦ ਦੀਆਂ ਕੁਆਂਟਮ ਤਕਨੀਕਾਂ ਦਾ ਵਿਕਾਸ ਕਰਨਾ ਹੈ। ਆਈ.ਆਈ.ਟੀ. ਮਦਰਾਸ, ਆਈ.ਆਈ. ਐੱਸ.ਸੀ. ਬੈਂਗਲੋਰ ਅਤੇ ਸੀ-ਡੈਕ ਪੁਣੇ ਵਰਗੀਆਂ ਪ੍ਰਮੁੱਖ ਵਿਦਿਆ ਸੰਸਥਾਵਾਂ ਪਹਿਲਾਂ ਹੀ ਕੁਆਂਟਮ ਸੰਦਾਂ ਉੱਤੇ ਕੰਮ ਕਰ ਰਹੀਆਂ ਹਨ। ਇਸਦੇ ਨਾਲ ਨਾਲ, ਕਿਊ-ਪੀ-ਆਈ-ਏਆਈ (QpiAI) ਅਤੇ ਬੋਸਨ ਕਿਊ ਪੀਐਸਆਈ (BosonQ Psi) ਵਰਗੇ ਭਾਰਤੀ ਉਦਯੋਗ ਵੀ ਦੁਨੀਆ ਨੂੰ ਇਹ ਦਿਖਾ ਰਹੇ ਹਨ ਕਿ ਭਾਰਤੀ ਨਵੀਨਤਾ ਕਿਸ ਪੱਧਰ ਤੱਕ ਪਹੁੰਚ ਸਕਦੀ ਹੈ।

ਤਾਂ ਅਸਲ ਜ਼ਿੰਦਗੀ ਵਿਚ ਕੁਆਂਟਮ ਕੰਪਿਊਟਿੰਗ ਕਿਵੇਂ ਲਾਭਦਾਇਕ ਹੈ? ਸੰਭਾਵਨਾਵਾਂ



ਹੈਰਾਨੀਜਨਕ ਹਨ। ਸਿਹਤ ਸੰਭਾਲ ਵਿਚ, ਇਹ ਫਾਰਮਾਸਿਊਟੀਕਲ ਕੰਪਨੀਆਂ ਨੂੰ ਇਹ ਸਮਝਣ ਵਿਚ ਮਦਦ ਕਰ ਰਿਹਾ ਹੈ ਕਿ ਦਵਾਈਆਂ ਸਾਡੇ ਸਰੀਰਾਂ ਨਾਲ ਕਿਵੇਂ ਪਰਸਪਰ ਪ੍ਰਭਾਵ ਪਾਉਂਦੀਆਂ ਹਨ, ਨਵੀਆਂ ਦਵਾਈਆਂ ਦੀ ਖੋਜ ਦੀ ਪ੍ਰਕਿਰਿਆ ਨੂੰ ਤੇਜ਼ ਕਰ ਰਹੀਆਂ ਹਨ। ਬੈਂਕ ਅਤੇ ਵਿੱਤੀ ਫਰਮਾਂ ਮਾਰਕੀਟ ਵਿਵਹਾਰ ਦੀ ਬਿਹਤਰ ਭਵਿੱਖਬਾਣੀ ਕਰਨ ਅਤੇ ਜੋਖਮ ਦਾ ਪ੍ਰਬੰਧਨ ਕਰਨ ਲਈ ਕੁਆਂਟਮ ਟੂਲਸ ਦੀ ਵਰਤੋਂ ਕਰ ਰਹੀਆਂ ਹਨ। ਡੀਐਚਐਲ ਵਰਗੇ ਡਿਲੀਵਰੀ ਦਿੱਗਜ ਅਤੇ ਵੋਲਕਸਵੈਗਨ ਵਰਗੇ ਕਾਰ ਨਿਰਮਾਤਾ ਤੇਜ਼, ਸਸਤੇ ਅਤੇ ਹਰੇ ਭਰੇ ਰੂਟਾਂ ਦੀ ਯੋਜਨਾ ਬਣਾਉਣ ਲਈ ਕੁਆਂਟਮ ਤਰੀਕਿਆਂ ਦੀ ਜਾਂਚ ਕਰ ਰਹੇ ਹਨ। ਇਹ ਜਲਵਾਯੂ ਵਿਗਿਆਨ ਵਿਚ ਵੀ ਲਹਿਰਾਂ ਪੈਦਾ ਕਰ ਰਿਹਾ ਹੈ, ਵਿਗਿਆਨੀਆਂ ਨੂੰ ਅਤਿਅੰਤ ਮੌਸਮ ਦੀ ਭਵਿੱਖਬਾਣੀ ਕਰਨ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਸਮਝਣ ਵਿਚ ਮਦਦ ਕਰ ਰਿਹਾ ਹੈ। ਅਤੇ ਜਦੋਂ ਸਾਈਬਰ ਸੁਰੱਖਿਆ ਦੀ ਗੱਲ ਆਉਂਦੀ ਹੈ, ਤਾਂ ਕੁਆਂਟਮ ਕੰਪਿਊਟਿੰਗ ਇੱਕ ਦੋਧਾਰੀ ਤਲਵਾਰ ਹੈ: ਇਹ ਅੱਜ ਦੇ ਇਨਕ੍ਰਿਪਸ਼ਨ ਨੂੰ ਤੋੜ ਸਕਦੀ ਹੈ, ਪਰ ਅਤਿ-ਸੁਰੱਖਿਅਤ ਸੰਚਾਰ ਦੇ ਨਵੇਂ ਰੂਪ ਵੀ ਬਣਾ ਸਕਦੀ ਹੈ।

ਬੇਸ਼ੱਕ, ਅਜੇ ਵੀ ਕੁਝ ਵੱਡੀਆਂ ਰੁਕਾਵਟਾਂ ਹਨ। ਅੱਜ ਦੇ ਕੁਆਂਟਮ ਕੰਪਿਊਟਰ ਕਾਫੀ ਨਾਜ਼ੁਕ ਹਨ ਅਤੇ ਅਕਸਰ ਗਲਤੀਆਂ ਕਰ ਜਾਂਦੇ ਹਨ ਕਿਉਂਕਿ ਕਿਊਬਿਟ ਗਰਮੀ, ਰੌਸ਼ਨੀ ਅਤੇ ਆਵਾਜ਼ ਵਰਗੀਆਂ ਚੀਜ਼ਾਂ ਲਈ ਬਹੁਤ ਸੰਵੇਦਨਸ਼ੀਲ ਹੁੰਦੇ ਹਨ। ਇਨ੍ਹਾਂ ਨੂੰ ਭਰੋਸੇਯੋਗ ਢੰਗ ਨਾਲ ਚਲਾਉਣਾ ਵੱਡੀ ਚੁਣੌਤੀ ਹੈ। ਵੱਡੇ ਪੱਧਰ ਦੇ ਕੁਆਂਟਮ ਸਿਸਟਮਾਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਨਾਲ ਗੁੰਝਲਦਾਰ ਸਮੱਸਿਆਵਾਂ ਨੂੰ ਸੁਚੱਜੇ ਢੰਗ ਨਾਲ ਹੱਲ ਕਰਨ ਵਿਚ ਸਮਾਂ ਲੱਗੇਗਾ। ਇਨ੍ਹਾਂ ਮਸ਼ੀਨਾਂ ਦੀ ਉਤਪਤੀ ਅਤੇ ਇਨ੍ਹਾਂ ਨੂੰ ਸੰਭਾਲਣਾ ਵੀ ਮਹਿੰਗੀ ਪ੍ਰਕਿਰਿਆ ਹੈ। ਇਸ ਖੇਤਰ ਵਿਚ ਮਾਹਰ ਵਿਅਕਤੀਆਂ ਦੀ ਵੀ ਘਾਟ ਹੈ—ਅਜਿਹੇ ਲੋਕ ਜੋ ਕੁਆਂਟਮ ਭੌਤਿਕ ਵਿਗਿਆਨ ਅਤੇ ਕੰਪਿਊਟਰ ਵਿਗਿਆਨ ਦੋਹਾਂ ਨੂੰ ਸਮਝਦੇ ਹੋਣ। ਫਿਰ ਵੀ, ਖੋਜਕਰਤਾ ਨਿਰੰਤਰ ਤਰੱਕੀ ਕਰ ਰਹੇ ਹਨ। ਬਿਹਤਰ ਡਿਜ਼ਾਈਨ, ਹੋਰ ਚੁਸਤ ਐਲਗੋਰਿਦਮ ਅਤੇ ਜਨਤਕ ਜਾਗਰੂਕਤਾ ਨਾਲ ਇਹ ਖੇਤਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਯੂਨੀਵਰਸਿਟੀਆਂ ਆਪਣੇ ਕੋਰਸਾਂ ਨੂੰ ਨਵੀਨਤਮ ਬਣਾ ਰਹੀਆਂ ਹਨ, ਅਤੇ ਹੁਣ ਬਹੁਤ ਸਾਰੇ ਵਿਦਿਆਰਥੀ ਆਪਣੇ ਕਰੀਅਰ ਲਈ ਕੁਆਂਟਮ ਤਕਨਾਲੌਜੀ ਨੂੰ ਚੁਣ ਰਹੇ ਹਨ। ਮੈਕਿੰਸੀ ਐਂਡ ਕੰਪਨੀ ਦੀ 2024 ਦੀ ਰਿਪੋਰਟ ਮੁਤਾਬਕ, ਕੁਆਂਟਮ ਤਕਨਾਲੌਜੀਆਂ ਵਿਚ ਵਿਸ਼ਵ ਪੱਧਰ 'ਤੇ ਨਿਵੇਸ਼ $35 ਬਿਲੀਅਨ ਤੋਂ ਪਾਰ ਹੋ ਚੁੱਕਾ ਹੈ ਅਤੇ 2040 ਤੱਕ ਇਹ $90 ਬਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ। ਦੁਨੀਆ ਭਰ ਵਿਚ 300 ਤੋਂ ਵੱਧ ਨਵੇਂ ਉਦਯੋਗ (ਸਟਾਰਟਅੱਪ) ਕੁਆਂਟਮ ਹੱਲਾਂ 'ਤੇ ਕੰਮ ਕਰ ਰਹੇ ਹਨ, ਅਤੇ ਇਸ ਖੇਤਰ ਵਿਚ ਨੌਕਰੀਆਂ ਦੇ ਮੌਕੇ ਪਿਛਲੇ ਦੋ ਸਾਲਾਂ ਵਿਚ ਦੁੱਗਣੇ ਤੋਂ ਵੀ ਵੱਧ ਹੋ ਗਏ ਹਨ। ਭਾਰਤ ਵਿਚ ਵੀ ਇਹ ਚਰਚਾ ਤੇਜ਼ੀ ਨਾਲ ਵਧ ਰਹੀ ਹੈ। ਵੱਧ ਤੋਂ ਵੱਧ ਕੰਪਨੀਆਂ ਯੂਨੀਵਰਸਿਟੀਆਂ ਨਾਲ ਸਾਂਝਦਾਰੀ ਕਰ ਰਹੀਆਂ ਹਨ ਅਤੇ ਇੰਜੀਨੀਅਰਿੰਗ ਕਾਲਜ ਆਪਣੇ ਪਾਠਕ੍ਰਮ ਵਿਚ ਕੁਆਂਟਮ ਵਿਗਿਆਨ ਨੂੰ ਸ਼ਾਮਿਲ ਕਰ ਰਹੇ ਹਨ। ਇਹ ਸਪੱਸ਼ਟ ਹੈ ਕਿ ਹੁਣ ਕੁਆਂਟਮ ਸਿਰਫ਼ ਇੱਕ ਵਿਗਿਆਨਕ ਉਤਸੁਕਤਾ ਨਹੀਂ ਰਹੀ, ਸਗੋਂ ਅਸਲ ਜ਼ਿੰਦਗੀ ਦਾ ਹਿੱਸਾ ਬਣ ਰਹੀ ਹੈ।

ਜੇ ਭਵਿੱਖ ਵੱਲ ਨਿਗਾਹ ਮਾਰੀਏ ਤਾਂ ਕੁਆਂਟਮ ਕੰਪਿਊਟਿੰਗ ਕਈ ਦਿਲਚਸਪ ਸਫਲਤਾਵਾਂ ਦੀ ਕੁੰਜੀ ਲੱਗਦੀ ਹੈ। ਇਹ ਨਕਲੀ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਨੂੰ ਨਵੇਂ ਪੱਧਰ 'ਤੇ ਲੈ ਜਾ ਸਕਦੀ ਹੈ, ਇਲੈਕਟ੍ਰਿਕ ਵਾਹਨਾਂ ਲਈ ਬਿਹਤਰ ਬੈਟਰੀਆਂ ਤਿਆਰ ਕਰਨ ਵਿਚ ਮਦਦਗਾਰ ਹੋ ਸਕਦੀ ਹੈ ਅਤੇ ਇੱਥੋਂ ਤਕ ਕਿ ਵਿਅਕਤੀਗਤ ਇਲਾਜ ਨੂੰ ਹਕੀਕਤ ਵਿਚ ਬਦਲ ਸਕਦੀ ਹੈ, ਜਿੱਥੇ ਦਵਾਈਆਂ ਹਰ ਵਿਅਕਤੀ ਦੇ ਸਰੀਰ ਅਤੇ ਜੀਨ ਨਕਸ਼ੇ ਦੇ ਅਨੁਸਾਰ ਬਣਾਈਆਂ ਜਾ ਸਕਣ। ਜਲਵਾਯੂ ਖੋਜ ਵਿਚ ਇਹ ਤਕਨਾਲੌਜੀ ਪ੍ਰਦੂਸ਼ਣ ਘਟਾਉਣ ਅਤੇ ਧਰਤੀ ਦੀ ਰੱਖਿਆ ਕਰਨ ਦੇ ਨਵੇਂ ਤਰੀਕੇ ਲੱਭਣ ਵਿਚ ਮਦਦ ਕਰ ਸਕਦੀ ਹੈ। ਖੇਡਾਂ ਅਤੇ ਵਰਚੁਅਲ ਹਕੀਕਤ ਵਰਗੇ ਮਨੋਰੰਜਨ ਖੇਤਰਾਂ ਵਿਚ ਵੀ, ਕੁਆਂਟਮ ਤਕਨਾਲੌਜੀ ਨਵੇਂ ਤਜਰਬੇ ਅਤੇ ਡੂੰਘੀ ਇਮਰਸ਼ਨ ਦੇ ਰਾਹ ਖੋਲ੍ਹ ਸਕਦੀ ਹੈ। ਭਾਰਤ, ਜਿਸ ਕੋਲ ਗਣਿਤ ਅਤੇ ਵਿਗਿਆਨ ਵਿਚ ਧਨੀ ਪ੍ਰਤਿਭਾ ਹੈ, ਇਹ ਮੌਕਾ ਰੱਖਦਾ ਹੈ ਕਿ ਉਹ ਵਿਸ਼ਵ ਪੱਧਰੀ ਆਗੂ ਬਣੇ। ਕੁਆਂਟਮ ਕੰਪਿਊਟਿੰਗ ਦੀ ਤਾਕਤ ਨੂੰ ਸਮਝਣ ਲਈ ਸੋਚੋ ਕਿ ਤੁਸੀਂ ਇੱਕ ਵੱਡੇ ਭੁਲੇਖੇ ਵਿਚ ਫਸੇ ਹੋ। ਇੱਕ ਆਮ ਕੰਪਿਊਟਰ ਇੱਕ ਰਸਤੇ ਨੂੰ ਇਕ ਵਾਰ ਚੈੱਕ ਕਰਦਾ ਹੈ, ਜਦਕਿ ਇੱਕ ਕੁਆਂਟਮ ਕੰਪਿਊਟਰ ਇੱਕੋ ਸਮੇਂ ਸਾਰੇ ਰਸਤੇ ਚੈੱਕ ਕਰ ਸਕਦਾ ਹੈ ਅਤੇ ਸਭ ਤੋਂ ਵਧੀਆ ਰਸਤਾ ਤੁਰੰਤ ਲੱਭ ਲੈਂਦਾ ਹੈ। ਇਹ ਸਿਰਫ਼ ਤੇਜ਼ ਨਹੀਂ, ਬਲਕਿ ਸਮਝਦਾਰ ਵੀ ਹੈ। ਪਰ ਜਿੱਥੇ ਵੱਡੀ ਤਾਕਤ ਹੁੰਦੀ ਹੈ, ਉਥੇ ਵੱਡੀ ਜ਼ਿੰਮੇਵਾਰੀ ਵੀ ਹੁੰਦੀ ਹੈ। ਜਿਵੇਂ ਜਿਵੇਂ ਇਹ ਤਕਨਾਲੌਜੀ ਵਧ ਰਹੀ ਹੈ, ਇਹ ਲਾਜ਼ਮੀ ਹੋਵੇਗਾ ਕਿ ਨੈਤਿਕਤਾ, ਗੋਪਨੀਯਤਾ ਅਤੇ ਸਮਾਨ ਪਹੁੰਚ ਨੂੰ ਯਕੀਨੀ ਬਣਾਉਣ ਵਾਲੇ ਨਿਯਮ ਬਣਾਏ ਜਾਣ। ਇਹ ਤਕਨਾਲੌਜੀ ਸਿਰਫ਼ ਵਿਕਾਸ ਦਾ ਸਾਧਨ ਨਹੀਂ, ਸਗੋਂ ਭਵਿੱਖ ਦੀ ਜ਼ਿੰਮੇਵਾਰੀ ਵੀ ਹੈ।

ਕੁਆਂਟਮ ਕੰਪਿਊਟਿੰਗ ਹੁਣ ਕੋਈ ਦੂਰ ਦੀ ਕਲਪਨਾ ਨਹੀਂ ਰਹੀ—ਇਹ ਸਾਡੀ ਅਸਲ ਦੁਨੀਆ ਵਿਚ ਦਾਖ਼ਲ ਹੋ ਚੁੱਕੀ ਹੈ ਅਤੇ ਹਰ ਗੁਜ਼ਰਦੇ ਸਾਲ ਨਾਲ ਹੋਰ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ। ਇਹ ਗੱਲ ਸੱਚ ਹੈ ਕਿ ਇਹ ਰਾਹ ਅਜੇ ਵੀ ਚੁਣੌਤੀਆਂ ਨਾਲ ਭਰਿਆ ਹੋਇਆ ਹੈ, ਪਰ ਜੋ ਕਦਮ ਹਾਲੇ ਤੱਕ ਚੁੱਕੇ ਗਏ ਹਨ, ਉਹ ਪ੍ਰਭਾਵਸ਼ਾਲੀ ਅਤੇ ਭਵਿੱਖ ਲਈ ਵਾਅਦਾਦਾਰ ਹਨ। ਸਿਲੀਕਾਨ ਵੈਲੀ ਦੀਆਂ ਉੱਚ ਤਕਨੀਕੀ ਪ੍ਰਯੋਗਸ਼ਾਲਾਵਾਂ ਤੋਂ ਲੈ ਕੇ ਬੰਗਲੁਰੂ ਦੇ ਖੋਜ ਕੇਂਦਰਾਂ ਤੱਕ, ਅਤੇ ਇੱਥੋਂ ਤੱਕ ਕਿ ਛੋਟੇ-ਛੋਟੇ ਕਸਬਿਆਂ ਦੇ ਸਕੂਲਾਂ ਦੇ ਕਲਾਸਰੂਮਾਂ ਤੱਕ—ਲੋਕ ਇਸ ਤਕਨੀਕੀ ਇਨਕਲਾਬ ਦਾ ਹਿੱਸਾ ਬਣ ਰਹੇ ਹਨ। ਭਾਰਤ ਲਈ ਇਹ ਸਿਰਫ਼ ਨਵੀਨਤਮ ਵਿਗਿਆਨ ਸਿੱਖਣ ਦਾ ਮੌਕਾ ਨਹੀਂ, ਬਲਕਿ ਕੁਆਂਟਮ ਭਵਿੱਖ ਨੂੰ ਆਕਾਰ ਦੇਣ ਅਤੇ ਵਿਸ਼ਵ ਪੱਧਰ 'ਤੇ ਅਗਵਾਈ ਕਰਨ ਦਾ ਸਨਹਿਰੀ ਮੌਕਾ ਹੈ। ਇਹ ਤਬਦੀਲੀ ਸਿਰਫ਼ ਵਿਗਿਆਨੀਆਂ ਜਾਂ ਤਕਨੀਕੀ ਵਿਦਵਾਨਾਂ ਲਈ ਨਹੀਂ—ਸਾਡੇ ਸਾਰਿਆਂ ਲਈ ਹੈ। ਚਾਹੇ ਉਮਰ ਕੋਈ ਵੀ ਹੋਵੇ, ਪਿਛੋਕੜ ਕਿਹੋ ਜਿਹਾ ਵੀ ਹੋਵੇ, ਜਾਂ ਭਾਸ਼ਾ ਅਤੇ ਸਰੋਤਾਂ ਦੀ ਕਿੰਨੀ ਵੀ ਘਾਟ ਕਿਉਂ ਨਾ ਹੋਵੇ—ਕੁਆਂਟਮ ਯੁੱਗ ਸਾਨੂੰ ਆਪਣੇ ਵਿਚਾਰ, ਸਵਾਲ ਅਤੇ ਯੋਗਦਾਨ ਦੇਣ ਦਾ ਸੱਦਾ ਦੇ ਰਿਹਾ ਹੈ। ਅਸੀਂ ਸਿਰਫ਼ ਭਵਿੱਖ ਵੱਲ ਨਹੀਂ ਵਧ ਰਹੇ, ਇੱਕ ਨਵੀਂ ਵਿਗਿਆਨਕ ਯਾਤਰਾ ਦੀ ਸ਼ੁਰੂਆਤ ਕਰ ਰਹੇ ਹਾਂ, ਜਿੱਥੇ ਹਰ ਕਦਮ ਸਮਰਪਿਤ, ਸੋਚ-ਵਿਚਾਰ ਵਾਲੀ ਅਤੇ ਆਸ਼ਾਵਾਦੀ ਕੁਆਂਟਮ ਛਾਲ ਹੈ।

---

***(ਪਿਛਲੇ ਸਫੇ ਦੀ ਬਾਕੀ)***

ਅੰਦਰ ਹੁੰਦਾ...ਅਗਲਿਆਂ ਨੇ ਫੜ ਕੇ ਨੱਕ ਦੀ ਸੇਧ ਦਿੱਲੀ ਨੂੰ ਜਹਾਜ ਚਾੜ੍ਹ ਦੇਣਾ ਸੀ।'

-'ਵੇ ਲਾਲੀ! ਜੇ ਇਹ ਐਨੀ ਜੋਕਰਾ ਹੁੰਦਾ...ਗੱਲਾਂ ਈ ਕਾਹਦੀਆਂ ਸੀ? ਇਹ ਤਾਂ ਸਾਧ ਐ ਬਿਚਾਰਾ।' ਮਾਂ ਬੋਲੀ।

ਉਹ ਵਕੀਲ ਦੇ ਤੁਰ ਗਏ। ਬੇਬੇ ਸਿਰ ਫੜੀ ਬੈਠੀ ਸੀ।

ਪਿੰਦਰ ਦੀ ਜ਼ਿੰਦਗੀ ਵਿਚ ਇਕ ਭਾਰੀ ਪੱਥਰ ਡਿੱਗਿਆ। ਜਿਸ ਦੀ ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ। ਨਿੱਤ ਦੇ ਕੁੱਤ-ਪੌਅ ਤੋਂ ਦੁਖੀ ਹੋ ਕੇ ਕਿਸੇ ਨੇ ਮੈਨੇਜਰ ਅਤੇ ਪਿੰਦਰ ਦੀ ਸ਼ਿਕਾਇਤ ਜਨਰਲ ਡਾਇਰੈਕਟਰ ਕੋਲ ਕਰ ਦਿੱਤੀ। ਮੌਕਾ ਪਾ ਕੇ ਡਾਇਰੈਕਟਰ ਨੇ ਦੋਹਾਂ ਨੂੰ 'ਰੰਗੇ-ਹੱਥੀਂ' ਨਗਨ ਫੜ ਲਿਆ।

ਜਗਰੂਪ, ਮੈਨੇਜਰ ਅਤੇ ਪਿੰਦਰ ਤੁਰੰਤ ਨੌਕਰੀ ਤੋਂ ਕੱਢ ਦਿੱਤੇ ਗਏ। ਡਿਊਟੀ ਉਪਰ ਕੁਕਰਮ ਕਰਨ ਦਾ ਕੇਸ ਵੱਖਰਾ ਬਣ ਗਿਆ। ਜੂਪੇ ਦਾ ਭੈਂਗ ਡੁੱਬ ਗਿਆ। ਪਿੰਦਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਵਕੀਲਾਂ ਦੀਆਂ ਫ਼ੀਸਾਂ ਅਤੇ ਜੇਲ੍ਹ-ਜੁਰਮਾਨੇਂ ਬਾਰੇ ਸੋਚ ਕੇ ਪਿੰਦਰ ਨੂੰ ਗਸ਼ੀ ਪੈਣ ਵਾਲੀ ਹੋ ਗਈ। ਸਭ ਤੋਂ ਵੱਡਾ ਫ਼ਿਕਰ ਪਿੰਦਰ ਨੂੰ ਜੂਪੇ ਦਾ ਪੈ ਗਿਆ। ਉਸ ਦਾ ਵੀਜ਼ਾ ਸਿਰਫ਼ ਇਕ ਹਫ਼ਤੇ ਦਾ ਹੀ ਰਹਿੰਦਾ ਸੀ। ਜਦੋਂ ਕੋਲ ਕੰਮ ਹੀ ਨਹੀਂ ਸੀ ਰਿਹਾ, ਫਿਰ ਵੀਜ਼ਾ ਕਿਸ ਬੇਸ 'ਤੇ ਮਿਲਣਾ ਸੀ? ਵੀਜ਼ਾ ਨਾ ਮਿਲਣ 'ਤੇ ਜੂਪੇ ਦੀ ਡਿਪੋਰਟੇਸ਼ਨ ਪੱਕੀ ਸੀ। ਅੱਜ ਸੱਚ ਸਾਹਮਣੇਂ ਆ ਜਾਣ 'ਤੇ ਜੂਪਾ ਭੈਣ ਨਾਲ ਅੱਖ ਨਹੀਂ ਮਿਲਾ ਰਿਹਾ ਸੀ। ਜੇ ਉਹ ਕਿਤੇ ਇੰਡੀਆ ਹੁੰਦਾ, ਪਿੰਦਰ ਦਾ ਸਿਰ ਕਲਮ ਕਰ ਦਿੰਦਾ। ਪਰ ਉਹ ਬੈਠਾ ਹੀ ਆਸਟਰੀਆ ਦੇ ਵਿਚ ਸੀ। ਜਿੱਥੇ ਵੱਡੇ-ਵੱਡੇ ਲੀਡਰ ਵੀ ਕਾਨੂੰਨ ਤੋਂ ਚੀਕਾਂ ਮਾਰਦੇ ਸਨ। ਪੂਰੀ ਬੋਤਲ ਸੂਤ ਕੇ ਜੂਪਾ ਪਿੰਦਰ ਦੁਆਲੇ ਹੋ ਗਿਆ ਅਤੇ ਪਿੱਠ 'ਚ ਅੱਡੀਆਂ ਮਾਰ-ਮਾਰ ਉਸ ਨੇ ਪਿੰਦਰ ਨਿੱਸਲ ਕਰ ਦਿੱਤੀ।

-'ਵੇ ਮੈਂ ਤੈਨੂੰ ਐਸ ਭਦਰਕਾਰੀ ਨੂੰ ਬੁਲਾਇਆ ਸੀ, ਕੁੱਤਿਆ...!' ਉਸ ਨੇ ਫ਼ਰਸ਼ 'ਤੇ ਬੈਠ ਕੇ ਦੁਹੱਥੜ ਮਾਰੀ।

-'ਐਦੂੰ ਤਾਂ ਤੂੰ ਮੈਨੂੰ ਬੁਲਾਉਂਦੀ ਹੀ ਨਾ...ਅੱਖੋਂ ਪਰ੍ਹੇ ਜੱਗ ਮਰਦਾ...ਜੀਹਦੇ ਨਾਲ ਮਰਜੀ ਖੇਹ ਖਾਂਦੀ।' ਉਸ ਨੇ ਇਕ ਕਰੜੀ ਝੁੱਟੀ ਹੋਰ ਲਾ ਦਿੱਤੀ। ਗਿੱਦੜ ਕੁੱਟ ਨਾਲ ਨਿਢਾਲ ਹੋਈ ਉਹ ਫ਼ਰਸ਼ 'ਤੇ ਪਈ ਚੂਕੀ ਜਾ ਰਹੀ ਸੀ।

-'ਲੱਖੀ ਜਮਾਂ ਬੁਰਾ ਬੰਦਾ ਨ੍ਹੀਂ-ਤੇਰੀਆਂ ਐਹਨਾਂ ਕਰਤੂਤਾਂ ਕਰਕੇ ਮਾੜਾ ਬਣਾਇਆ ਵਿਆ ਸੀ...ਵਿਚਾਰਾ ਦਰਵੇਸ਼ ਬਾਧੂ ਦਾ ਮੈਥੋਂ ਕੁਟਵਾ ਧਰਿਆ...।' ਉਸ ਨੇ ਆਖਰੀ ਲੱਤ ਮਾਰੀ ਤਾਂ ਪਿੰਦਰ ਦੀ ਗਿੱਦੜ ਵਾਂਗ ਚੂਕ ਜਿਹੀ ਨਿਕਲੀ।

ਬਾਹਰੋਂ ਦਰਵਾਜੇ 'ਤੇ ਘੰਟੀ ਵੱਜੀ ਤਾਂ ਜੂਪੇ ਨੇ ਹੀ ਦਰਵਾਜਾ ਖੋਲ੍ਹਿਆ। ਮੈਨੇਜਰ ਖੜ੍ਹਾ ਸੀ। ਅਜੇ ਉਸ ਨੇ 'ਪਿੰਡਰ' ਹੀ ਕਿਹਾ ਸੀ ਕਿ ਜੂਪੇ ਨੇ ਗਲਮੇਂ ਤੋਂ ਫੜ ਕੇ ਉਸ ਨੂੰ ਮਰੇ ਕੱਟੇ ਵਾਂਗ ਅੰਦਰ ਨੂੰ ਧੂਹ ਲਿਆ ਅਤੇ ਭੁਗਤ ਸੁਆਰ ਦਿੱਤੀ। ਜਦੋਂ ਜੂਪੇ ਦਾ ਮਾੜਾ ਜਿਹਾ ਹੱਥ ਢਿੱਲਾ ਪਿਆ ਤਾਂ ਮੈਨੇਜਰ ਡਰੇ ਊਠ ਵਾਂਗ ਬਾਹਰ ਨੂੰ ਦੌੜ ਤੁਰਿਆ। ਸੜਕ 'ਤੇ ਉਹ ਕੁੱਤੇ ਵਾਂਗ ਤੀੜ ਦੇਈ ਜਾ ਰਿਹਾ ਸੀ। ਪੰਜਾਬੀ ਵਿਚ ਜੂਪੇ ਨੇ ਉਸ ਨੂੰ ਅਥਾਹ ਗੰਦੀਆਂ ਗਾਹਲਾਂ ਕੱਢੀਆਂ ਸਨ। ਮਾਂ-ਭੈਣ ਇਕ ਕਰ ਮਾਰੀ ਅਤੇ ਪਈ ਪਿੰਦਰ ਦੇ ਹੋਰ ਚੁਪੇੜਾਂ ਮਾਰੀਆਂ।

ਅਗਲੇ ਦਿਨ ਲੱਖੀ ਦੇ ਵਕੀਲ ਦੀ ਚਿੱਠੀ ਪਿੰਦਰ ਦੇ ਘਰ ਬਿਜਲੀ ਵਾਂਗ ਆ ਡਿੱਗੀ। ਪਿੰਦਰ ਕੱਖੋਂ ਹੌਲੀ ਹੋ ਗਈ। ਕੇਸ ਤਾਂ ਇਕ ਨਹੀਂ ਮਾਨ। ਇਕ ਹੋਰ ਉਪਰੋਂ ਆ ਵੱਜਿਆ ਸੀ। ਖਰਚਾ ਹੀ ਖਰਚਾ, ਆਮਦਨ ਕੋਈ ਵੀ ਨਹੀਂ! ਬਹੁਤੀ 'ਤਾਰੂ' ਪਿੰਦਰ ਅਚਾਨਕ ਹੀ ਮਗਰਮੱਛ ਦੇ ਮੂੰਹ ਜਾ ਡਿੱਗੀ ਸੀ। ਪਿੰਦਰ ਨੇ ਲੱਖੀ ਦੇ ਲੱਖ ਤਰਲੇ ਕੀਤੇ, ਪਰ ਉਸ ਨੇ ਕੌੜ ਮੱਝ ਵਾਂਗ ਪੈਰ ਹੀ ਨਾ ਲਾਏ। ਸਾਰੇ ਪ੍ਰੀਵਾਰ ਨੇ ਲੱਖੀ ਨੂੰ ਕੰਨ ਕੀਤੇ ਹੋਏ ਸਨ:

-'ਜੇ ਉਸ ਕੁੱਤੀ ਦੀਆਂ ਗੱਲਾਂ 'ਚ ਆ ਕੇ ਉਹਦੇ ਨਾਲ ਰਾਜ਼ੀਨਾਵਾਂ ਕੀਤੈ-ਸਾਲਿਆ ਤੇਰਾ ਮੂੰਹ ਵੀ ਛਿੱਤਰਾਂ ਨਾਲ ਭੰਨਾਂਗੇ!'

ਪਿੰਦਰ ਨੇ ਵਾਸਤੇ ਪਾਏ, ਉਸ ਨੇ ਇਕ ਨਾ ਸੁਣੀਂ।

ਮਹੀਨਾ ਲੰਘ ਗਿਆ। ਜੂਪੇ ਦਾ ਵੀਜ਼ਾ ਲੰਘ ਗਿਆ ਸੀ। ਕੰਮ ਕਿਤੋਂ ਮਿਲਿਆ ਨਹੀਂ ਸੀ। ਪਿੰਦਰ ਵੀ ਵਿਹਲੀ ਸੀ। ਘੜਿਓਂ ਪਾਣੀ ਨੱਸ ਤੁਰਿਆ ਸੀ। ਜੂਪਾ ਨਿੱਤ ਪੀ ਕੇ ਪਿੰਦਰ ਦੇ ਧੌਲ-ਧੱਫ਼ਾ ਕਰ ਦਿੰਦਾ ਸੀ। ਬਰਾਬਰ ਦੇ ਭਰਾ ਮੂਹਰੇ ਉਹ ਕੁਸਕਦੀ ਤੱਕ ਨਹੀਂ ਸੀ, ਸਗੋਂ ਪੈਰ ਫੜਦੀ ਸੀ ਕਿ ਉਹਦੀ ਕਰਤੂਤ ਬਾਰੇ ਘਰੇ ਭਾਫ਼ ਨਾ ਕੱਢੇ। ਜੂਪਾ ਉਸ ਦੇ ਮੂੰਹ 'ਤੇ ਥੁੱਕਦਾ। ਗੁੱਸੇ ਵਿਚ ਉਸ ਦਾ ਭੈਂਗ ਅੱਠੋ ਪਹਿਰ ਘੁਕਦਾ ਰਹਿੰਦਾ। ਇੱਥੇ ਰਹਿਣਾ ਉਸ ਨੂੰ ਦੁੱਭਰ ਹੋਇਆ ਪਿਆ ਸੀ।

ਲੱਖੀ ਦੇ ਮੁਕੱਦਮੇਂ ਦੀ ਤਾਰੀਖ਼ ਆ ਗਈ। ਵਕੀਲ ਝਗੜੇ। ਜੱਜ ਨੇ ਫ਼ੈਸਲਾ ਸੁਣਾਇਆ: ਜੂਪੇ ਨੂੰ ਡਿਪੋਰਟੇਸ਼ਨ ਦੇ ਹੁਕਮ, ਲੱਖੀ ਅਤੇ ਪਿੰਦਰ ਦਾ ਤਲਾਕ, ਮਕਾਨ ਵਿਚੋਂ ਲੱਖੀ ਦਾ ਅੱਧਾ ਹਿੱਸਾ ਪੱਕਾ, ਮਕਾਨ ਰੱਖਣ ਵਾਲੀ ਧਿਰ ਦੂਜੇ ਨੂੰ ਦੋ ਹਫ਼ਤਿਆਂ ਦੇ ਅੰਦਰ ਅੰਦਰ ਅੱਧੀ ਕੀਮਤ ਤਾਰੇਗੀ! ਫ਼ੈਸਲਾ ਸੁਣ ਕੇ ਪਿੰਦਰ ਬੇਹੋਸ਼ ਹੋ ਗਈ। ਐਂਬੂਲੈਂਸ ਪਿੰਦਰ ਨੂੰ ਹਸਪਤਾਲ ਨੂੰ ਲੱਦ ਤੁਰੀ। ਪਿੰਦਰ ਕੋਲ ਪੱਕਾ ਵੀਜ਼ਾ ਹੋਣ ਕਾਰਨ ਉਸ ਨੂੰ ਡਿਪੋਰਟ ਨਹੀਂ ਕੀਤਾ ਜਾ ਸਕਦਾ ਸੀ। ਪੁਲੀਸ ਨੇ ਜੂਪੇ ਦੇ ਹੱਥਕੜੀਆਂ ਜੜ ਲਈਆਂ। ਜਹਾਜ ਦੀ ਸੀਟ ਮਿਲਣ ਤੱਕ ਉਸ ਨੂੰ ਪੁਲੀਸ ਹਿਰਾਸਤ ਵਿਚ ਰਹਿਣਾ ਪੈਣਾ ਸੀ। ਸਾਰਾ ਕਾਰਜ ਕਾਨੂੰਨ ਅਧੀਨ ਹੋ ਰਿਹਾ ਸੀ।

ਹੱਥਕੜੀਆਂ ਵਿਚ ਜਕੜੇ ਜੂਪੇ ਨੂੰ ਲੱਖੀ ਨੇ ਤਰਕ ਦਾ ਬਾਣ ਮਾਰਿਆ।

-'ਕਿਉਂ ਬਈ ਜੂਪਿਆ! ਬਣਨੈਂ ਯੋਧਾ?'

-'ਪ੍ਰਾਹੁਣਿਆਂ-ਮੇਰਾ ਬੋਲਿਆ ਚੱਲਿਆ ਮਾਫ਼ ਕਰੀਂ...ਇਕ ਦੀ ਥਾਂ ਅੱਧੀ ਖਾ ਕੇ 'ਕਾਲਜਾ ਧਾਫ਼ੜ' ਲਿਆ ਕਰੂੰਗਾ-ਪਰ ਮੇਰੀ ਇਕ ਬੇਨਤੀ ਜਰੂਰ ਸੁਣ ਲੈ।'

-'ਬੋਲ?'

-'ਜੇ ਪਿੰਦਰ ਮਰ ਜਾਵੇ-ਐਥੇ ਈ ਕਿਤੇ ਫੂਕ ਦੇਇਓ-ਸਾਡੇ ਪ੍ਰੀਵਾਰ ਵੱਲੀਓਂ ਤਾਂ ਉਹ ਓਦਣ ਈ ਮਰ ਗਈ ਸੀ-ਜਿੱਦੇਂ...!' ਗੱਲ ਜੂਪੇ ਦੇ ਸੰਘ ਵਿਚ ਹੀ ਮੁੱਕ ਗਈ। ਹੰਝੂ ਉਸ ਦੇ ਗਲ ਵਿਚ ਬਿਲਕੀ ਜਾ ਰਹੇ ਸਨ।

-'ਸਾਡੀ ਬੇਬੇ ਬਾਪੂ ਵੀ ਘੱਟ ਨ੍ਹੀਂ, ਪ੍ਰਾਹੁਣਿਆਂ! ਉਨ੍ਹਾਂ ਨੇ ਵੀ ਇਹਨੂੰ ਸਹੁਰਿਆਂ ਦੇ ਖਿਲਾਫ਼ ਈ ਰੇਤੀ ਰੱਖਿਐ-ਸਿਰਫ਼ ਧੀ ਦੀ ਕਮਾਈ 'ਤੇ ਐਸ਼ ਕਰਨ ਵਾਸਤੇ-ਤੇ ਆਹ ਦੇਖਲਾ! ਸਾਰਾ ਕੁਛ ਈ ਮਿੰਟਾਂ 'ਚ ਸੁਆਹ ਹੋ ਗਿਆ।' ਜੂਪਾ ਤੁਰਿਆ ਜਾਂਦਾ ਕੁਮੈਂਟਰੀ ਕਰਦਾ ਜਾ ਰਿਹਾ ਸੀ।

ਨਵੇਂ ਖਰੀਦੇ ਪਸ਼ੂ ਵਾਂਗ ਸਿਪਾਹੀ ਜੂਪੇ ਨੂੰ ਜੇਲ੍ਹ ਦੀ ਗੱਡੀ ਵੱਲ ਧੂਹੀ ਜਾ ਰਹੇ ਸਨ।

# ਆਖ਼ਿਰ ਕਦੋਂ ਖ਼ਤਮ ਹੋਵੇਗਾ ਮਨੁੱਖੀ ਤਸਕਰੀ ਦਾ ਮਕੜਜਾਲ?

ਅੱਜ ਤੋਂ ਸੈਂਕੜੇ ਸਾਲ ਪਹਿਲਾਂ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਦੂਜੇ ਮੁਲਕਾਂ ਵਿਚ ਵੀ ਪਸ਼ੂਆਂ ਦੇ ਨਾਲ-ਨਾਲ ਮਨੁੱਖਾਂ ਦੀ ਵੀ ਮੰਡੀ ਲੱਗਦੀ ਹੁੰਦੀ ਸੀ। ਜਵਾਨ ਔਰਤਾਂ ਤੇ ਮਰਦਾਂ ਅਤੇ ਬੱਚਿਆਂ ਤੱਕ ਦੀ ਵੀ ਬੋਲੀ ਲਗਾਈ ਜਾਂਦੀ ਸੀ ਤੇ ਖ਼ਰੀਦ ਕੇ ਲੈ ਜਾਣ ਤੋਂ ਬਾਅਦ ਮਾਲਕ ਵੱਲੋਂ ਉਨ੍ਹਾਂ ਨੂੰ ਬਿਨਾ ਕੋਈ ਪੈਸਾ ਜਾਂ ਮਜ਼ਦੂਰੀ ਅਦਾ ਕੀਤਿਆਂ, ਕਈ ਵਰ੍ਹਿਆਂ ਤੱਕ ਗ਼ੁਲਾਮਾਂ ਵਾਂਗ ਕੰਮ ਲਿਆ ਜਾਂਦਾ ਸੀ। ਔਰਤਾਂ ਤੇ ਬੱਚੀਆਂ ਦਾ ਤਾਂ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਗ਼ੁਲਾਮ ਪ੍ਰਥਾ ਖ਼ਿਲਾਫ਼ ਦੁਨੀਆ ਭਰ ਵਿਚ ਉੱਠੇ ਵੱਖ-ਵੱਖ ਅੰਦੋਲਨਾਂ ਕਰਕੇ ਇਹ ਪ੍ਰਥਾ ਕਾਫੀ ਹੱਦ ਤੱਕ ਖ਼ਤਮ ਹੋ ਗਈ ਮੰਨੀ ਜਾਣ ਲੱਗ ਪਈ ਸੀ ਪਰ ਕੁਝ ਇਕ ਸਮਾਜ ਵਿਗਿਆਨੀਆਂ ਦਾ ਮਤ ਹੈ ਕਿ ਸਮਾਂ ਬਦਲਣ ਨਾਲ ਕਈ ਥਾਂਈਂ ਮਨੁੱਖੀ ਖ਼ਰੀਦੋ-ਫ਼ਰੋਖ਼ਤ ਦਾ ਸਰੂਪ ਹੀ ਬਦਲਿਆ ਹੈ ਪਰ ਇਹ

**ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਪ੍ਰਥਾ ਅਜੇ ਸੰਸਾਰ ਵਿਚੋਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਅੱਜ ਵੀ ਦੁਨੀਆਂ ਭਰ ਵਿਚੋਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਤੋਂ ਸਰੀਰਕ ਮਿਹਨਤ ਜਾਂ ਬੰਧੂਆ ਮਜ਼ਦੂਰੀ ਵਾਲੇ ਕੰਮ ਕਰਵਾਏ ਜਾਂਦੇ ਹਨ ਜਾਂ ਫਿਰ ਭੀਖ ਮੰਗਣ ਦੇ 'ਕਾਲੇ ਕਾਰੋਬਾਰ' ਵਿਚ ਲਗਾ ਦਿੱਤਾ ਜਾਂਦਾ ਹੈ। ਅਗਵਾ ਕਰ ਕੇ ਬੰਧੂਆ ਬਣਾ ਲਈਆਂ ਗਈਆਂ ਲੜਕੀਆਂ ਨੂੰ ਵੇਸ਼ਵਾਗਮਨੀ ਦੇ ਧੰਦੇ ਵਿਚ ਧਕੇਲ ਕੇ ਉਨ੍ਹਾਂ ਦਾ ਜੀਵਨ ਨਾਸ ਕਰ ਦਿੱਤਾ ਜਾਂਦਾ ਹੈ। ਮਨੁੱਖੀ ਤਸਕਰਾਂ ਵੱਲੋਂ 'ਡੰਕੀ' ਲਗਾ ਕੇ ਵਿਦੇਸ਼ਾਂ ਵਿਚ ਭੇਜੇ ਜਾਣ ਵਾਲੇ ਅਧਿਕਤਰ ਪੁਰਸ਼ ਤੇ ਇਸਤਰੀਆਂ ਰਸਤੇ ਵਿਚ ਦਰਦਨਾਕ ਮੌਤ ਦਾ ਸ਼ਿਕਾਰ ਬਣ ਜਾਂਦੇ ਹਨ ਪਰ ਪੈਸੇ ਲੈਣ ਵਾਲੇ ਏਜੰਟਾਂ ਨੂੰ ਰਤਾ ਤਰਸ ਨਹੀਂ ਆਉਂਦਾ।

30 ਜੁਲਾਈ ਦਾ ਦਿਨ ਉਪਰੋਕਤ ਕਸ਼ਟਾਂ ਨੂੰ ਆਪਣੇ ਪਿੰਡਿਆਂ 'ਤੇ ਹੰਢਾਉਣ ਵਾਲੇ ਲੋਕਾਂ ਨੂੰ ਸਮਰਪਿਤ ਹੈ ਤੇ ਪੂਰੇ ਵਿਸ਼ਵ ਵਿਚ ਇਹ ਦਿਨ 'ਇੰਟਰਨੈਸ਼ਨਲ ਡੇਅ ਅਗੇਂਸਟ ਟਰੈਫਿਕਿੰਗ ਇਨ ਹਿਊਮਨਜ਼' ਭਾਵ 'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' ਦੇ ਸਿਰਲੇਖ ਹੇਠ ਹਰ ਸਾਲ ਮਨਾਇਆ ਜਾਂਦਾ ਹੈ। ਸੰਨ 2013 ਵਿਚ ਹੋਈ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਵਿਚ ਇਸ ਦਿਵਸ ਨੂੰ ਮਨਾਉਣ ਸਬੰਧੀ ਮਤਾ ਪਾਸ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਮਨੁੱਖੀ ਤਸਕਰੀ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਸਮਰਪਿਤ ਕਰਕੇ ਇਕ ਅਜਿਹਾ ਦਿਨ ਮਨਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ ਜਿਸ ਵਿਚ ਪੀੜਤ ਲੋਕਾਂ ਦੇ ਹੱਕਾਂ ਸਬੰਧੀ ਜਾਗਰੂਕਤਾ ਫੈਲਾਈ ਜਾਵੇ ਤੇ ਪੀੜਤਾਂ ਨੂੰ ਨਰਕ ਕੁੰਭ 'ਚੋਂ ਕੱਢ ਕੇ ਚੰਗਾ ਜੀਵਨ ਜਿਊਣ ਦੇ ਕਾਬਿਲ ਬਣਾਇਆ ਜਾਵੇ। ਸੰਨ 2003 ਵਿਚ ਸੰਯੁਕਤ ਰਾਸ਼ਟਰ ਦੇ 'ਡਰੱਗ ਐਂਡ ਕ੍ਰਾਈਮ ਵਿਭਾਗ' ਨੇ ਉਕਤ ਸਮੱਸਿਆ ਨਾਲ ਪੀੜਤ ਸਵਾ ਦੋ ਲੱਖ ਦੇ ਕਰੀਬ ਵਿਅਕਤੀਆਂ ਦੀ ਪਛਾਣ ਕੀਤੀ ਸੀ ਤੇ ਉਪਰੰਤ ਸਮੂਹ ਮੁਲਕਾਂ ਨੇ ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮੁਕਤੀ ਦੁਆਉਣ ਦੀ ਪ੍ਰਕਿਰਿਆ ਅਰੰਭ ਕਰ ਦਿੱਤੀ ਸੀ।

ਮਨੁੱਖੀ ਤਸਕਰੀ ਸਬੰਧੀ ਪ੍ਰਾਪਤ ਅੰਕੜੇ ਦਿਲ-ਕੰਬਾਊ ਹਨ। ਇਹ ਅੰਕੜੇ ਦੱਸਦੇ ਹਨ ਕਿ ਸੰਸਾਰ ਭਰ ਵਿਚ ਹਰ ਸਾਲ 2.5 ਕਰੋੜ ਦੇ ਕਰੀਬ ਲੋਕ ਮਨੁੱਖੀ ਤਸਕਰੀ ਦਾ ਸ਼ਿਕਾਰ ਹੁੰਦੇ ਹਨ ਤੇ 'ਵੱਡਾ ਉਦਯੋਗ' ਬਣਦਾ ਜਾ ਰਿਹਾ ਇਹ ਅਣਮਨੁੱਖੀ ਵਰਤਾਰਾ ਔਸਤਨ 150 ਬਿਲੀਅਨ



ਡਾਲਰ ਭਾਵ 15000 ਕਰੋੜ ਰੁਪਏ ਦੀ 'ਆਮਦਨੀ' ਪੈਦਾ ਕਰਦਾ ਹੈ ਤੇ ਹਰ ਚੜ੍ਹਦੇ ਸਾਲ ਨਾਲ ਇਸ ਧੰਦੇ ਦੀ ਕਮਾਈ ਵਧਦੀ ਜਾ ਰਹੀ ਹੈ। ਸਾਲ 2019 ਤੋਂ ਲੈ ਕੇ 2022 ਦੇ ਤਿੰਨ ਸਾਲ ਦੇ ਅਰਸੇ ਦੌਰਾਨ ਮਨੁੱਖੀ ਤਸਕਰੀ ਵਿਚ ਸੰਸਾਰ ਪੱਧਰ 'ਤੇ 25 ਫ਼ੀਸਦੀ ਵਾਧਾ ਹੋਇਆ ਸੀ ਜਿਸ ਵਿਚ ਬੱਚਿਆਂ ਦੀ ਤਸਕਰੀ ਵਿਚ ਪਿਛਲੇ ਸਮੇਂ ਦੀ ਤੁਲਨਾ ਵਿਚ 31 ਤੋਂ 38 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ। ਤਸਕਰੀ ਲਈ ਵਰਤੇ ਗਏ ਬੱਚਿਆਂ ਵਿਚੋਂ ਲੜਕੀਆਂ ਨੂੰ ਦੇਹ ਵਪਾਰ ਤੇ ਲੜਕਿਆਂ ਨੂੰ ਭੀਖ ਮੰਗਣ, ਬਾਲ ਮਜ਼ਦੂਰੀ ਜਾਂ ਸਮਗਲਿੰਗ, ਚੋਰੀ ਅਤੇ ਹੋਰ ਕਈ ਪ੍ਰਕਾਰ ਦੇ ਜੁਰਮ ਕਰਨ ਲਈ ਵਰਤਿਆ ਗਿਆ ਸੀ। ਕਿੰਨਾ ਹੌਲਨਾਕ ਤੇ ਸ਼ਰਮਨਾਕ ਤੱਥ ਹੈ ਕਿ ਮਨੁੱਖੀ ਤਸਕਰੀ ਦੇ ਸ਼ਿਕਾਰ ਮਨੁੱਖਾਂ ਵਿਚੋਂ 61 ਫ਼ੀਸਦੀ ਮਹਿਲਾਵਾਂ ਤੇ ਲੜਕੀਆਂ ਹੁੰਦੀਆਂ ਹਨ। ਇਕ ਰਿਪੋਰਟ ਅਨੁਸਾਰ ਮਨੁੱਖੀ ਤਸਕਰੀ ਦੀਆਂ ਸ਼ਿਕਾਰ ਔਰਤਾਂ ਜਾਂ ਲੜਕੀਆਂ ਵਿਚੋਂ 65 ਫ਼ੀਸਦੀ ਨੂੰ ਦੇਹ ਵਪਾਰ ਦੇ ਧੰਦੇ ਵਿਚ ਲਗਾ ਦਿੱਤਾ ਜਾਂਦਾ ਹੈ ਤੇ 35 ਫ਼ੀਸਦੀ ਕੋਲੋਂ ਬੰਧੂਆ ਮਜ਼ਦੂਰੀ ਕਰਵਾਈ ਜਾਂਦੀ ਹੈ। ਸਾਲ 2017 ਤੋਂ 2023 ਤੱਕ ਦੇ ਅਰਸੇ ਦੌਰਾਨ ਸੰਸਾਰ ਦੇ 25 ਦੇਸ਼ਾਂ ਵਿਚੋਂ 175 ਮਾਮਲੇ ਅਜਿਹੇ ਆਏ ਸਨ ਜਿਨ੍ਹਾਂ ਵਿਚ ਤਸਕਰੀ ਲਈ ਵਰਤੇ ਗਏ ਮਨੁੱਖਾਂ ਦੇ ਸਰੀਰ ਦੇ ਮਹੱਤਵਪੂਰਨ ਅੰਗ ਕੱਢ ਲਏ ਗਏ ਸਨ। ਅਜਿਹੇ ਬਦਨਸੀਬਾਂ ਵਿਚੋਂ 63 ਫ਼ੀਸਦੀ ਪੁਰਸ਼ ਅਤੇ ਬਾਲਗ ਸਨ।

ਸਾਲ 2022 ਵਿਚ 'ਕੌਮਾਂਤਰੀ ਮਜ਼ਦੂਰ ਸੰਗਠਨ' ਅਤੇ 'ਵਾੱਕ ਫ਼ਰੀ ਫ਼ਾਊਂਡੇਸ਼ਨ' ਦੁਆਰਾ ਜਾਰੀ ਕੀਤੇ ਇਕ ਅਨੁਮਾਨ ਮੁਤਾਬਿਕ ਦੁਨੀਆਂ ਭਰ ਵਿਚ ਸਾਲ 2021 ਵਿਚ ਪੰਜ ਕਰੋੜ ਤੋਂ ਵੱਧ ਲੋਕ 'ਆਧੁਨਿਕ ਗ਼ੁਲਾਮੀ' ਦੇ ਸ਼ਿਕਾਰ ਸਨ ਜਿਨ੍ਹਾਂ ਵਿਚੋਂ 2.76 ਕਰੋੜ ਲੋਕ 'ਬੰਧੂਆ ਮਜ਼ਦੂਰੀ' ਅਤੇ 2.20 ਕਰੋੜ 'ਬੰਧੂਆ ਸ਼ਾਦੀ' ਭਾਵ ਜ਼ਬਰਦਸਤੀ ਦੀ ਸ਼ਾਦੀ ਜਿਹੀਆਂ ਕੁਰੀਤੀਆਂ ਕਰਕੇ ਸੰਤਾਪ ਹੰਢਾਅ ਰਹੇ ਸਨ। ਹਾਰਵਰਡ ਯੂਨੀਵਰਸਿਟੀ ਵੱਲੋਂ ਸਾਲ 2023 ਵਿਚ ਛਾਪੀ ਗਈ ਇਕ ਰਿਪੋਰਟ ਅਨੁਸਾਰ ਬੱਚਿਆਂ ਦੀ ਤਸਕਰੀ ਦੇ ਕੁੱਲ ਮਾਮਲਿਆਂ ਵਿਚੋਂ ਪੰਜਾਹ ਫ਼ੀਸਦੀ ਦੇ ਕਰੀਬ ਸਬੰਧਿਤ ਮੁਲਕ ਦੀਆਂ ਹੱਦਾਂ ਅੰਦਰ ਹੀ ਵਾਪਰਦੇ ਹਨ।

ਸੰਯੁਕਤ ਰਾਸ਼ਟਰ ਸੰਘ ਵੱਲੋਂ ਕਰਵਾਏ ਗਏ ਇਕ ਅਧਿਐਨ ਮੁਤਾਬਕ ਇਸ ਗੋਰਖਧੰਦੇ ਵਿਚ ਫਸ ਚੁੱਕੇ ਨੌਜਵਾਨਾਂ ਨੂੰ ਸ਼ਾਤਿਰ ਦਿਮਾਗ ਅਪਰਾਧੀਆਂ ਨੇ ਨੌਕਰੀ ਜਾਂ ਪੈਸਿਆਂ ਦਾ ਲਾਲਚ ਦੇ ਕੇ ਫਸਾਇਆ ਹੁੰਦਾ ਹੈ। ਨਿੱਕੇ ਬੱਚਿਆਂ ਨੂੰ ਜਾਂ ਤਾਂ ਅਗਵਾ ਕਰ ਲਿਆ ਜਾਂਦਾ ਹੈ ਜਾਂ ਗ਼ਰੀਬ ਮਾਪਿਆਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਬੱਚੇ ਉਨ੍ਹਾਂ ਤੋਂ ਲੈ ਲਏ ਜਾਂਦੇ ਹਨ ਤੇ ਫਿਰ ਇਸ ਕਾਲੇ ਕਾਰੋਬਾਰ ਵਿਚ ਧੱਕ ਦਿੱਤੇ ਜਾਂਦੇ ਹਨ। ਇਸ ਧੰਦੇ ਦੇ ਮਾਹਿਰ ਲੋਕ ਸਮਾਜ ਵਿਚ ਗ਼ਰੀਬ, ਇਕੱਲੇ, ਬੇਰੁਜ਼ਗਾਰ, ਅਨਪੜ੍ਹ ਲੋਕਾਂ ਨੂੰ ਤਲਾਸ਼ਦੇ ਰਹਿੰਦੇ ਹਨ ਤੇ ਹੋਰ ਤਾਂ ਹੋਰ ਕਿਸੇ ਮੁਲਕ ਵਿਚ ਜੰਗ ਜਾਂ ਕੁਦਰਤੀ ਆਫ਼ਤ ਦੇ ਸ਼ਿਕਾਰ ਔਰਤਾਂ ਤੇ ਬੱਚਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਤੋਂ ਬਾਜ਼ ਨਹੀਂ ਆਉਂਦੇ। ਅਨੇਕਾਂ ਬੱਚਿਆਂ ਤੇ ਔਰਤਾਂ ਨੂੰ ਤਾਂ ਅਜਿਹੇ ਅਣਜਾਣ ਮੁਲਕਾਂ ਵਿਚ ਲਿਜਾਇਆ ਜਾਂਦਾ ਹੈ ਜਿੱਥੋਂ ਦੀ ਭਾਸ਼ਾ ਵੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਉਨ੍ਹਾਂ ਮੁਲਕਾਂ ਵਿਚ ਇਨ੍ਹਾਂ ਵਿਚਾਰਿਆਂ ਦੀ ਮਦਦ ਲਈ ਕੋਈ ਨਹੀਂ ਬਹੁੜਦਾ ਤੇ ਫਿਰ ਕਈ ਸਾਲ ਤਸ਼ੱਦਦ ਭਰੀ ਜ਼ਿੰਦਗੀ ਕੱਟਣ ਪਿੱਛੋਂ ਉਹ ਕਿਹੜੇ ਖੂਹ-ਖਾਤੇ ਪੈ ਜਾਂਦੇ ਹਨ, ਇਹ ਕੋਈ ਨਹੀਂ ਜਾਣਦਾ।

ਭਾਰਤ ਵਿਚ ਸੰਨ 2016 ਵਿਚ 2,90,439 ਲੋਕਾਂ ਦੇ ਗੁੰਮ ਹੋਣ ਸਬੰਧੀ ਰਿਪੋਰਟਾਂ ਦਰਜ ਹੋਈਆਂ ਸਨ ਜੋ ਸੰਨ 2018 ਵਿਚ ਵਧ ਕੇ 3,47,524 ਹੋ ਗਈਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿਚ 40 ਹਜ਼ਾਰ ਬੱਚੇ ਹਰ ਸਾਲ ਅਗਵਾ ਕੀਤੇ ਜਾਂਦੇ ਹਨ। ਇਕ ਹੋਰ ਰਿਪੋਰਟ ਅਨੁਸਾਰ 60 ਹਜ਼ਾਰ ਬੱਚੇ ਇਥੇ ਹਰ ਸਾਲ ਗੁੰਮਸ਼ੁਦਾ ਐਲਾਨੇ ਜਾਂਦੇ ਹਨ ਜਿਨ੍ਹਾਂ ਵਿਚੋਂ 11 ਹਜ਼ਾਰ ਦਾ ਤਾਂ ਕੋਈ ਅਤਾ-ਪਤਾ ਨਹੀਂ ਲੱਗਦਾ। ਸਾਲ 2020 ਵਿਚ ਮੱਧ ਪ੍ਰਦੇਸ਼ ਵਿਚ 8751 ਅਤੇ ਰਾਜਸਥਾਨ ਵਿਚ 3179 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ ਤੇ ਸਾਲ 2021 ਵਿਚ ਇਹ ਅੰਕੜਾ ਵਧ ਕੇ ਕ੍ਰਮਵਾਰ 10648 ਅਤੇ 5354 ਹੋ ਗਿਆ ਸੀ ਤੇ ਸਾਲ 2021 ਵਿਚ ਹੀ ਉੱਤਰ ਪ੍ਰਦੇਸ਼ ਤੋਂ 2998 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਸਾਲ 2022 ਵਿਚ ਭਾਰਤ ਅੰਦਰ ਮਹਿਲਾਵਾਂ ਨਾਲ ਸਬੰਧਿਤ ਅਪਰਾਧਾਂ ਦੀ ਸੰਖਿਆ 4,45,256 ਸੀ ਜਿਨ੍ਹਾਂ ਵਿਚ 62,099 ਮੁਟਿਆਰਾਂ ਜਾਂ ਬੱਚੀਆਂ ਨੂੰ ਅਗਵਾ ਕੀਤੇ ਜਾਣ ਸਬੰਧੀ ਅਪਰਾਧ ਵੀ ਸ਼ਾਮਿਲ ਸਨ। ਵਧੇਰੇ ਦੁੱਖ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਹੁਣ ਤੱਕ ਗੁਮਸ਼ੁਦਾ ਐਲਾਨੇ ਗਏ ਬੱਚਿਆਂ ਵਿਚੋਂ 83 ਫ਼ੀਸਦੀ ਲੜਕੀਆਂ ਸਨ ਜਿਨ੍ਹਾਂ ਵਿਚੋਂ ਅਧਿਕਤਰ ਦੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਸੀ। ਤਕਰੀਬਨ 12 ਹਜ਼ਾਰ ਤੋਂ ਲੈ ਕੇ 50 ਹਜ਼ਾਰ ਤੱਕ ਔਰਤਾਂ ਤੇ ਬੱਚੇ ਹਰ ਸਾਲ ਗੁਆਂਢੀ ਮੁਲਕਾਂ ਤੋਂ ਲਿਆ ਕੇ ਭਾਰਤ ਵਿਚ ਦੇਹ ਵਪਾਰ ਦੇ ਧੰਦੇ ਵਿਚ ਧਕੇਲ ਦਿੱਤੇ ਜਾਂਦੇ ਹਨ। ਯੂਨੀਸੈਫ਼ ਦੀ ਰਿਪੋਰਟ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੱਖ ਤੋਂ ਵੱਧ ਬੱਚਿਆਂ ਨੂੰ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਚੱਲ ਰਹੇ ਹਥਿਆਰਬੰਦ ਵਿਦਰੋਹਾਂ ਵਿਚ ਵਰਤਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਢੇ ਬਾਰ੍ਹਾਂ ਲੱਖ ਬੱਚਿਆਂ ਨੂੰ ਬੇਹੱਦ ਖ਼ਤਰਨਾਕ ਕੰਮ-ਧੰਦਿਆਂ ਵਿਚ ਲਗਾਇਆ ਗਿਆ ਹੈ। ਅਮਰੀਕਾ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੂੰ 'ਚਾਈਲਡ ਪੋਰਨ ਇੰਡਸਟਰੀ' ਵਿਚ ਵਰਤਿਆ ਜਾਂਦਾ ਹੈ। ਭਾਰਤ ਵਿਚ ਕਈ ਬਾਗ਼ੀ ਜਨਸਮੂਹਾਂ ਨੇ ਤਾਂ 'ਬਾਲ ਦਸਤੇ' ਵੀ ਕਾਇਮ ਕੀਤੇ ਹੋਏ ਹਨ। ਇਥੇ ਤਿੰਨ ਲੱਖ ਦੇ ਕਰੀਬ ਬੱਚੇ ਭੀਖ ਮੰਗਦੇ ਹਨ ਤੇ 44 ਹਜ਼ਾਰ ਬੱਚੇ ਵੱਖ-ਵੱਖ ਅਪਰਾਧੀ ਗਿਰੋਹਾਂ ਲਈ ਕੰਮ ਕਰਦੇ ਹਨ। ਭਾਰਤੀ ਪੁਲੀਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ 20 ਲੱਖ ਔਰਤਾਂ ਤੇ ਬੱਚੇ 'ਰੈੱਡਲਾਈਟ ਖੇਤਰਾਂ' ਵਿਚ ਸਰਗਰਮ ਹਨ। ਦੇਹ ਵਪਾਰ ਦੇ ਧੰਦੇ ਨਾਲ ਜੁੜੇ ਲੋਕਾਂ ਵਿਚ 40 ਫ਼ੀਸਦੀ ਬੱਚੇ ਹਨ। ਇਹ ਸਭ ਅੰਕੜੇ ਬੜੇ ਹੀ ਤਕਲੀਫ਼ਦੇਹ ਅਤੇ ਮਾਨਵਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਹਨ। ਹੈਰਾਨੀ ਦੀ ਗੱਲ ਹੈ ਕਿ 'ਕੌਮੀ ਅਪਰਾਧ ਰਿਕਾਰਡ ਬਿਊਰੋ' ਵੱਲੋਂ ਸਾਲ 2023 ਅਤੇ 2024 ਲਈ ਭਾਰਤ ਵਿਚ ਗੁੰਮਸ਼ੁਦਾ ਵਿਅਕਤੀਆਂ ਬਾਰੇ ਕੋਈ ਅੰਕੜੇ ਜਾਰੀ ਹੀ ਨਹੀਂ ਕੀਤੇ ਗਏ ਹਨ।

ਭਾਰਤੀ ਦੰਡਾਵਲੀ ਦਾ ਸੈਕਸ਼ਨ 370 ਮਨੁੱਖੀ ਤਸਕਰੀ ਨੂੰ ਅਪਰਾਧ ਘੋਸ਼ਿਤ ਕਰਦਾ ਹੈ ਤੇ ਤਸਕਰੀ ਲਈ ਵਰਤੇ ਗਏ ਮਨੁੱਖਾਂ ਦਾ ਕਿਸੇ ਵੀ ਪ੍ਰਕਾਰ ਦਾ ਸਰੀਰਕ ਸ਼ੋਸ਼ਣ ਕਰਨਾ, ਗੁਲਾਮ ਬਣਾ ਕੇ ਰੱਖਣਾ ਜਾਂ ਨੌਕਰਾਂ ਵਾਂਗ ਕੰਮ ਲੈਣਾ ਆਦਿ ਨੂੰ ਅਪਰਾਧਾਂ ਦੀ ਸ਼੍ਰੇਣੀ 'ਚ ਰੱਖਦਿਆਂ ਬਾਲਗਾਂ ਦੀ ਤਸਕਰੀ ਦੇ ਮਾਮਲੇ 'ਚ 7 ਤੋਂ 10 ਸਾਲ ਦੀ ਸਜ਼ਾ ਅਤੇ ਜੁਰਮਾਨਾ ਅਤੇ ਨਾਬਾਲਗਾਂ ਦੇ ਮਾਮਲੇ 'ਚ 10 ਸਾਲ ਤੋਂ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਰੱਖੀ ਗਈ ਹੈ। ਇਸੇ ਤਰ੍ਹਾਂ ਸੈਕਸ਼ਨ 372, 373 ਤਹਿਤ ਬੱਚਿਆਂ ਦੀ ਤਸਕਰੀ ਕਰਕੇ ਉਨ੍ਹਾਂ ਨੂੰ ਵੇਸਵਾਗਮਨੀ ਜਾਂ ਬੰਧੂਆ ਮਜ਼ਦੂਰੀ ਦੀ ਦਲਦਲ ਵਿਚ ਧਕੇਲਣਾਂ ਬੱਜਰ ਗੁਨਾਹ ਮੰਨਿਆ ਗਿਆ ਹੈ ਜਿਸਦੇ ਬਦਲੇ

**'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' 'ਤੇ ਵਿਸ਼ੇਸ਼**

ਵਿਚ ਸਖ਼ਤ ਸਜ਼ਾਵਾਂ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ ਪਰ ਬੜੇ ਹੀ ਅਫ਼ਸੋਸ ਅਤੇ ਸ਼ਰਮਿੰਦਗੀ ਦੀ ਗੱਲ ਹੈ ਕਿ ਕੌਮੀ ਅਪਰਾਧ ਬਿਊਰੋ ਦੇ ਅੰਕੜਿਆਂ ਅਨੁਸਾਰ ਸਾਲ 2022 ਵਿਚ ਭਾਰਤ ਅੰਦਰ ਮਨੁੱਖੀ ਤਸਕਰੀ ਦੇ 2250 ਮਾਮਲੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ 676 ਮਾਮਲੇ ਕਿਸੇ ਨਤੀਜੇ 'ਤੇ ਪੁੱਜੇ ਸਨ। ਇਨ੍ਹਾਂ ਮੁਕੱਦਮਿਆਂ ਵਿਚੋਂ 131 ਮਾਮਲਿਆਂ ਵਿਚ ਸ਼ਾਮਿਲ 204 ਵਿਅਕਤੀ ਦੋਸ਼ੀ ਪਾਏ ਗਏ ਸਨ ਜਦੋਂ ਕਿ 545 ਮਾਮਲਿਆਂ ਵਿਚ 1134 ਵਿਅਕਤੀਆਂ ਨੂੰ ਬਰੀ ਕਰਾਰ ਦਿੰਦਿਆਂ ਹੋਇਆਂ ਰਿਹਾਅ ਕਰ ਦਿੱਤਾ ਗਿਆ ਸੀ। ਇਹ ਬਰੀ ਕੀਤੇ ਜਾਣ ਵਾਲੇ ਮਾਮਲਿਆਂ ਦੀ ਸੰਖਿਆ 81 ਫ਼ੀਸਦੀ ਬਣਦੀ ਸੀ। ਦੁੱਖ ਅਤੇ ਹੈਰਾਨੀ ਦੀ ਗੱਲ ਹੈ ਕਿ ਸਾਲ 2021 ਵਿਚ ਇਨ੍ਹਾਂ ਬਰੀ ਹੋਣ ਵਾਲੇ ਮਾਮਲਿਆਂ ਦੀ ਸੰਖਿਆ 84 ਫ਼ੀਸਦੀ ਸੀ। ਉਕਤ 2250 ਮਾਮਲਿਆਂ ਵਿਚ 6 ਹਜ਼ਾਰ ਵਿਅਕਤੀਆਂ ਦੇ ਗੁੰਮ ਹੋ ਜਾਣ ਦੀ ਗੱਲ ਸਾਹਮਣੇ ਆਈ ਸੀ ਜਿਨ੍ਹਾਂ ਵਿਚੋਂ 2878 ਬੱਚੇ ਸਨ ਤੇ 1 ਹਜ਼ਾਰ ਲੜਕੀਆਂ ਸਨ।

ਮਨੁੱਖੀ ਤਸਕਰੀ ਦੀ ਮਾਰ ਦਾ ਅਸਰ ਪੰਜਾਬ ਨੇ ਵੀ ਝੱਲਿਆ ਹੈ ਤੇ ਨਿਰੰਤਰ ਝੱਲ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪੰਜਾਬ ਤੋਂ ਕੈਨੇਡਾ, ਇੰਗਲੈਂਡ, ਅਮਰੀਕਾ, ਆਸਟਰੇਲੀਆ, ਇਟਲੀ ਅਤੇ ਨਿਊਜ਼ੀਲੈਂਡ ਜਾਣ ਲਈ ਤਰਲੋਮੱਛੀ ਹੁੰਦੇ ਨੌਜਵਾਨ ਔਸਤਨ 20 ਤੋਂ 60 ਲੱਖ ਰੁਪਏ ਖ਼ਰਚਣ ਦੇ ਬਾਵਜੂਦ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਟੱਪ ਕੇ ਉਕਤ ਦੇਸ਼ਾਂ ਵਿਚ ਜਾਣ ਲਈ ਤਿਆਰ ਰਹਿੰਦੇ ਹਨ। 'ਡੰਕੀ' ਰੂਟ ਰਾਹੀਂ ਵਿਦੇਸ਼ਾਂ ਵਿਚ ਪੁੱਜਣ ਵਾਲੇ ਨੌਜਵਾਨਾਂ ਨੂੰ 'ਨਰਕ' ਵਰਗੇ ਦਿਨ ਵੇਖਣੇ ਪੈਂਦੇ ਹਨ ਤੇ ਕਈਆਂ ਨੂੰ ਤੇ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਅਜਿਹੇ ਨੌਜਵਾਨਾਂ ਦੇ ਮਾਪੇ ਇਕ ਤਾਂ ਪੁੱਤ ਗੁਆ ਕੇ 'ਕੱਖੋਂ ਹੌਲ੍ਹੇ' ਹੋ ਜਾਂਦੇ ਹਨ ਤੇ ਦੂਜੇ ਪਾਸੇ ਘਰ-ਕੁੱਲਾ ਗਹਿਣੇ ਰੱਖ ਕੇ ਲਏ ਕਰਜ਼ੇ ਸਦਕਾ ਵਿਦੇਸ਼ ਭੇਜੇ ਬੱਚੇ ਦੀ ਮੌਤ ਹੋ ਜਾਣ ਕਰਕੇ ਆਰਥਿਕ ਪੱਖੋਂ ਵੀ ਤਬਾਹ ਹੋ ਜਾਂਦੇ ਹਨ। ਇਕ ਰਿਪੋਰਟ ਅਨੁਸਾਰ ਪੰਜਾਬ ਛੱਡ ਕੇ ਵਿਦੇਸ਼ ਜਾਣ ਦੀ ਚਾਹਤ ਰੱਖਣ ਵਾਲੇ ਨੌਜਵਾਨਾਂ ਦੇ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਵਿਚ ਵੀ ਹਰ ਸਾਲ 27000 ਕਰੋੜ ਰੁਪਏ ਦਾ ਸਰਮਾਇਆ ਪੰਜਾਬ 'ਚੋਂ ਬਾਹਰ ਚਲਾ ਜਾਂਦਾ ਹੈ ਜੋ ਪੰਜਾਬ ਦੀ ਆਰਥਿਕਤਾ 'ਤੇ ਭਾਰੀ ਸੱਟ ਮਾਰਦਾ ਹੈ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਤੋਨੀਓ ਗੁਟੇਰੇਜ ਨੇ ਕਿਹਾ ਸੀ-"ਅੱਜ ਦੇ ਦਿਨ ਆਓ ਉਸ ਪ੍ਰਣ ਨੂੰ ਦੁਹਰਾਈਏ ਕਿ ਅਸੀਂ ਉਨ੍ਹਾਂ ਸਾਰੇ ਅਪਰਾਧੀਆਂ ਨੂੰ ਨੱਥ ਪਾਵਾਂਗੇ ਜੋ ਆਪਣੇ ਫ਼ਾਇਦੇ ਲਈ ਬੜੀ ਬੇਦਰਦੀ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਦੇ ਹਨ ਤੇ ਨਾਲ ਹੀ ਇਹ ਪ੍ਰਣ ਵੀ ਦੁਹਰਾਈਏ ਕਿ ਪੀੜਤ ਲੋਕਾਂ ਨੂੰ ਅਸੀਂ ਉਨ੍ਹਾਂ ਦੇ ਮਨੁੱਖੀ ਅਧਿਕਾਰ ਵਾਪਿਸ ਦਿਵਾ ਕੇ ਉਨ੍ਹਾਂ ਨੂੰ ਇਕ ਚੰਗਾ ਜੀਵਨ ਜਿਊਣ ਲਈ ਦੇਵਾਂਗੇ।"

# ਉੱਦਮ ਅੱਗੇ ਲੱਛਮੀਂ ਜਿਉਂ ਪੱਖੇ ਅੱਗੇ ਪੌਣ !

>ਆਪਣੇ ਪਿੰਡ ਲਾਗੇ ਵਗਦੇ ਸਤਲੁਜ ਕੰਢੇ ਸਵੇਰੇ ਸਵੇਰੇ ਸੈਰ ਕਰਨ ਵੇਲੇ ਪਿਛਲੇ ਸਾਲ ਤਾਂ ਮੈਂ ਝੱਲ ਵਿਚ ਦੋ ਬਾਂਦਰ ਦੇਖੇ ਸਨ ਪਰ ਇਸ ਸਾਲ 2025 ਦੇ ਫਰਵਰੀ ਮਹੀਨੇ ਤੋਂ ਲੈ ਕੇ ਹੁਣ ਜੁਲਾਈ ਦੇ ਅਖੀਰ ਤੱਕ ਰੋਜ਼ਾਨਾ ਸੈਰ ਕਰਦਿਆਂ ਮੈਨੂੰ ਉੱਥੇ ਕੋਈ ਬਾਂਦਰ ਨਹੀਂ ਦਿਸਿਆ। ਪਰ ਅੱਜ ਸਵੇਰੇ ਜਦ ਮੈਂ ਰੋਜ਼ ਵਾਂਗ ਸਾਈਕਲ ਚਲਾਉਂਦਾ ਬੰਨ੍ਹ ਉੱਤੇ ਚੜ੍ਹਿਆ ਤਾਂ ਮੋਹਰੇ ਸੱਤ ਅੱਠ ਬਾਂਦਰ ਬੈਠੇ



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 78146-92724**

ਦੇਖ ਕੇ ਮੈਂ ਹੈਰਾਨ ਰਹਿ ਗਿਆ!

>ਗਰਮੀ ਕਾਰਨ ਮੁੜ੍ਹਕੇ ਨਾਲ਼ ਮੈਂ ਗਹਿਗੱਚ ਹੋਇਆ ਪਿਆ ਸਾਂ। ਜਦ ਮੈਂ ਮੂੰਹ-ਮੱਥਾ ਪੂੰਝਣ ਲਈ ਸਾਈਕਲ ਦੀ ਟੋਕਰੀ 'ਚ ਪਏ ਕੱਪੜੇ ਨੂੰ ਹੱਥ ਪਾਇਆ ਤਾਂ ਸਾਰੇ ਬਾਂਦਰ 'ਘੁਰ...ਘੁਰ, ਇਊਂ...ਇਊਂ' ਦੀਆਂ ਅਵਾਜ਼ਾਂ ਕੱਢਦੇ ਮੇਰੇ ਕੋਲ ਨੂੰ ਆ ਗਏ!

>ਮੈਨੂੰ ਲੱਗਿਆ ਉਨ੍ਹਾਂ ਸੋਚਿਆ ਹੋਵੇਗਾ ਕਿ ਖੌਰੇ ਇਹ ਸਾਨੂੰ ਕੁੱਝ ਖਾਣ ਲਈ ਦੇਣ ਲੱਗਾ! ਸਵੇਰੇ ਸਵੇਰੇ ਵਿਚਾਰੇ ਭੁੱਖਣ ਭਾਣੇ ਹੀ ਹੋਣਗੇ? ਇਹ ਸੋਚ ਕੇ ਮੈਂ ਬੇਜ਼ੁਬਾਨਾਂ ਪ੍ਰਤੀ ਤਰਸ ਜਿਹੇ ਨਾਲ ਭਰ ਗਿਆ। ਮਨ 'ਚ ਪਛਤਾਵਾ ਕਿ ਕਿਤੇ ਅੱਜ ਵੀ ਮੈਂ ਪਿਛਲੇ ਸਾਲ ਵਾਂਗ ਆਪਣੇ ਕੋਲ ਬਰੈੱਡ ਲੈ ਆਉਂਦਾ ਤਾਂ ਕਿੰਨਾ ਚੰਗਾ ਹੋਣਾ ਸੀ।

>ਸੋਚੀਂ ਪਏ ਨੂੰ ਇਕ ਫੁਰਨਾ ਫੁਰਿਆ! ਚੱਕਿਆ ਸਾਈਕਲ ਤੇ ਮੈਂ ਭੱਜ ਪਿਆ ਲਾਗਲੇ ਪਿੰਡ ਮਹੱਦੀ ਪੁਰ ਨੂੰ ਤਾਂ ਕਿ ਉੱਥੋਂ ਦੁਕਾਨ ਤੋਂ ਬਰੈੱਡ ਜਾਂ ਕੇਲੇ ਲੈ ਆਵਾਂ। ਮਹੱਦੀ ਪੁਰ ਪਿੰਡ 'ਚ ਕਿਸੇ ਦੁਕਾਨ ਬਾਰੇ ਪੁੱਛਿਆ, ਤਾਂ ਉੱਥੇ ਬੈਠੇ ਮੁੰਡੇ



ਕਹਿੰਦੇ ਜੀ ਸਾਡੇ ਪਿੰਡ ਕੋਈ ਦੁਕਾਨ ਈ ਹੈ ਨੀ!

>ਉਨ੍ਹਾਂ ਦੇ ਪੁੱਛਣ 'ਤੇ ਜਦ ਮੈਂ ਆਪਣਾ ਪ੍ਰਯੋਜਨ ਦੱਸਿਆ ਤਾਂ ਇਕ ਮੁੰਡਾ ਛਾਲ਼ ਮਾਰ ਕੇ ਉੱਠਿਆ ਤੇ ਕਹਿੰਦਾ ਜੀ ਨਾਲ਼ ਦੇ ਪਿੰਡ ਚਕਲੀ ਸਜ਼ਾਇਤ ਹੱਟੀ ਹੈਗੀ ਆ ਮੈਂ ਉੱਥੋਂ ਲਿਆ ਦਿੰਦਾ ਹਾਂ ਬਰੈੱਡ ਜਾਂ ਕੇਲੇ, ਜੋ ਵੀ ਮਿਲ਼ਿਆ!

>ਮੈਥੋਂ ਪੈਸੇ ਫੜ ਕੇ ਉਸਨੇ ਲਾਗੇ ਖੜ੍ਹੇ ਮੋਟਰਸਾਈਕਲ ਨੂੰ ਮਾਰੀ ਕਿੱਕ ਤੇ ਦਸਾਂ ਕੁ ਮਿੰਟਾਂ ਵਿਚ ਹੀ ਉਹ ਤਿੰਨ ਬਰੈੱਡ ਲੈ ਕੇ ਆ ਗਿਆ! ਕਹਿੰਦਾ ਜੀ ਉੱਥੇ ਜਿੰਨੇ ਸੀਗੇ ਜੀ ਮੈਂ ਚੁੱਕ ਲਿਆਇਆ ਹਾਂ !!

>ਉਹਦਾ ਧੰਨਵਾਦ ਕਰਕੇ ਮੈਂ ਤਿੰਨੋਂ ਬਰੈੱਡ ਸਾਈਕਲ ਦੀ ਟੋਕਰੀ 'ਚ ਰੱਖ ਕੇ ਦਰਿਆ ਵੱਲ੍ਹ ਨੂੰ ਭੱਜ ਪਿਆ। ਮਨ ਹੀ ਮਨ ਅਰਦਾਸ ਕਰਦਾ ਜਾਵਾਂ ਕਿ ਹੇ ਮਾਲਕਾ! ਬਾਂਦਰ ਉੱਥੇ ਹੀ ਮਿਲ਼ ਜਾਣ। ਹੋਰ ਨਾ ਕਿਤੇ ਏਧਰ-ਓਧਰ ਭੱਜ ਗਏ ਹੋਣ...!

>ਲਓ ਜੀ ਬੰਨ੍ਹ 'ਤੇ ਚੜ੍ਹ ਕੇ ਜਦ ਮੈਂ ਦੂਰ ਨਜ਼ਰ ਮਾਰੀ ਤਾਂ ਉੱਥੇ ਈ ਆਪਸ 'ਚ ਖੇਡ੍ਹੀਆਂ ਜਿਹੀਆਂ ਕਰਦੇ ਬਾਂਦਰ ਦੇਖ ਕੇ ਮੇਰੀ ਰੂਹ ਖਿੜ ਗਈ!

>ਬਸ ਜੀ...ਸਾਈਕਲ ਦੀ ਟੋਕਰੀ 'ਚੋਂ ਇਕ-ਇਕ, ਦੋ-ਦੋ ਬਰੈੱਡ ਕੱਢ ਕੇ ਮੈਂ ਉਨ੍ਹਾਂ ਮੋਹਰੇ ਸੁੱਟੀ ਗਿਆ ਤੇ ਉਹ ਚੁੱਕ ਚੁੱਕ ਛਕੀ ਗਏ!

>ਇਹ ਨਹੀਂ ਕਿ ਜੇ ਮੈਂ ਉੱਥੇ ਨਾ ਜਾਂਦਾ ਤਾਂ ਬਾਂਦਰਾਂ ਨੇ ਕਿਤੇ ਭੁੱਖੇ ਮਰ ਜਾਣਾ ਸੀ! ਰਿਜ਼ਕ ਦਾਤੇ ਨੇ ਉਨ੍ਹਾਂ ਨੂੰ ਕੁੱਝ ਨਾ ਕੁੱਝ ਖਾਣ ਲਈ ਦੇਣਾ ਹੀ ਸੀ। ਪਰ ਬਰੈੱਡ ਖਾ ਰਹੇ ਬਾਂਦਰਾਂ ਦੇ ਚਿਹਰਿਆਂ ਉੱਤੇ ਬਣ ਰਹੇ 'ਪ੍ਰਸੰਨਤਾ ਦੇ ਚਿਹਨ' ਜਿਹੇ ਦੇਖ ਦੇਖ, ਲੱਖਾਂ ਰੁਪਏ ਖਰਚ ਕਰਕੇ ਲੰਗਰ ਜਾਂ ਛਬੀਲਾਂ ਲਗਾਉਣ/ਛਕਾਉਣ ਵਾਲ਼ੇ ਮਹਾਂ-ਦਾਨੀਆਂ ਨੂੰ ਮੈਂ ਸਿਰ ਝੁਕਾਇਆ!!


> 'ਨ ਰਿਜਕੁ ਦਸਤ ਆ ਕਸੇ
> ਹਮਾ ਰਾ ਏਕੁ ਆਸ ਵਸੇ॥
> ਅਸਤਿ ਏਕੁ ਦਿਗਰ ਕੁਈ॥
> ਏਕ ਤੁਈ ਏਕ ਤੁਈ॥'
> (ਮਾਝ ਕੀ ਵਾਰ ਮ:੧,ਅੰਗ-੧੪੪)

# ਦਰਬਾਰ ਸਾਹਿਬ – 5

***'ਪੰਜਾਬ ਟਾਈਮਜ਼ ਨਾਈਟ' ਮੌਕੇ ਦਿੱਤੇ ਸੁਝਾਉ ਕਿ ਹਰ ਵਾਰ ਕਿਸੇ ਇਕ ਨਗਰ ਅਤੇ/ਜਾਂ ਇਕ ਇਤਿਹਾਸਕ ਗੁਰਦੁਆਰੇ ਦਾ ਇਤਿਹਾਸ ਦਿੱਤਾ ਜਾਵੇ, ਤਹਿਤ ਅਸੀਂ ਅੰਕ 27 ਤੇ 28 ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕੀਤਾ ਸੀ। ਇਸ ਵਾਰ ਅਸੀਂ ਦਰਬਾਰ ਸਾਹਿਬ ਅਤੇ ਇਸ ਵਿਚਲੀਆਂ ਥਾਂਵਾਂ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਕਿਸ਼ਤਾਂ ਵਿਚ ਪੇਸ਼ ਕਰਾਂਗੇ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ।***

## ਅਕਾਲ ਬੁੰਗਾ (ਤਖ਼ਤ)

ਦਰਬਾਰ ਸਾਹਿਬ ਕੰਪਲੈਕਸ ਵਿਚ ਜਿਸ ਥਾਂ 'ਤੇ ਅਜ-ਕਲ੍ਹ 'ਅਕਾਲ ਤਖ਼ਤ' ਨਾਂ ਦੀ ਇਮਾਰਤ ਜਾਂ ਗੁਰਦੁਆਰਾ ਹੈ, ਇਹ ਦਰ ਅਸਲ ਅਕਾਲੀਆਂ ਦਾ ਬੁੰਗਾ ਸੀ (ਅਕਾਲੀ ਨੈਣਾ ਸਿੰਘ ਤੇ ਉਸ ਮਗਰੋਂ ਅਕਾਲੀ ਫੂਲਾ ਸਿੰਘ ਦਾ ਨਿਵਾਸ ਇੱਥੇ ਸੀ; ਉਨ੍ਹਾਂ ਦੇ ਬਹੁਤੇ ਸਾਥੀ 'ਛਾਵਣੀ ਨਿਹੰਗਾਂ', ਜਿੱਥੇ ਹੁਣ ਬੁਰਜ ਅਕਾਲੀ ਫੂਲਾ ਸਿੰਘ ਹੈ, ਵਿਚ ਰਿਹਾ ਕਰਦੇ ਸਨ)। ਇਸ ਬੁੰਗੇ ਨੂੰ 'ਅਕਾਲੀਆਂ ਦਾ ਬੁੰਗਾ' ਜਾਂ 'ਅਕਾਲ ਬੁੰਗਾ' ਕਿਹਾ ਜਾਂਦਾ ਸੀ। ਇਸ ਬੁੰਗੇ ਦੇ ਨੇੜੇ ਇਕ ਥੜ੍ਹਾ ਸੀ ਜਿੱਥੇ ਬੈਠ ਕੇ ਗੁਰੂ ਹਰਿਗੋਬਿੰਦ ਸਾਹਿਬ ਦਰਬਾਰ ਲਾਇਆ ਕਰਦੇ ਸਨ। ਅੰਮ੍ਰਿਤਸਰ (ਸਰੋਵਰ) ਵਿਚਲੇ ਦਰਬਾਰ ਸਾਹਿਬ ਦੇ ਅੰਦਰ ਤਾਂ ਉਦੋਂ ਸਿਰਫ਼ ਦੋ ਢਾਈ ਸੌ ਲੋਕ ਬੈਠ ਸਕਦੇ ਸਨ। ਇਸ ਕਰ ਕੇ



**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ


ਗੁਰੂ ਜੀ ਇਸ ਥੜ੍ਹੇ 'ਤੇ ਬੈਠਿਆ ਕਰਦੇ ਸਨ (ਇਸ ਥਾਂ 'ਤੇ ਹੁਣ ਗੁਰਦੁਆਰਾ ਥੜ੍ਹਾ ਸਾਹਿਬ ਬਣਿਆ ਹੋਇਆ ਹੈ)। ਸੰਨ 1634 ਤੋਂ ਮਗਰੋਂ ਇੱਥੇ ਕੋਈ ਦਰਬਾਰ ਨਹੀਂ ਸੀ ਲਗਿਆ (ਸਿਰਫ਼ ਇਕ ਵਾਰ, 22 ਨਵੰਬਰ 1664 ਦੇ ਦਿਨ, ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ ਥੜ੍ਹੇ ਅੱਗੇ ਦੀਵਾਨ ਸਜਾਇਆ ਸੀ)। 1634 ਤੋਂ ਮਗਰੋਂ ਦਰਬਾਰ ਸਾਹਿਬ ਦਾ ਪ੍ਰਬੰਧ ਮੀਣਿਆਂ ਕੋਲ ਸੀ (ਪ੍ਰਿਥੀ ਚੰਦ ਮੀਣੇ ਦਾ ਪੁੱਤਰ ਮਿਹਰਬਾਨ ਤੇ ਉਸ ਦਾ ਪੁੱਤਰ ਹਰਿਜੀ ਇੱਥੇ ਸੰਨ 1634 ਤੋਂ 1696 ਤਕ ਕਾਬਜ਼ ਰਹੇ ਸਨ)। ਸੰਨ 1698 ਵਿਚ ਇੱਥੇ ਭਾਈ ਮਨੀ ਸਿੰਘ ਆ ਗਏ ਸੀ ਅਤੇ ਉਹ ਸੰਨ 1734 ਤਕ ਇੱਥੇ ਰਹੇ ਤੇ ਕਥਾ ਕਰਦੇ ਰਹੇ। ਇਸ ਮਗਰੋਂ ਦਰਬਾਰ ਸਾਹਿਬ 'ਤੇ ਮੁਗ਼ਲਾਂ ਅਤੇ ਅਫ਼ਗਾਨਾਂ ਦਾ ਸਿੱਧਾ ਜਾਂ ਅਸਿੱਧਾ ਕਬਜ਼ਾ ਰਿਹਾ ਸੀ ਤੇ ਜਾਂ ਇਹ ਥਾਂ ਖ਼ਾਲੀ ਪਿਆ ਰਿਹਾ ਸੀ। ਸੰਨ 1765 ਤੋਂ ਮਗਰੋਂ ਇੱਥੇ ਸਿੱਖਾਂ ਦਾ ਪੱਕਾ ਕਬਜ਼ਾ ਹੋ ਗਿਆ ਸੀ। ਇਸ ਦੇ ਨਾਲ ਹੀ ਇਸ ਨਗਰ ਵਿਚ ਬੁੰਗੇ ਬਣਨੇ ਸ਼ੁਰੂ ਹੋ ਗਏ ਸਨ। ਹਰ ਇਕ ਮਿਸਲ ਦਾ ਅਤੇ ਕਈ ਸਰਦਾਰਾਂ ਦੇ ਆਪਣੇ-ਆਪਣੇ ਬੁੰਗੇ ਸਨ। ਇਸ ਨਗਰ ਵਿਚ 72 ਬੁੰਗਿਆਂ ਦੇ ਹੋਣ ਦਾ ਪਤਾ ਲਗਦਾ ਹੈ। ਅਕਾਲੀਆਂ ਦਾ ਬੁੰਗਾ ਬਣ ਜਾਣ ਪਿੱਛੋਂ ਉਨ੍ਹਾਂ ਦੀ ਮਿਸਲ ਦੇ ਆਗੂ (ਪਹਿਲੋਂ ਅਕਾਲੀ ਨੈਣਾ ਸਿੰਘ ਤੇ ਫਿਰ ਅਕਾਲੀ ਫੂਲਾ ਸਿੰਘ ਇਸ ਬੁੰਗੇ ਵਿਚ ਰਹਿੰਦੇ ਰਹੇ ਸਨ)। ਅਕਾਲੀ ਫੂਲਾ ਸਿੰਘ ਦੀ ਮੌਤ ਮਗਰੋਂ ਇਸ ਬੁੰਗੇ ਦੀ ਅਹਿਮੀਅਤ ਘਟ ਗਈ ਸੀ, ਉਂਵ ਇਮਾਰਤ ਕਾਇਮ ਰਹੀ ਸੀ; ਮਗਰੋਂ ਇਸ ਬੁੰਗੇ ਉੱਤੇ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੰਤ ਸਿੰਘ ਨਿਰਮਲਾ ਦੇ ਪੁੱਤਰ ਗੁਰਮੁਖ ਸਿੰਘ ਦਾ ਕਬਜ਼ਾ ਹੋ ਗਿਆ ਸੀ।

ਵੀਹਵੀਂ ਸਦੀ ਦੇ ਅਖ਼ੀਰ ਤਕ ਸਿੱਖ ਪੰਥ ਵਿਚ ਅਕਾਲ ਤਖ਼ਤ ਲਫ਼ਜ਼ ਨਹੀਂ ਸੀ ਆਇਆ। ਮੇਰੇ ਸਣੇ, ਜਿਹੜੇ ਤਵਾਰੀਖ਼ ਲੇਖਕ ਅਠਾਰ੍ਹਵੀਂ ਸਦੀ ਵਿਚ ਅਕਾਲ ਤਖ਼ਤ 'ਤੇ ਹੋਣ ਵਾਲੇ 'ਸਰਬਤ ਖਾਲਸਾ' ਇੱਕਠਾਂ (ਖ਼ਾਸ ਕਰ ਕੇ ਸੰਨ 1733, 1747, 1748, 1763, 1765 ਆਦਿ) ਦਾ ਜ਼ਿਕਰ ਕਰਦੇ ਹਨ, ਉਨ੍ਹਾਂ ਦਾ ਮਤਲਬ ਇਹ ਹੁੰਦਾ ਹੈ ਕਿ ਅਕਾਲ ਤਖ਼ਤ ਨਾਂ ਦੀ ਮੌਜੂਦਾ ਇਮਾਰਤ ਦੇ ਮੂਹਰੇ ਹੋਣ ਵਾਲੇ ਇਕੱਠ, ਨਾ ਕਿ ਕਿਸੇ ਤਖ਼ਤ 'ਤੇ ਹੋਏ ਇਕੱਠ। 'ਅਕਾਲ ਤਖ਼ਤ ਦੀ ਇਮਾਰਤ' ਦਾ ਬਤੌਰ ਤਖ਼ਤ ਸਿਧਾਂਤ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੰਤ ਸਿੰਘ ਨਿਰਮਲਾ ਦੇ ਪੁੱਤਰ ਗਿਆਨੀ ਗੁਰਮੁਖ ਸਿੰਘ ਦਾ ਘੜਿਆ ਹੋਇਆ ਹੈ। ਅਕਾਲ ਬੁੰਗੇ 'ਤੇ ਕਬਜ਼ਾ ਕਰਨ ਮਗਰੋਂ ਗਿਆਨੀ ਗੁਰਮੁਖ ਸਿੰਘ ਨੇ ਇਸ ਬੁੰਗੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰ ਕੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਇਹ ਗੁਰੂ ਜੀ ਦਾ ਤਖ਼ਤ ਸੀ। ਕੁਝ ਭੋਲੇ ਲੋਕਾਂ ਨੇ ਉਥੇ ਵੀ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ ਸੀ। ਹੋਰ ਤਾਂ ਹੋਰ ਹਰੀ ਸਿੰਘ ਨਲੂਆ ਤਕ ਉਸ ਦੇ ਪ੍ਰਚਾਰ ਦੇ ਅਸਰ ਹੇਠਾਂ ਆ ਗਿਆ ਸੀ ਅਤੇ ਉਸ ਨੇ ਸੰਨ 1835 ਵਿਚ ਗਿਆਨੀ ਗੁਰਮੁਖ ਸਿੰਘ ਨੂੰ ਇਕ ਲੱਖ ਰੁਪੈ ਦੇ ਕੇ ਤਖ਼ਤ ਦੀ ਛੇ ਮੰਜ਼ਿਲਾ ਇਮਾਰਤ ਬਣਾਉਣ ਅਤੇ ਇਸ 'ਤੇ ਸੋਨਾ ਲਾਉਣ ਵਾਸਤੇ ਕਿਹਾ ਸੀ। ਸੰਨ 1837 ਵਿਚ ਉਸੇ ਦੀ ਮੌਤ ਮਗਰੋਂ ਗਿਆਨੀ ਗੁਰਮੁਖ ਸਿੰਘ ਤੋਂ ਹਿਸਾਬ ਮੰਗਣ ਵਾਲਾ ਕੋਈ ਨਹੀਂ ਸੀ; ਇਸ ਕਰ ਕੇ ਗਿਆਨੀ ਗੁਰਮੁਖ ਸਿੰਘ ਨੇ ਇਸ ਵਿਚੋਂ ਬਹੁਤਾ ਪੈਸਾ ਹਜ਼ਮ ਕਰ ਲਿਆ ਸੀ। ਇੱਥੇ ਇਹ ਜ਼ਿਕਰ ਵੀ ਕਰ ਦਿਆਂ ਕਿ ਗਿਆਨੀ ਗੁਰਮੁਖ ਸਿੰਘ ਦੀ ਸੰਧਾਵਾਲੀਆਂ (ਅਜੀਤ ਸਿੰਘ, ਅਤਰ ਸਿੰਘ) ਨਾਲ ਬਹੁਤ ਨੇੜਤਾ ਸੀ ਤੇ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਦੀ ਸਾਜ਼ਿਸ਼ ਵਿਚ ਉਹ ਵੀ ਸ਼ਾਮਿਲ ਸੀ।

ਗਿਆਨੀ ਗੁਰਮੁਖ ਸਿੰਘ ਨੇ 'ਤਖ਼ਤ' ਦੇ ਧੋਖੇ ਨੂੰ ਪੱਕਿਆਂ ਕਰਨ ਵਾਸਤੇ ਆਪਣੇ ਇਕ ਸਾਥੀ ਦਰਬਾਰਾ ਸਿੰਘ (ਜੋ ਦਰਬਾਰ ਸਾਹਿਬ ਦਾ ਇਕ ਸੀਨੀਅਰ ਗ੍ਰੰਥੀ ਸੀ) ਨਾਲ ਮਿਲ ਕੇ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਕਿਤਾਬ ਲਿਖੀ ਸੀ। ਇਹ ਗੱਲ ਸੰਨ 1830-40 ਦੇ ਵਿਚਕਾਰ ਦੀ ਹੈ। ਇਸ ਗੁਰਬਿਲਾਸ ਵਿਚ ਉਸ ਨੇ ਅਕਾਲ ਤਖ਼ਤ ਬਾਰੇ ਇਕ ਪੂਰਾ ਕਾਂਡ ਲਿਖ ਦਿੱਤਾ ਸੀ ਤਾਂ ਜੋ ਲੋਕਾਂ ਵਿਚ ਤਖ਼ਤ ਦਾ ਨਵਾਂ ਸਿਧਾਂਤ ਪ੍ਰਚਾਰ ਕੇ ਉਨ੍ਹਾਂ ਤੋਂ ਚੜ੍ਹਾਵੇ ਹਾਸਲ ਕੀਤੇ ਜਾਣ। ਉਸ ਨੇ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿਚ ਇਸ ਕਿਤਾਬ ਦਾ ਝੂਠਾ ਲਿਖਣ ਸਾਲ ਸੰਨ 1718 ਅਤੇ ਲੇਖਕ 'ਸੋਹਨ ਕਵੀ' ਦੇ ਨਾਂ ਵੱਲ ਇਸ਼ਾਰਾ ਕਰਕੇ ਇਸ ਦੀ ਪੁਰਾਤਨਤਾ ਦਾ ਪ੍ਰਭਾਵ ਵੀ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਬਾਵਜੂਦ ਆਮ ਲੋਕਾਂ ਵਿਚ ਅਜੇ ਤਖ਼ਤ ਵਾਲਾ ਕੋਈ ਸਿਧਾਂਤ ਨਹੀਂ ਸੀ। ਤਖ਼ਤ ਤਾਂ ਦਿੱਲੀ ਤੇ ਲਾਹੌਰ ਵਿਚ ਸਨ: ਇਕ ਮੁਗ਼ਲਾਂ ਕੋਲ ਤੇ ਇਕ ਮਹਾਰਾਜਾ ਰਣਜੀਤ ਸਿੰਘ ਕੋਲ। 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਤੋਂ ਛੁੱਟ ਕਿਸੇ ਇਕ ਵੀ ਕਿਤਾਬ ਵਿਚ 'ਅਕਾਲ ਤਖ਼ਤ' ਜਾਂ 'ਤਖ਼ਤ' ਲਫ਼ਜ਼ ਤਕ ਨਹੀਂ ਮਿਲਦਾ। ਸਤੰਬਰ 1843 ਦੇ ਤੀਜੇ ਹਫ਼ਤੇ ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰਨ ਵਾਲੇ ਸੰਧਾਵਾਲੀਆਂ ਦੇ ਨਾਲ ਉਨ੍ਹਾਂ ਦੇ ਸਾਥੀਆਂ ਨੂੰ ਵੀ ਮਾਰ ਦਿੱਤਾ ਗਿਆ। ਉਨ੍ਹਾਂ ਵਿਚ ਇਹ ਗਿਆਨੀ ਗੁਰਮੁਖ ਸਿੰਘ ਵੀ ਸੀ। ਇਸ ਦੇ ਨਾਲ ਹੀ 'ਅਕਾਲ ਬੁੰਗਾ' ਫਿਰ ਅਕਾਲ ਬੁੰਗਾ ਹੀ ਰਹਿ ਗਿਆ ਪਰ ਉਥੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਿਆ ਹੋਣ ਕਰ ਕੇ ਲੋਕ ਮੱਥਾ ਟੇਕਦੇ ਰਹੇ ਸਨ ਅਤੇ ਇਹ ਇਕ ਨਵਾਂ ਗੁਰਦੁਆਰਾ ਬਣ ਗਿਆ ਹੋਇਆ ਸੀ। ਇਸ ਤੋਂ ਬਾਅਦ ਵੀ ਇਸ ਥਾਂ ਦਾ ਨਾਂ 'ਅਕਾਲ ਤਖ਼ਤ' ਵਜੋਂ ਕਿਤੇ ਨਹੀਂ ਮਿਲਦਾ।

ਸੰਨ 1877 ਵਿਚ ਜਦੋਂ ਖੇਮ ਸਿੰਘ ਬੇਦੀ, ਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਅਤੇ ਉਨ੍ਹਾਂ ਦੇ ਹਿਮਾਇਤੀ ਪੁਜਾਰੀਆਂ ਨੇ ਪ੍ਰੋਫ਼ੈਸਰ ਗੁਰਮੁਖ ਸਿੰਘ ਦੇ ਖ਼ਿਲਾਫ਼ 'ਮੋਰਚਾ' ਲਾਇਆ ਤਾਂ ਪਹਿਲੀ ਵਾਰੀ ਲਫ਼ਜ਼ 'ਤਖ਼ਤ ਅਕਾਲ ਬੁੰਗਾ' ਵਰਤਿਆ ਗਿਆ। ਉਸ ਨਾਟਕ ਵਿਚ ਵੀ ਅਜੇ ਵੀ ਇਹ ਕੋਈ ਤਖ਼ਤ ਨਹੀਂ ਸੀ, ਬਲਕਿ ਇਕ ਗੁਰਦੁਆਰਾ ਅਤੇ ਬੁੰਗਾ ਸੀ। ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਜਾਰੀ ਹੋਇਆ ਅਖੌਤੀ ਹੁਕਮਨਾਮਾ 'ਤਖ਼ਤ ਅਕਾਲ ਬੁੰਗਾ' ਵੱਲੋਂ ਨਹੀਂ ਸੀ ਬਲਕਿ ਉਸ ਬੁੰਗੇ ਦੇ ਪੁਜਾਰੀ ਦੇ ਨਾਲ ਹੋਰ ਕਈ ਅਹੁਦੇਦਾਰ, ਪੁਜਾਰੀ, ਸਰਬਰਾਹ, ਰਈਸ, ਗ੍ਰੰਥੀ, ਮਹੰਤ, ਅਰਦਾਸੀਏ, ਨੰਬਰਦਾਰ, ਮੁਹਤਮਿਮ, ਪੱਤੀਦਾਰ, ਸੁਖ ਆਸਣ ਕਰਨ ਵਾਲੇ, ਧੂਪੀਏ (ਦਰਬਾਰ ਸਾਹਿਬ ਵਿਚ ਧੂਫ਼ ਬਾਲਣ ਵਾਲੇ), ਨਿਸ਼ਾਨਚੀ (ਨਿਸ਼ਾਨ ਸਾਹਿਬ ਦੀ ਸੇਵਾ ਕਰਨ ਵਾਲੇ) ਵੀ ਸਨ; ਯਾਨਿ ਅਖੌਤੀ ਹੁਕਮਨਾਮਾ ਕਿਸੇ ਤਖ਼ਤ ਜਾਂ ਸਰਬਰਾਹ ਜਾਂ ਗ੍ਰੰਥੀ/ਪੁਜਾਰੀ ਵੱਲੋਂ ਨਹੀਂ ਸੀ ਬਲਕਿ ਇਕ ਧੜੇ ਨਾਲ ਸਬੰਧਤ ਲੋਕਾਂ ਵੱਲੋਂ ਸੀ। ਯਾਨਿ ਅਜੇ ਤਕ ਵੀ ਕੋਈ ਅਖੌਤੀ ਅਕਾਲ ਤਖ਼ਤ ਨਹੀਂ ਸੀ। ਅਕਾਲ ਬੁੰਗੇ 'ਤੇ ਅਜੇ ਵੀ ਮਹੰਤ, ਮੁਹਤਮਿਮ, ਪੁਜਾਰੀ ਤੇ ਪੱਤੀਦਾਰ ਸਨ; ਕੋਈ ਅਖੌਤੀ ਜਥੇਦਾਰ ਤਾਂ ਕੀ ਕੋਈ ਗ੍ਰੰਥੀ ਵੀ ਨਹੀਂ ਸੀ (ਹੇਠਾਂ ਅਖੌਤੀ ਹੁਕਮਨਾਮੇ ਹੇਠਾਂ ਦਸਤਖ਼ਤ ਕਰਨ ਵਾਲਿਆਂ ਦੇ ਅਹੁਦਿਆਂ ਬਾਰੇ ਸਾਫ਼ ਵੇਖਿਆ ਜਾ ਸਕਦਾ ਹੈ):

'ਹਮ ਜੁਮਲੇ ਸਿੰਘਾਨ ਪੁਜਾਰੀਅਨ ਤਖ਼ਤ ਸਾਹਿਬ ਅਕਾਲ ਬੁੰਗਾ ਵ ਦਰਬਾਰ ਸਾਹਿਬ ਜੀ ਵ ਬਾਬਾ ਅਟਲ ਰਾਇ ਜੀ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ ਨੇ ਮੁਲਾਹਜੇ ਕਾਰਵਾਈ ਗੁਰਮੁਖ ਸਿੰਘ ਸਕਤ੍ਰਿ ਕਾ ਕੀਆ। ਮਾਲੂਮ ਹੂਆ ਹੈ ਕਿ ਇਸ ਸ਼ਖ਼ਸ ਨੇ ਚੰਦ ਜਗਾ ਬਰਖ਼ਿਲਾਫ਼ ਗੁਰਇਸ਼ਟ ਕੇ ਤੌਹੀਨ ਗੁਰੂ ਗ੍ਰੰਥ ਸਾਹਿਬ ਵ ਗੁਰੂ ਅੰਸ ਵ ਗੁਰਬਾਨੀ ਕੇ ਤਹਿਰੀਰ ਵ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਕਦਾਦ ਸਿੱਖ ਧਰਮ ਸੇ ਬਿਲਕੁਲ ਬਰਖ਼ਿਲਾਫ਼ ਹੈ। ਇਸ ਵਾਸਤੇ ਹਮ ਤਮਾਮ ਪੁਜਾਰੀਅਨ ਵ ਗ੍ਰੰਥੀਅਨ ਵ ਨੰਬਰਦਾਰ ਗੁਰਦੁਆਰੇ ਹਾਇ ਮਦਦੂਹ ਤਹਿਜੀਰ ਕਰਤੇ ਹੈਂ ਕਿ ਗੁਰਮੁਖ ਸਿੰਘ ਮਜਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ। ਗੁਰਦੁਆਰੇ ਹਾਇ ਮੌਸੂਫ਼ ਉਸ ਕੀ ਅਰਦਾਸ ਨਾ ਹੋਗੀ ਵ ਬਰਤਾਉ ਨ ਹੋਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ। ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ ਵੁਹ ਭੀ ਬੇਮੁਖ ਲਾਇਕ ਤਨਖ਼ਾਹ ਸਮਝਾ ਜਾਏਗਾ। ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਵੇਗਾ। ਫਕਾਤ ਵ ਤਾਰੀਖ਼ ਸਤਵੀਂ ਮਾਹ ਚੇਤ 418 ਗੁਰੂ ਨਾਨਕਸ਼ਾਹੀ, ਮੁਤਾਬਿਕ 18 ਮਾਰਚ ਸੰਨ 1887.



***ਅਕਾਲ ਬੁੰਗਾ ਦੀ ਸਭ ਤੋਂ ਪੁਰਾਣੀ ਕੈਮਰਾ ਤਸਵੀਰ***
***ਮਸ਼ਹੂਰ ਕਵੀ ਰੁਡਯਾਰਡ ਕਿਪਲਿੰਗ ਵੱਲੋਂ ਸੰਨ 1865 ਤੇ 1890 ਦੇ ਵਿਚਕਾਰ ਅਕਾਲ ਬੁੰਗਾ ਦੀ ਇਹ ਤਸਵੀਰ ਖਿੱਚੀ ਗਈ ਸੀ।***

ਦਸਤਖ਼ਤ ਹਾਜ਼ਰੀਨ ਸਿੰਘਨ ਵ ਉਹਦੇਦਾਰਾਅਨ ਵ ਗ੍ਰੰਥੀਅਨ ਵ ਪੁਜਾਰੀਅਨ: ਸਰਦਾਰ ਮਾਨ ਸਿੰਘ ਸਰਬਰਾਹ ਗੁਰਦੁਆਰੇ ਸਾਹਿਬਾਨ, ਸ: ਕਾਨ੍ਹ ਸਿੰਘ ਮਜੀਠਿਆ ਰਈਸ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਅਕਾਲ ਬੁੰਗਾ ਸਾਹਿਬ, ਭਾਈ ਤੇਜਾ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਜਵਾਹਰ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਸ਼ੇਰ ਸਿੰਘ, ਭਾਈ ਕਰਮ ਸਿੰਘ ਅਰਦਾਸੀਆ ਦਰਬਾਰ ਸਾਹਿਬ, ਸਰਦਾਰ ਜਸਵੰਤ ਸਿੰਘ ਪੁਜਾਰੀ ਦਰਬਾਰ ਸਾਹਿਬ, ਠਾਕਰ ਸਿੰਘ ਪੁਜਾਰੀ, ਭਾਈ ਦੇਵਾ ਸਿੰਘ ਧੂਪੀਆ, ਭਾਈ ਮੁਲਤਾਨਾ ਸਿੰਘ, ਭਾਈ ਸੰਤਾ ਸਿੰਘ ਪੁਜਾਰੀ, ਭਾਈ ਹਰਦਿਤ ਸਿੰਘ ਅਰਦਾਸੀਆ, ਭਾਈ ਮਹਾਂ ਸਿੰਘ, ਭਾਈ ਟੇਕ ਸਿੰਘ ਪੱਤੀਦਾਰ ਅਕਾਲ ਬੁੰਗੀਆ, ਚੰਚਲ ਸਿੰਘ, ਗੁਲਾਬ ਸਿੰਘ ਅਕਾਲ ਬੁੰਗੀਆ ਪੱਤੀਦਾਰ, ਗੁਲਾਬ ਸਿੰਘ ਪੁਜਾਰੀ ਦਰਬਾਰ ਸਾਹਿਬ, ਅਤਰ ਸਿੰਘ ਅਕਾਲ ਬੁੰਗੀਆ, ਭਾਈ ਨਾਰਾਇਣ ਸਿੰਘ ਨੰਬਰਦਾਰ ਬਾਬਾ ਅਟੱਲ ਰਾਇ ਸਾਹਿਬ ਜੀ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਬਾਬਾ ਅਟਲ ਰਾਇ ਜੀ ਦੇ ਸੁਖਈ, ਭਾਈ ਦਰਬਾਰਾ ਸਿੰਘ ਝੰਡੇ ਬੁੰਗੀਆ, ਭਾਈ ਕਿਰਪਾਲ ਸਿੰਘ ਜੀ ਝੰਡੇ ਬੁੰਗੀਆ, ਗੁਰਦਿੱਤ ਸਿੰਘ ਨਿਸ਼ਾਨਚੀ, ਭਾਈ ਸੰਤ ਸਿੰਘ ਨੰਬਰਦਾਰ, ਭਾਈ ਨਾਰਾਇਣ ਸਿੰਘ ਜੀ ਗ੍ਰੰਥੀ ਤਰਨ ਤਾਰਨ ਸਾਹਿਬ।'

ਦਰਅਸਲ 'ਅਕਾਲ ਤਖ਼ਤ' ਲਫ਼ਜ਼ ਦੀ ਵਰਤੋਂ ਸੰਨ 1920 ਤੋਂ ਪਹਿਲਾਂ ਕਿਤੇ ਨਹੀਂ ਮਿਲਦੀ। 12 ਅਕਤੂਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਖ਼ਾਲੀ ਪਈ ਵੇਖ ਕੇ ਇਸ ਦੀ ਸੇਵਾ ਸੰਭਾਲ ਵਾਸਤੇ ਸੰਗਤਾਂ ਵਿਚੋਂ ਚੁਣੇ ਗਏ ਜਥੇ ਦੇ ਮੁਖੀ ਨੂੰ 'ਅਕਾਲ ਬੁੰਗਾ ਦੀ ਸੇਵਾ ਸੰਭਾਲ' ਕਰਨ ਵਾਲੇ 'ਜਥੇ ਦਾ ਜਥੇਦਾਰ' ਕਿਹਾ ਗਿਆ ਸੀ। ਇਹ ਕਿਸੇ ਅਖੌਤੀ ਅਕਾਲ ਤਖ਼ਤ ਦਾ ਜਾਂ ਸਿੱਖ ਕੌਮ ਦਾ ਜਥੇਦਾਰ ਨਹੀਂ ਸੀ; ਹਾਂ ਉਸ ਦਾ ਕੰਮ ਅਤੇ ਦਰਜਾ ਅੱਜ ਦੇ ਦਰਸ਼ਨੀ ਡਿਉਢੀ ਅੱਗੇ ਚੋਬ (ਡੰਡਾ) ਫੜ ਕੇ ਖੜ੍ਹੇ ਚੌਕੀਦਾਰ ਜਾਂ ਕੜਾਹ-ਪ੍ਰਸ਼ਾਦ ਵਰਤਾਉਣ ਵਾਲੇ ਸੇਵਾਦਾਰ, ਅਤੇ, ਹੁਕਮਨਾਮਾ ਲੈਣ ਤੇ ਅਰਦਾਸ ਕਰਨ ਵਾਲੇ ਪੁਜਾਰੀ ਵਾਲਾ ਜ਼ਰੂਰ ਸੀ।

ਸਿੱਖ ਤਵਾਰੀਖ਼ ਵਿਚ ਕਿਤੇ ਵੀ ਕਿਸੇ 'ਅਖੌਤੀ ਜਥੇਦਾਰ' ਵੱਲੋਂ ਕੌਮ ਦੇ ਮਸਲਿਆਂ 'ਤੇ ਕੋਈ ਅਦਾਲਤ ਚਲਾਉਣ ਦੀ ਕੋਈ ਮਿਸਾਲ ਨਹੀਂ ਹੈ। ਹੋਰ ਤਾਂ ਹੋਰ ਸੰਨ 1928 ਵਿਚ ਜਦੋਂ ਤੇਜਾ ਸਿੰਘ ਭਸੌੜ ਦੇ ਖ਼ਿਲਾਫ਼ 'ਹੁਕਮਨਾਮਾ' ਜਾਰੀ ਕੀਤਾ ਗਿਆ ਸੀ ਤਾਂ ਉਦੋਂ ਵੀ 'ਧਾਰਮਿਕ ਸਲਾਹਕਾਰ ਕਮੇਟੀ' ਅਤੇ ਸ਼੍ਰੋਮਣੀ ਕਮੇਟੀ ਦੀ ਐਗ਼ਜ਼ੈਕਟਿਵ' ਨੇ ਤੇਜਾ ਸਿੰਘ ਦੇ ਖ਼ਿਲਾਫ਼ 'ਹੁਕਮਨਾਮਾ' ਤਿਆਰ ਕੀਤਾ ਸੀ, ਨਾ ਕਿ ਬੁੰਗਾ ਅਕਾਲ (ਤਖ਼ਤ) ਦੇ ਪੁਜਾਰੀ ਜਾਂ ਚਾਰ ਹੋਰ ਪੁਜਾਰੀਆਂ ਨੇ। ਇੰਞ ਹੀ ਜੂਨ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼ ਹੁਕਮਨਾਮਾ ਤਿਆਰ ਕਰਨ ਦੀ ਸੇਵਾ ਇਕ 'ਕਮੇਟੀ' ਨੇ ਕੀਤੀ ਸੀ ਨਾ ਕਿ ਪੰਜ ਪੁਜਾਰੀਆਂ ਨੇ। ਇਸ ਮਗਰੋਂ ਵੀ ਅਕਾਲ ਤਖ਼ਤ ਦੀ ਇਮਾਰਤ ਦੇ ਪੁਜਾਰੀਆਂ/ ਸੇਵਾਦਾਰਾਂ ਦਾ ਸਿੱਖ ਤਵਾਰੀਖ਼, ਸਿੱਖ ਸਿਆਸਤ ਜਾਂ ਧਾਰਮਿਕ ਸਵਾਲਾਂ ਸਬੰਧੀ ਕੋਈ ਜ਼ਰਾ-ਮਾਸਾ ਵੀ ਰੋਲ ਨਹੀਂ ਸੀ।

ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦੇ ਇਸ ਨਵੇਂ ਅਹੁਦੇ ਦਾ ਹਊਆ ਸੰਨ 1982 ਦੀ ਦਸੰਬਰ ਵਿਚ ਸਾਬਕਾ ਫ਼ੌਜੀਆਂ ਦੀ ਇਕ ਮੀਟਿੰਗ ਵਿਚ ਖੜ੍ਹਾ ਕੀਤਾ ਗਿਆ ਸੀ, ਜਿਸ ਵਿਚ ਮਤਾ ਪਾਸ ਕੀਤਾ ਗਿਆ ਸੀ ਕਿ ਭਿੰਡਰਾਂਵਾਲਿਆਂ ਨੂੰ ਅਕਾਲ ਤਖ਼ਤ ਦਾ ਜਥੇਦਾਰ ਬਣਾਓ। ਪਰ ਕਿਸੇ ਨੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ ਸੀ।

ਇਸ ਅਹੁਦੇ ਦਾ ਅਸਲ ਡਰਾਮਾ 1986 ਦੀ 26 ਜਨਵਰੀ ਦੇ ਦਿਨ, ਅਕਾਲ ਬੁੰਗੇ ਮੂਹਰੇ ਹੋਏ ਇਕੱਠ ਵਿਚ ਸ਼ੁਰੂ ਹੋਇਆ ਸੀ। (ਮਗਰੋਂ ਭਿੰਡਰਾਂ-ਮਹਿਤਾ ਜਥਾ ਵੱਲੋਂ ਇਸ ਇਕੱਠ ਨੂੰ ਗ਼ਲਤ ਤੌਰ 'ਤੇ 'ਸਰਬਤ ਖਾਲਸਾ' ਦਾ ਨਾਂ ਦਿੱਤਾ ਗਿਆ ਸੀ)। ਇਸ ਇਕੱਠ ਵਿਚ ਵੀ ਜਸਬੀਰ ਸਿੰਘ ਰੋਡੇ ਨੂੰ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਵਾਸਤੇ ਉਸ ਨੂੰ ਅਖੌਤੀ ਜਥੇਦਾਰ ਬਣਾ ਕੇ ਇਸ ਜਥੇਦਾਰ-ਰੂਪੀ 'ਹਊਏ' ਦਾ ਪ੍ਰਚਾਰ ਕੀਤਾ ਗਿਆ ਸੀ। ਸਰਕਾਰ ਦੀ ਮਦਦ ਨਾਲ ਜਸਬੀਰ ਸਿੰਘ ਰੋਡੇ ਨੂੰ ਅਖੌਤੀ ਜਥੇਦਾਰ ਤਾਂ ਬਣਾ ਲਿਆ ਸੀ ਪਰ ਕੁਝ ਦਿਨਾਂ ਵਿਚ ਹੀ ਉਸ ਦੀ ਜਥੇਦਾਰੀ ਦਾ ਭੋਗ ਪੈ ਗਿਆ ਸੀ ਤੇ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਅਖੌਤੀ 'ਜਥੇਦਾਰੀ' ਤੋਂ ਕੱਢ ਮਾਰਿਆ ਸੀ। ਉਂਵ ਇਸ ਮਗਰੋਂ ਇਸ ਨਵੀਂ ਤਾਕਤ ਦੀ ਵਰਤੋਂ ਕਰਨ ਵਾਸਤੇ ਗੁਰਚਰਨ ਸਿੰਘ ਟੌਹੜਾ ਅਤੇ ਬਾਦਲ ਨੇ ਪਹਿਲਾਂ ਪ੍ਰੋ. ਦਰਸ਼ਨ ਸਿੰਘ ਤੇ ਮਗਰੋਂ ਭਾਈ ਰਣਜੀਤ ਸਿੰਘ ਨੂੰ ਲੈ ਆਂਦਾ ਸੀ। ਪ੍ਰੋ. ਦਰਸ਼ਨ ਸਿੰਘ ਨੇ ਜਦੋਂ ਖਾੜਕੂਆਂ ਨੂੰ ਕੁਝ ਸਿਖਿਆ ਦੇਣੀ ਚਾਹੀ ਤਾਂ ਉਸ 'ਤੇ ਫ਼ਤਵਿਆਂ ਦਾ ਮੀਂਹ ਵਰਨਾ ਸ਼ੁਰੂ ਹੋ ਗਿਆ ਸੀ। ਭਾਈ ਰਣਜੀਤ ਸਿੰਘ ਵੇਲੇ ਤਾਂ ਖਾੜਕੂਆਂ ਦਾ ਕੰਮ ਮੁੱਕ ਚੁੱਕਾ ਸੀ।

ਪਰ, ਇਸ ਨਵੇਂ ਅਹੁਦੇ ਦੀ ਨਵੀਂ ਵਰਤੋਂ 1999 ਫ਼ਰਵਰੀ ਵਿਚ ਉਦੋਂ ਸ਼ੁਰੂ ਹੋਈ ਸੀ ਜਦ ਪ੍ਰਕਾਸ਼ ਸਿੰਘ ਬਾਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੋ ਗਿਆ ਸੀ। ਉਦੋਂ ਤੋਂ ਇਸ ਤਖ਼ਤ ਬਣੇ ਬੁੰਗੇ ਅਤੇ ਇਸ ਦੇ ਪੁਜਾਰੀ ਨੂੰ ਬਾਦਲ ਅਕਾਲੀ ਦਲ ਦੇ ਦਲਾਲ ਵਾਂਗ ਵਰਤਿਆ ਜਾ ਰਿਹਾ ਹੈ। 1999 ਤੋਂ ਇਹ ਅਹੁਦਾ ਅਖੌਤੀ ਅਕਾਲ ਤਖ਼ਤ ਦੀ ਅਖੌਤੀ ਅਦਾਲਤ ਨਹੀਂ ਬਲਕਿ 'ਪ੍ਰਕਾਸ਼ ਸਿੰਘ ਬਾਦਲ ਦੀ ਅਦਾਲਤ' ਵਜੋਂ ਕਾਰਵਾਈਆਂ ਕਰਨ ਵਾਸਤੇ ਵਰਤਿਆ ਜਾ ਰਿਹਾ ਹੈ। ਬਾਦਲ ਨੇ ਤਾਂ ਇਸ ਤਖ਼ਤ ਦੀ ਇਮਾਰਤ ਦੇ ਪੁਜਾਰੀ ਨੂੰ ਧਾਰਮਿਕ ਮਾਫ਼ੀਆ ਅਦਾਲਤ ਵਜੋਂ ਵਰਤ ਕੇ ਪਰਮਜੀਤ ਸਿੰਘ ਸਰਨਾ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਤੇ ਹੋਰਾਂ ਨੂੰ ਨਾਜਾਇਜ਼ ਤੌਰ 'ਤੇ ਠਿੱਠ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਸ ਤੋਂ ਇਲਾਵਾ ਨਿਰਮਲਿਆਂ ਦੇ ਜਥਾ ਭਿੰਡਰਾਂ-ਮਹਿਤਾ ਨੂੰ ਖ਼ੁਸ਼ ਕਰਨ ਵਾਸਤੇ ਇਨ੍ਹਾਂ ਪੁਜਾਰੀਆਂ ਰਾਹੀਂ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਜੋਗਿੰਦਰ ਸਿੰਘ ਸਪੋਕਸਮੈਨ ਅਤੇ (ਪ੍ਰੋ.) ਦਰਸ਼ਨ ਸਿੰਘ ਰਾਗੀ ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ 'ਤੇ ਵੀ ਕੁਹਾੜਾ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

ਜਦੋਂ 2014 ਵਿਚ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤਾਂ ਇਸੇ ਡਰਾਮੇ ਨਾਲ ਹੀ ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਅਤੇ ਹਰਮਿੰਦਰ ਸਿੰਘ ਚੱਠਾ 'ਤੇ ਕੁਹਾੜਾ ਚਲਾਇਆ ਗਿਆ ਸੀ। 2019 ਵਿਚ ਭਾਈ ਰਣਜੀਤ ਸਿੰਘ ਢਡਰੀਆਂਵਾਲਾ 'ਤੇ ਇਹ ਕੁਹਾੜਾ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

ਇਸੇ ਫ਼ਰਾਡ ਅਹੁਦੇ ਹੇਠ ਸਰਸਾ ਡੇਰੇ ਦੇ ਰੇਪ ਤੇ ਕਤਲ ਦੇ ਮੁਜਰਿਮ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦੇਣ ਦਾ ਡਰਾਮਾ ਰਚਿਆ ਗਿਆ ਸੀ। ਯਾਨਿ ਇਸ ਨਵੇਂ ਪੈਦਾ ਕੀਤੇ ਗਏ ਨਾਜਾਇਜ਼ ਅਹੁਦੇ ਰੂਪੀ ਹਊਏ ਨੂੰ ਬਾਦਲ ਤੇ ਹਰਨਾਮ ਸਿੰਘ ਧੁੰਮੇ ਨੇ ਨਿਜੀ 'ਜਾਇਦਾਦ' ਵਜੋਂ ਵਰਤਿਆ ਸੀ।

ਇਸ ਸਾਰੇ ਨੂੰ ਪੰਥ ਨੇ ਨਫ਼ਰਤ ਦੀ ਨਿਗਾਹ ਨਾਲ ਵੇਖਿਆ ਸੀ ਅਤੇ ਇਸ ਨਾਲ ਸਿੱਖਾਂ ਵਿਚ ਪੁਜਾਰੀਆਂ, ਬੁੰਗਾ ਅਕਾਲ ਤਖ਼ਤ ਦੀ ਇਮਾਰਤ, ਸ਼੍ਰੋਮਣੀ ਕਮੇਟੀ ਦਾ ਅਦਬ ਬਹੁਤ ਘਟਿਆ ਸੀ। ਕੋਈ ਵੇਲਾ ਸੀ ਕਿ ਅਕਾਲ ਤਖ਼ਤ ਲਫ਼ਜ਼ ਦਾ ਵੀ ਅਦਬ ਸੀ। ਪਰ ਹੁਣ ਸਾਰੇ ਵਿਦਵਾਨ (ਕੁਝ ਚਾਪਲੂਸਾਂ ਨੂੰ ਛੱਡ ਕੇ) ਇਨ੍ਹਾਂ ਨੂੰ ਹਕਾਰਤ ਦੀ ਨਿਗਾਹ ਨਾਲ ਵੇਖਦੇ ਹਨ; ਸੈਂਕੜੇ ਗੁਰਦੁਆਰੇ, ਜਥੇਬੰਦੀਆਂ ਤੇ ਪੰਥਕ ਅਦਾਰੇ ਇਨ੍ਹਾਂ ਨੂੰ ਦੁਰਕਾਰਦੇ ਹਨ ਅਤੇ ਇਨ੍ਹਾਂ ਦੇ ਅਖੌਤੀ ਹੁਕਮਨਾਮਿਆਂ ਨੂੰ ਜੁੱਤੀ ਦੀ ਨੋਕ ਨਾਲ ਠੁਕਰਾਉਂਦੇ ਹਨ। ਲੋਕਾਂ ਵਿਚ ਅਦਬ ਦੀ ਜਗਹ ਹੁਣ ਇਹ ਤ੍ਰਿਸਕਾਰ ਦੇ ਪਾਤਰ ਬਣ ਚੁਕੇ ਹਨ।

ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦਾ ਅਹੁਦਾ ਨਾ ਤਾਂ ਸਿੱਖ ਸਿਧਾਂਤਾਂ ਜਾਂ ਫ਼ਲਸਫ਼ੇ ਵਿਚ ਮੌਜੂਦ ਹੈ ਅਤੇ ਨਾ ਹੀ ਇਹ ਸਿੱਖ ਤਵਾਰੀਖ਼ ਵਿਚ ਕਦੇ ਸੀ। ਦਰਅਸਲ ਇਹ ਇਕ ਬੁੰਗਾ ਸੀ, ਗੁਰਦੁਆਰਾ ਵੀ ਨਹੀਂ ਸੀ।

ਮੌਜੂਦਾ ਸਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਰਤ ਸਰਕਾਰ ਦੇ ਇਕ ਕਾਨੂੰਨ ਹੇਠ ਸਿਰਫ਼ ਗੁਰਦੁਆਰਾ 'ਪ੍ਰਬੰਧਕ' ਕਮੇਟੀ ਹੈ (ਤੇ ਉਹ ਵੀ ਭਾਰਤ ਦੇ ਦੋ-ਤਿੰਨ ਸੂਬਿਆਂ ਦੇ ਗੁਰਦੁਆਰਿਆਂ ਦੀ)। ਇਸ ਕਮੇਟੀ ਦਾ ਕੰਮ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਕਰਨਾ ਹੈ। ਸਿੱਖ ਸਿਧਾਂਤ ਬਣਾਉਣ ਅਤੇ ਲਾਗੂ ਕਰਨ ਜਾਂ ਸਿੱਖਾਂ 'ਤੇ ਕੋਈ ਹੁਕਮ ਲਾਗੂ ਕਰਨ ਦਾ ਇਸ ਕੋਲ ਕੋਈ ਹੱਕ ਨਹੀਂ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਧੜੇ ਦੇ ਕਬਜ਼ੇ ਹੇਠ ਕਮੇਟੀ ਹੈ। ਇਸ ਕਮੇਟੀ ਦੀ ਐਗ਼ਜ਼ੈਕਟਿਵ ਗ੍ਰੰਥੀਆਂ ਤੇ ਪੁਜਾਰੀਆਂ ਨੂੰ ਮੁਲਾਜ਼ਮ ਲਾਉਂਦੀ ਹੈ। ਜਦੋਂ ਜੀਅ ਕਰੇ ਆਪਣੀ ਮਰਜ਼ੀ ਨਾਲ ਉਨ੍ਹਾਂ ਨੂੰ ਗ੍ਰੰਥੀ ਲਾ ਦੇਂਦੀ ਹੈ ਤੇ ਜਦੋਂ ਜੀਅ ਕਰੇ ਕੱਢ ਦੇਂਦੀ ਹੈ (ਜਿਵੇਂ ਗਿਆਨੀ ਕਿਰਪਾਲ ਸਿੰਘ, ਜਸਬੀਰ ਸਿੰਘ ਰੋਡੇ, ਭਾਈ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ, ਭਾਈ ਬਲਵੰਤ ਸਿੰਘ ਨੰਦਗੜ੍ਹ ਕੱਢੇ ਸਨ; ਅਤੇ ਜੋਗਿੰਦਰ ਸਿੰਘ ਵੇਦਾਂਤੀ ਅਤੇ ਗੁਰਬਚਨ ਸਿੰਘ ਕੋਲੋਂ ਅਸਤੀਫ਼ੇ ਲਏ ਸਨ; ਅਤੇ ਗੁਰਮੁਖ ਸਿੰਘ ਨੂੰ ਦੂਜੇ ਗੁਰਦੁਆਰੇ ਵਿਚ ਤਬਦੀਲ ਕੀਤਾ ਸੀ)। ਇਨ੍ਹਾਂ ਗ੍ਰੰਥੀਆਂ ਤੇ ਪੁਜਾਰੀਆਂ ਨੂੰ ਸਮੁੱਚਾ ਪੰਥ ਤਾਂ ਨਹੀਂ ਚੁਣਦਾ। ਇਸ ਪੁਜਾਰੀ (ਅਖੌਤੀ ਜਥੇਦਾਰ) ਸ਼੍ਰੋਮਣੀ ਕਮੇਟੀ ਦੇ ਤਨਖ਼ਾਹਦਾਰ ਮੁਲਾਜ਼ਮ ਹਨ। ਇਹ ਪੰਥ ਦੇ ਜਥੇਦਾਰ ਕਿਵੇਂ ਹੋ ਸਕਦੇ ਹਨ!

ਸਿੱਖਾਂ ਵਿਚ ਇਕ ਬੁੰਗੇ ਨੂੰ 'ਅਕਾਲ ਤਖ਼ਤ' ਬਣਾਉਣ ਅਤੇ ਇਸ ਦੇ ਅਖੌਤੀ ਜਥੇਦਾਰ ਦਾ ਅਹੁਦਾ ਕਾਇਮ ਕਰਨਾ ਇਕ ਸਾਜ਼ਿਸ਼ ਸੀ, ਜੋ ਹੁਣ ਬੇਨਕਾਬ ਹੋ ਚੁਕੀ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਕੋਈ ਅਖੌਤੀ ਤਖ਼ਤ ਨਹੀਂ ਤੇ ਨਾ ਹੀ ਜਥੇਦਾਰ ਹੋ ਸਕਦਾ ਹੈ। ਤਖ਼ਤ ਉਦੋਂ ਤਕ ਸੀ ਜਦੋਂ ਗੁਰੂ ਜੀ ਦਰਬਾਰ ਲਾਉਂਦੇ ਸਨ ਤੇ ਜਥੇਦਾਰ ਤਾਂ ਕਿਸੇ ਜਥੇ ਦਾ ਹੁੰਦਾ ਹੈ, ਨਾ ਕਿ ਤਖ਼ਤ ਜਾਂ ਗੁਰਦੁਆਰੇ ਦਾ। ਇਸ ਕਰ ਕੇ ਨਾ ਤਾਂ ਇਕ ਬੁੰਗਾ ਤਖ਼ਤ ਹੈ ਤੇ ਨਾ ਇਕ ਜਥੇਦਾਰ/ ਪੁਜਾਰੀ ਕੌਮ ਦਾ ਜਥੇਦਾਰ ਹੈ। **(ਚੱਲਦਾ)**

# ਕਿਰਤ ਦਾ ਸੰਕਲਪ

## 'ਘਾਲ ਖਾਇ ਕਿਛੁ ਹਥਹੁ ਦੇਇ'

ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਇਸ ਸਮੇਂ ਬਹੁਤ ਸਾਰੀਆਂ ਤਕਨੀਕੀ ਕਾਢਾਂ ਮਨੁੱਖ ਦੇ ਜੀਵਨ ਨੂੰ ਸੁਖਾਲਾ ਅਤੇ ਆਰਾਮਦਾਇਕ ਬਣਾ ਰਹੀਆਂ ਹਨ ਅਤੇ ਭਵਿੱਖ ਵਿਚ ਹੋਰ ਜ਼ਿਆਦਾ ਸੁਖਾਲਾ ਬਣਾਉਣ ਲਈ ਨਵੀਆਂ ਕਾਢਾਂ ਕੱਢੀਆਂ ਵੀ ਜਾ ਰਹੀਆਂ ਹਨ। ਅਜੋਕੇ ਦੌਰ ਵਿਚ ਮਸ਼ੀਨਾਂ ਦਾ ਬੋਲਬਾਲਾ ਵੱਧ ਰਿਹਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਨੈਤਿਕ (ਇਖ਼ਲਾਕੀ) ਕਦਰਾਂ-ਕੀਮਤਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅੱਜ ਦਾ ਨੌਜਵਾਨ ਤਬਕਾ ਕਰਮ- ਧਰਮ ਨੂੰ ਸਿਰਫ਼ ਪਾਖੰਡ ਦਾ ਰੂਪ ਸਮਝਣ ਲੱਗਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਅੱਜ ਧਰਮ ਦੀ ਪਰਿਭਾਸ਼ਾ ਕੇਵਲ ਬਾਹਰੀ ਸਰੂਪ ਨੂੰ ਸੰਭਾਲਣ-ਪ੍ਰਚਾਰਨ ਤੀਕ ਸੁੰਗੜ ਕੇ ਰਹਿ ਗਈ ਹੈ। ਧਰਮ ਦੇ ਅਸਲੀ ਅਰਥ ਅਤੇ ਮਨੋਰਥ ਨੂੰ ਸਮਝਿਆ ਹੀ ਨਹੀਂ ਜਾ ਰਿਹਾ ਅਤੇ ਨਾ ਹੀ ਪ੍ਰਚਾਰਿਆ ਜਾ ਰਿਹਾ। ਖ਼ੈਰ! ਇਹ ਵੱਖਰਾ ਅਤੇ ਵਿਸ਼ਾਲ ਵਿਸ਼ਾ ਹੈ।



ਸਾਡੇ ਹੱਥਲੇ ਲੇਖ ਦਾ ਮੂਲ ਪ੍ਰਯੋਜਨ- ਗੁਰਬਾਣੀ

**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

ਅੰਦਰ ਕਿਰਤ ਦੇ ਮਹੱਤਵ ਬਾਰੇ ਵਿਚਾਰ-ਚਰਚਾ ਕਰਨਾ ਹੈ। ਇਸ ਲਈ ਗੁਰਮਤਿ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਕਿਰਤ (ਮਿਹਨਤ) ਕਰਨ ਲਈ ਦਿੱਤੀਆਂ ਸਿੱਖਿਆਵਾਂ (ਉਪਦੇਸ਼ਾਂ) ਅਤੇ ਸਿਧਾਂਤਾਂ ਨੂੰ ਹੀ ਵਿਚਾਰ-ਚਰਚਾ ਦਾ ਹਿੱਸਾ ਬਣਾਇਆ ਜਾਵੇਗਾ ਤਾਂ ਕਿ ਸਾਰਥਕ ਅਤੇ ਲਾਹੇਵੰਦ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਸ਼ਬਦ ਰਤਨਾਗਰ ਮਹਾਨਕੋਸ਼' ਵਿਚ 'ਕਿਰਤ' ਸ਼ਬਦ ਦੇ ਅਰਥ- ਕਰਮ, ਕੰਮ, ਕਰਨੀ, ਕਰਤੂਤ ਆਦਿਕ ਕੀਤੇ ਹਨ। ਕਿਰਤ ਕਰਨਾ ਭਾਵ ਮਿਹਨਤ ਕਰਨਾ। ਗੁਰਮਤਿ ਵਿਚਾਰਧਾਰਾ ਅਨੁਸਾਰ ਕਿਰਤ (ਮਿਹਨਤ) ਕਰਨੀ ਸੰਸਾਰਕ ਜੀਵਨ ਲਈ ਜਿਵੇਂ ਲਾਜ਼ਮੀ ਹੈ ਉਥੇ ਹੀ ਅਧਿਆਤਮਕ ਜੀਵਨ ਲਈ ਸ਼ਬਦ 'ਕਿਰਤ' ਨੂੰ ਵੀ ਜ਼ਰੂਰੀ ਕਿਹਾ ਗਿਆ ਹੈ ਤਾਂ ਕਿ ਜੀਵਨ ਨੂੰ ਸਹੀ ਦਿਸ਼ਾ ਵਾਲੇ ਪਾਸੇ ਤੋਰਿਆ ਜਾ ਸਕੇ;

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 418)

ਭਾਵ ਧਰਮ ਦੀ ਭੂਮੀ ਤੇ ਸੱਚ ਦਾ ਬੀਜ ਲਾਉਣਾ ਚਾਹੀਦਾ ਹੈ; ਇਸ ਤਰ੍ਹਾਂ ਦੀ ਖੇਤੀ ਕਰਨੀ ਚਾਹੀਦੀ ਹੈ। ਵਪਾਰੀ ਨੂੰ ਤਾਂ ਹੀ ਸਫਲ ਮੰਨਿਆ ਜਾਂਦਾ ਹੈ ਜੇਕਰ ਉਹ ਲਾਭ (ਮੁਨਾਫਾ) ਪ੍ਰਾਪਤ ਕਰੇ। ਜਿਹੜਾ ਵਪਾਰੀ ਆਪਣੇ ਵਪਾਰ ਵਿਚ ਨੁਕਸਾਨ ਝੱਲਦਾ ਹੈ ਉਸਨੂੰ ਕਾਮਯਾਬ ਵਪਾਰੀ ਨਹੀਂ ਕਿਹਾ ਜਾ ਸਕਦਾ। ਖ਼ੈਰ, ਗੁਰੂ ਸਾਹਿਬ ਇਹ ਵਿਚਾਰ ਅਧਿਆਤਮਕ ਜਗਤ ਸੰਬੰਧੀ ਪ੍ਰਗਟਾ ਰਹੇ ਹਨ ਅਤੇ ਸੱਚੇ ਨਾਮ ਦੀ ਕਿਰਤ ਕਰਨ ਦੀ ਸਿੱਖਿਆ ਦੇ ਰਹੇ ਹਨ।

ਜਗਤ ਗੁਰੂ ਨਾਨਕ ਦੇਵ ਜੀ ਦੇ ਤਿੰਨ ਸ਼ਾਹਕਾਰ ਨਿਯਮ ਹਨ।

1. ਕਿਰਤ ਕਰੋ
2. ਨਾਮ ਜਪੋ
3. ਵੰਡ ਛਕੋ

ਇਨ੍ਹਾਂ ਨਿਯਮਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਜਿਹੜਾ ਪ੍ਰਭਾਵ ਮਨੁੱਖੀ ਮਨ 'ਤੇ ਅਸਰ ਕਰਦਾ ਹੈ, ਉਹ ਇਹ ਹੈ ਕਿ ਗੁਰੂ ਸਾਹਿਬ ਨੇ ਕਿਰਤ ਦੇ ਸੰਕਲਪ ਨੂੰ ਸਰਵੋਤਮ ਥਾਂ 'ਤੇ ਰੱਖਿਆ ਹੈ। ਸਭ ਤੋਂ ਪਹਿਲਾਂ ਕਿਰਤ ਕਰੋ। ਫੇਰ ਨਾਮ ਜਪੋ ਅਤੇ ਆਖ਼ਰ ਵਿਚ ਵੰਡ ਕੇ ਛਕੋ। ਜਿਹੜਾ ਮਨੁੱਖ ਕਿਰਤ ਕਰਦਾ ਹੈ ਭਾਵ ਮਿਹਨਤ ਕਰਦਾ ਹੈ ਉਹੀ ਦੂਜੇ ਲੋਕਾਂ ਨਾਲ ਵੰਡ ਕੇ ਛਕ ਸਕਦਾ ਹੈ। ਜਿਹੜਾ ਖ਼ੁਦ ਹੀ ਮੰਗ ਕੇ ਖਾ ਰਿਹਾ ਹੈ ਉਸਦੇ ਮਨ ਵਿਚ ਵੰਡ ਕੇ ਛਕਣ ਦਾ ਵਿਚਾਰ ਹੀ ਪੈਦਾ ਨਹੀਂ ਹੋ ਸਕਦਾ। ਦੂਜੀ ਗੱਲ, ਪਰਮਾਤਮਾ ਦਾ ਨਾਮ ਵੀ ਉਹੀ ਮਨੁੱਖ ਸ਼ੁੱਧ ਹਿਰਦੇ ਨਾਲ (ਅੰਤਰ ਮਨ) ਨਾਲ ਜਪ ਸਕਦਾ ਹੈ, ਜਿਹੜਾ ਹੱਥੀਂ ਕਿਰਤ ਕਰਨ ਦੇ ਸੰਕਲਪ ਉਪਰ ਚਲਦਾ ਹੈ।

ਇੱਥੇ ਖ਼ਾਸ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਆਪਣੀਆਂ ਰਚਨਾਵਾਂ ਵਿਚ 'ਕਿਰਤ' ਨੂੰ ਸਰਵੋਤਮ ਥਾਂ ਦਿੱਤੀ ਹੈ ਉੱਥੇ ਹੀ ਆਪ ਹੱਥੀਂ ਖੇਤੀ ਕਰਕੇ ਲੋਕਾਈ ਨੂੰ ਕਿਰਤ ਦੇ ਰਾਹ ਪਾਉਣ ਦਾ ਯਤਨ ਵੀ ਕੀਤਾ। ਇਸ ਸਿਧਾਂਤ ਨੂੰ ਉਨ੍ਹਾਂ ਵੱਲੋਂ ਆਪਣੀਆਂ ਉਦਾਸੀਆਂ ਤੋਂ ਉਪਰੰਤ ਕਰਤਾਰਪੁਰ ਸਾਹਿਬ ਵਿਖੇ ਗੁਜ਼ਾਰੇ ਆਪਣੇ ਜੀਵਨ ਦੇ ਆਖ਼ਰੀ ਪੜਾਅ ਦੇ ਲਗਭਗ ਦੋ ਦਹਾਕਿਆਂ ਦੌਰਾਨ ਵਾਸਤਵਿਕ ਰੂਪ ਵਿਚ ਪ੍ਰਦਾਨ ਕੀਤਾ ਹੈ। ਉਨ੍ਹਾਂ ਪਰਮਾਤਮਾ ਦੇ ਨਾਮ ਦੇ ਜਾਪ ਲਈ ਸੰਗਤ ਦੀ ਸਥਾਪਨਾ ਕੀਤੀ, ਆਪਣੇ ਖੇਤਾਂ ਵਿਚ ਹੱਲ ਚਲਾ ਕੇ ਹੱਥੀਂ ਕਿਰਤ ਵੀ ਕੀਤੀ ਅਤੇ ਪੰਗਤ (ਲੰਗਰ) ਸੰਗਤ ਸੰਸਥਾ ਦੀ ਆਰੰਭਤਾ ਕਰਕੇ ਵੰਡ ਕੇ ਛਕਣ ਦੇ ਸਿਧਾਂਤ ਨੂੰ ਅਮਲੀ ਰੂਪ ਪ੍ਰਦਾਨ ਕੀਤਾ।

ਗੁਰਮਤਿ ਵਿਚਾਰਧਾਰਾ ਵਿਚ ਮਨੁੱਖ ਨੂੰ ਇਸ ਜੀਵਨ ਵਿਚ ਉੱਦਮ (ਕਿਰਤ) ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਜੰਗਲਾਂ ਵਿਚ ਜਾ ਕੇ ਪ੍ਰਭੂ ਦੀ ਭਗਤੀ ਕਰਨ, ਪੁੱਠੇ ਲਟਕਣ, ਘਰੋਂ ਭੱਜ ਜਾਣ ਅਤੇ ਸੰਸਾਰਕ ਤਿਆਗ ਨੂੰ ਮੂਲੋਂ ਹੀ ਰੱਦ ਕੀਤਾ ਹੈ। ਇਸ ਜੀਵਨ ਵਿਚ ਮਨੁੱਖ ਨੂੰ ਪਰਮਾਤਮਾ ਦੇ ਮਿਲਾਪ ਲਈ ਯਤਨ ਕਰਨੇ ਚਾਹੀਦੇ ਹਨ। ਪ੍ਰੰਤੂ! ਸੰਸਾਰਕ ਜ਼ਿੰਮੇਵਾਰੀਆਂ ਦਾ ਪਾਲਣ ਵੀ ਕਰਨਾ ਚਾਹੀਦਾ ਹੈ। ਗ੍ਰਹਿਸਥ ਜੀਵਨ ਜਿਉਂਦਿਆਂ ਪਤਨੀ ਅਤੇ ਬੱਚਿਆਂ ਦਾ ਪਾਲਣ-ਪੋਸ਼ਣ ਵੀ ਕਰਨਾ ਹੈ ਅਤੇ ਪਰਮਾਤਮਾ ਨੂੰ ਪਾਉਣ ਦੇ ਯਤਨ ਵੀ ਕਰਨੇ ਹਨ;

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 1421)

ਸਰੀਰਕ ਕਿਰਤ ਜਿੱਥੇ ਸੰਸਾਰਕ ਕਾਰ-ਵਿਹਾਰ ਵਾਸਤੇ ਕਰਨੀ ਲਾਜ਼ਮੀ ਹੈ, ਉੱਥੇ ਨਾਮ ਸਿਮਰਨ ਦੀ ਆਤਮਿਕ ਕਿਰਤ ਮਨੁੱਖੀ ਆਤਮਕ ਸ਼ਾਂਤੀ ਦਾ ਸਹਾਰਾ ਵੀ ਬਣਦੀ ਹੈ। ਗੁਰੂ ਸਾਹਿਬਾਨ ਤਾਂ ਮਨੁੱਖ ਨੂੰ ਆਪਣੇ ਕੰਮ ਆਪ ਕਰਨ ਦਾ ਸੰਦੇਸ਼ ਦਿੰਦੇ ਹਨ। ਗੁਰਮਤਿ ਅਨੁਸਾਰ ਜਿਸ ਮਨੁੱਖ ਨੂੰ ਪਰਮਾਤਮਾ ਨੇ ਤੰਦਰੁਸਤ ਸਰੀਰ ਦਿੱਤਾ ਹੈ, ਉਸ ਨੂੰ ਦੂਜਿਆਂ ਉਪਰ ਨਿਰਭਰ ਨਹੀਂ ਰਹਿਣਾ ਚਾਹੀਦਾ। ਉਸ ਨੂੰ ਆਲਸ ਦਾ ਤਿਆਗ ਕਰਕੇ ਆਪਣੇ ਕਾਰਜ ਆਪ ਕਰਨੇ ਚਾਹੀਦੇ ਹਨ;

ਆਪਨ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 474)

ਭਾਵ ਆਪਣੇ ਕੰਮ ਆਪ ਕਰਕੇ ਆਲਸ ਦਾ ਤਿਆਗ ਕਰਨਾ ਚਾਹੀਦਾ ਹੈ। ਕਿਰਤ ਕਰਦੇ ਹੋਏ/ ਸੰਸਾਰਕ ਜੀਵਨ ਜਿਉਂਦੇ ਹੋਏ/ ਪਰਮਾਤਮਾ ਨੂੰ ਸੱਚੇ ਅਤੇ ਸ਼ੁੱਧ ਹਿਰਦੇ ਨਾਲ



ਚੇਤੇ ਰੱਖਦੇ ਹੋਏ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਕੋਈ ਹੋਰ ਰਾਹ ਨਹੀਂ ਹੈ/ ਵਸੀਲਾ ਨਹੀਂ ਹੈ/ ਢੰਗ ਨਹੀਂ ਹੈ;

ਸਾਚ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀ" ਤਿਨ ਹੀ ਪ੍ਰਭੁ ਪਾਇ"॥ (ਅਕਾਲ ਉਸਤਤਿ, ਗੁਰੂ ਗੋਬਿੰਦ ਸਿੰਘ ਜੀ)

ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਸੰਸਾਰਕ ਜੀਵਨ ਜਿਉਣ ਲਈ ਪ੍ਰੇਰਿਤ ਕਰਦੀ ਹੈ। ਜਿਸ ਵਕਤ ਮਨੁੱਖ ਸੰਸਾਰਕ ਜੀਵਨ ਜਿਉਂਦਾ ਹੈ, ਤਾਂ ਉਸ ਨੂੰ ਕਿਰਤ ਦੇ ਸੰਕਲਪ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਜਦੋਂ ਮਨੁੱਖ ਗ੍ਰਹਿਸਥ ਜੀਵਨ ਬਤੀਤ ਕਰਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਸੰਸਾਰਕ ਵਸਤੂਆਂ ਦੀ ਲੋੜ ਹੁੰਦੀ ਹੈ। ਇਨ੍ਹਾਂ ਵਸਤੂਆਂ ਨੂੰ ਪੂਰਾ ਕਰਨ ਹਿੱਤ ਉਹ ਕਿਰਤ ਦੇ ਰਾਹ ਤੁਰੇਗਾ। ਇਹੀ ਗੁਰਮਤਿ ਵਿਚਾਰਧਾਰਾ ਦਾ ਸ਼ਾਹਕਾਰ ਨਿਯਮ ਹੈ;

ਕਿਰਤੁ ਪਇਆ ਨਹ ਮੇਟੈ ਕੋਇ॥
ਕਿਆ ਜਾਣਾ ਕਿਆ ਆਗੈ ਹੋਇ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 154)

ਅਤੇ

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ॥
ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 59)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਜਦੋਂ ਇਹ ਵਾਕ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਸਹਿਜੇ ਹੀ ਕਿਰਤ (ਮਿਹਨਤ) ਕਰਨ ਅਤੇ ਵੰਡ ਕੇ ਛਕਣ ਦਾ ਮਹੱਤਵ ਸਮਝਿਆ ਜਾ ਸਕਦਾ ਹੈ;

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 1245)

ਇੱਥੇ ਘਾਲ ਖਾਇ ਦਾ ਮੂਲ ਭਾਵ ਜਾਂ ਪ੍ਰਯੋਜਨ ਕਿਰਤ (ਮਿਹਨਤ) ਕਰਨ ਦਾ ਸਿਧਾਂਤ ਪੇਸ਼ ਕਰਨਾ ਹੈ ਅਤੇ 'ਹੱਥੋਂ ਦੇ' ਦਾ ਭਾਵ ਦਾਨ ਦੇਣਾ (ਗ਼ਰੀਬ-ਗੁਰਬਿਆਂ) ਦੀ ਮਦਦ ਕਰਨਾ ਹੈ। ਗੁਰਮਤਿ ਵਿਚਾਰਧਾਰਾ ਦਾ ਮੂਲ ਸਿਧਾਂਤ ਹੀ ਕਿਰਤ (ਮਿਹਨਤ) ਕਰਕੇ ਖਾਣਾ ਅਤੇ ਜਿਉਣਾ ਹੈ;

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 522)

ਅਤੇ

ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ॥ (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 156)

ਸੱਚੀ ਕਿਰਤ ਆਤਮਿਕ, ਸਰੀਰਕ ਅਤੇ ਸਮਾਜਿਕ ਧਰਮ ਦੀ ਨੀਂਹ ਮੰਨੀ ਜਾਂਦੀ ਹੈ। ਇਸ ਤਰ੍ਹਾਂ ਦੀ ਕਿਰਤ (ਮਿਹਨਤ) ਲਈ ਨਿਰਛੱਲ ਤੇ ਇਕਾਗਰ ਮਨ, ਚੋਰੀ, ਹੱਕ-ਹਰਾਮ ਨੂੰ ਤਿਲਾਂਜਲੀ ਅਤੇ ਨਾਲ ਹੀ ਵੈਰ-ਵਿਰੋਧ ਤੋਂ ਰਹਿਤ ਭਾਈਚਾਰਕ ਸਾਂਝ ਦਾ ਹੋਣਾ ਜ਼ਰੂਰੀ ਹੈ ਤਾਂ ਹੀ ਨਾਮ, ਕਿਰਤ ਅਤੇ ਵੰਡ ਕੇ ਛਕਣ ਦੇ ਤ੍ਰੈਪੱਖੀ ਸਿਧਾਂਤ ਨੂੰ ਸੱਚੀ ਕਿਰਤ ਦੇ ਘੇਰੇ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਦੇ ਅੰਤਰਗਤ ਕਿਰਤ ਦੇ ਸੰਕਲਪ ਨੂੰ ਤਵੱਜੋਂ ਦਿੰਦੇ ਹੋਏ ਗੁਰੂ ਸਾਹਿਬਾਨ ਨੇ ਧਰਮ ਦੇ ਨਾਮ 'ਤੇ ਹੁੰਦੇ ਵਹਿਮਾਂ-ਭਰਮਾਂ, ਪਾਖੰਡਾਂ ਅਤੇ ਆਡੰਬਰਾਂ ਨੂੰ ਵੀ ਭੰਡਿਆ ਹੈ ਤਾਂ ਕਿ ਇਨ੍ਹਾਂ ਤੋਂ ਬਚਿਆ ਜਾ ਸਕੇ ਅਤੇ ਮਨੁੱਖ ਦਾ ਜੀਵਨ ਸੁਖਾਲਾ ਅਤੇ ਪ੍ਰੇਮ- ਪੂਰਵਕ ਬਤੀਤ ਹੋ ਸਕੇ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਾਦਾ ਅਤੇ ਨੇਕ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਜਨਮ ਬਹੁਤ ਭਾਗਾਂ ਦੀ ਨਿਸ਼ਾਨੀ ਹੈ। ਇਸ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਇਸ ਮਨੁੱਖਾ ਦੇਹੀ ਦਾ ਮੂਲ ਪ੍ਰਯੋਜਨ ਪਰਮਾਤਮਾ ਦਾ ਮਿਲਾਪ ਹੈ ਅਤੇ ਇਹ ਮਿਲਾਪ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਸੰਭਵ ਹੈ।

ਗੁਰਮਤਿ ਵਿਚਾਰਧਾਰਾ ਵਿਚ ਕਿਰਤ ਦੇ ਸੰਕਲਪ ਨੂੰ ਮਹੱਤਵਪੂਰਨ ਅਤੇ ਨਿਵੇਕਲਾ ਸਥਾਨ ਦਿਤਾ ਗਿਆ ਹੈ। ਕਿਰਤ (ਮਿਹਨਤ) ਕਰਨ ਨਾਲ ਮਨੁੱਖ ਜਿੱਥੇ ਸਰੀਰਕ ਰੂਪ ਵਿਚ ਤੰਦਰੁਸਤ ਰਹਿੰਦਾ ਹੈ, ਉੱਥੇ ਹੀ ਮਾਨਸਿਕ ਰੂਪ ਵਿਚ ਵੀ ਸੁਖ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਕਿਰਤ ਦੇ ਸੰਕਲਪ ਦੇ ਮਾਧਿਅਮ ਦੁਆਰਾ 'ਆਦਰਸ਼ਕ ਸਮਾਜ' ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਹੜੀ ਕਿ ਅੱਜ ਦੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਜ਼ਰੂਰਤ ਹੈ। ਇਸ ਸਿਧਾਂਤ ਤੇ ਅਮਲ ਕਰਕੇ ਮਨੁੱਖ ਦੁਆਰਾ ਸੱਚੇ-ਸੁੱਚੇ ਸਮਾਜ ਦੀ ਸਿਰਜਣਾ ਵਿਚ ਸਾਰਥਕ ਰੋਲ ਅਦਾ ਕੀਤਾ ਜਾ ਸਕਦਾ ਹੈ। ਪਰ, ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

# ਸੁਰੱਖਿਅਤ ਭੋਜਨ ਕਿੰਨਾ ਖਤਰਨਾਕ....?

ਅੱਜ ਦੇ ਆਧੁਨਿਕ ਯੁਗ ਵਿਚ, ਜਦੋਂ ਵਿਗਿਆਨ ਨੇ ਹਰ ਖੇਤਰ ਵਿਚ ਬੇਮਿਸਾਲ ਤਰੱਕੀ ਕੀਤੀ ਹੈ, ਭੋਜਨ ਸੰਬੰਧੀ ਉਦਯੋਗ ਵੀ ਇਸ 'ਤੋਂ ਅਛੂਤਾ ਨਹੀਂ ਰਿਹਾ। ਸੁਰੱਖਿਅਤ ਭੋਜਨ, ਜਿਸ ਨੂੰ ਅੰਗਰੇਜ਼ੀ ਵਿਚ 'ਪ੍ਰਿਜ਼ਰਵਡ ਫੂਡ' ਕਿਹਾ ਜਾਂਦਾ ਹੈ, ਅੱਜ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਸੁਪਰਮਾਰਕੀਟਾਂ ਦੀਆਂ ਅਲਮਾਰੀਆਂ ਤੋਂ ਲੈ ਕੇ ਘਰਾਂ ਦੀਆਂ ਰਸੋਈਆਂ ਤੱਕ, ਇਹ ਭੋਜਨ ਪਦਾਰਥ ਆਪਣੀ ਲੰਬੀ ਮਿਆਦ ਅਤੇ ਵਰਤੋਂ ਦੀ ਸਹੂਲਤ ਕਾਰਨ ਪ੍ਰਸਿੱਧ ਹੋ ਚੁੱਕੇ ਹਨ। ਪਰ ਸਵਾਲ ਇਹ ਉੱਠਦਾ ਹੈ ਕਿ ਜੋ ਭੋਜਨ ਮਹੀਨਿਆਂ ਤੱਕ ਖਰਾਬ ਨਹੀਂ ਹੁੰਦਾ, ਕੀ ਉਹ ਸੱਚਮੁੱਚ ਸਾਡੀ ਸਿਹਤ ਲਈ ਸੁਰੱਖਿਅਤ ਹੈ? ਜਾਂ ਇਸ ਦੀ ਲੰਬੀ ਮਿਆਦ ਦੇ ਪਿੱਛੇ ਲੁਕੇ ਕੈਮੀਕਲ ਸਾਡੇ ਸਰੀਰ ਲਈ



**ਸੰਦੀਪ ਕੁਮਾਰ**
**ਫੋਨ: 70098-07121**

ਹਾਨੀਕਾਰਕ ਸਾਬਤ ਹੋ ਸਕਦੇ ਹਨ? ਸੁਰੱਖਿਅਤ ਭੋਜਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਲੰਬੀ ਸ਼ੈਲਫ-ਲਾਈਫ ਹੈ। ਆਮ ਤੌਰ 'ਤੇ ਜੇਕਰ ਅਸੀਂ ਘਰ ਵਿਚ ਭੋਜਨ ਤਿਆਰ ਕਰਦੇ ਹਾਂ, ਜਿਵੇਂ ਕਿ ਸਬਜ਼ੀਆਂ, ਦਾਲ ਜਾਂ ਰੋਟੀ, ਤਾਂ ਇਹ ਕੁਝ ਦਿਨਾਂ ਵਿਚ ਹੀ ਖਰਾਬ ਹੋ ਜਾਂਦਾ ਹੈ। ਇਸ ਦੇ ਪਿੱਛੇ ਕਾਰਨ ਹੈ ਬੈਕਟੀਰੀਆ ਅਤੇ ਫੰਗਸ ਦਾ ਵਧਣਾ, ਜੋ ਕੁਦਰਤੀ ਤੌਰ 'ਤੇ ਭੋਜਨ ਨੂੰ ਸੜਨ-ਗਲਣ ਦੀ ਪ੍ਰਕਿਰਿਆ ਵੱਲ ਲੈ ਜਾਂਦੇ ਹਨ। ਪਰ ਜਦੋਂ ਅਸੀਂ ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਭੋਜਨ ਪਦਾਰਥਾਂ ਦੀ ਗੱਲ ਕਰਦੇ ਹਾਂ, ਜਿਵੇਂ ਕਿ ਡੱਬਾਬੰਦ ਖਾਣੇ, ਚਿਪਸ, ਬਿਸਕੁਟ, ਜੈਮ, ਸੌਸ ਜਾਂ ਫਰੋਜ਼ਨ ਫੂਡ, ਤਾਂ ਇਹ ਮਹੀਨਿਆਂ ਤੱਕ ਖਰਾਬ ਨਹੀਂ ਹੁੰਦੇ। ਇਸ ਦਾ ਕਾਰਨ ਹੈ ਇਨ੍ਹਾਂ ਵਿਚ ਵਰਤੇ ਜਾਣ ਵਾਲੇ ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲ, ਜੋ ਬੈਕਟੀਰੀਆ ਅਤੇ ਫੰਗਸ ਦੇ ਵਾਧੇ ਨੂੰ ਰੋਕਦੇ ਹਨ। ਪਰ ਇਹ ਸਵਾਲ ਸਾਡੇ ਮਨ ਵਿਚ ਆਉਂਦਾ ਹੈ ਕਿ ਜੇਕਰ ਇਹ ਕੈਮੀਕਲ ਬੈਕਟੀਰੀਆ ਵਰਗੇ ਸੂਖਮ ਜੀਵਾਂ ਨੂੰ ਮਾਰ ਸਕਦੇ ਹਨ, ਤਾਂ ਇਹ ਸਾਡੇ ਸਰੀਰ ਦੀਆਂ ਕੋਸ਼ਿਕਾਵਾਂ ਅਤੇ ਸਿਹਤ 'ਤੇ ਕੀ ਅਸਰ ਪਾਉਂਦੇ ਹੋਣਗੇ?

ਪ੍ਰਿਜ਼ਰਵਡ ਫੂਡ ਵਿਚ ਵਰਤੇ ਜਾਣ ਵਾਲੇ ਕੈਮੀਕਲਾਂ ਦੀ ਸੂਚੀ ਕਾਫੀ ਲੰਬੀ ਹੈ। ਇਨ੍ਹਾਂ ਵਿਚ ਸੋਡੀਅਮ ਬੈਂਜੋਏਟ, ਪੋਟਾਸ਼ੀਅਮ ਸੋਰਬੇਟ, ਸਲਫਰ ਡਾਈਆਕਸਾਈਡ, ਨਾਈਟ੍ਰੇਟਸ, ਨਾਈਟ੍ਰਾਈਟਸ ਅਤੇ ਹੋਰ ਕਈ ਸਿੰਥੈਟਿਕ ਮਿਸ਼ਰਣ ਸ਼ਾਮਲ ਹਨ। ਇਹ ਕੈਮੀਕਲ ਭੋਜਨ ਨੂੰ ਖਰਾਬ ਹੋਣ ਤੋਂ ਬਚਾਉਂਦੇ ਹਨ, ਪਰ ਇਨ੍ਹਾਂ ਦਾ ਸੇਵਨ ਸਾਡੀ ਸਿਹਤ 'ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ। ਉਦਾਹਰਣ ਵਜੋਂ, ਸੋਡੀਅਮ ਬੈਂਜੋਏਟ, ਜੋ ਆਮ ਤੌਰ 'ਤੇ ਸਾਫਟ ਡਰਿੰਕਸ, ਜੈਮ ਅਤੇ ਸੌਸ ਵਿਚ ਵਰਤਿਆ ਜਾਂਦਾ ਹੈ, ਨੂੰ ਕੁਝ ਅਧਿਐਨਾਂ ਵਿਚ ਅਸਥਮਾ, ਐਲਰਜੀ ਅਤੇ ਹਾਈਪਰਐਕਟੀਵਿਟੀ ਨਾਲ ਜੋੜਿਆ ਗਿਆ ਹੈ। ਇਸੇ ਤਰ੍ਹਾਂ, ਨਾਈਟ੍ਰੇਟਸ ਅਤੇ ਨਾਈਟ੍ਰਾਈਟਸ, ਜੋ ਪ੍ਰੋਸੈਸਡ ਮੀਟ ਵਿਚ ਵਰਤੇ ਜਾਂਦੇ ਹਨ, ਨੂੰ ਕੈਂਸਰ ਦੇ ਵਧਦੇ ਜੋਖਮ ਨਾਲ ਸਬੰਧਤ ਮੰਨਿਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਵੀ ਪ੍ਰੋਸੈਸਡ ਮੀਟ ਨੂੰ ਕਾਰਸੀਨੋਜਨਿਕ (ਕੈਂਸਰ ਪੈਦਾ ਕਰਨ ਵਾਲਾ) ਪਦਾਰਥ ਦੀ ਸ਼੍ਰੇਣੀ ਵਿਚ ਰੱਖਿਆ ਹੈ। ਇਸ ਤੋਂ ਇਲਾਵਾ, ਸੁਰੱਖਿਅਤ ਭੋਜਨ ਦੀ ਪੋਸ਼ਟਿਕਤਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਜਦੋਂ ਭੋਜਨ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਪ੍ਰੋਸੈਸ ਕੀਤਾ ਜਾਂਦਾ ਹੈ, ਤਾਂ ਇਸ ਦੌਰਾਨ ਇਸ ਦੇ ਕੁਦਰਤੀ ਪੋਸ਼ਟਿਕ ਤੱਤ, ਜਿਵੇਂ ਕਿ ਵਿਟਾਮਿਨ ਅਤੇ ਖਣਿਜ, ਨਸ਼ਟ ਹੋ ਜਾਂਦੇ ਹਨ। ਕਈ ਵਾਰ ਕੰਪਨੀਆਂ ਇਨ੍ਹਾਂ ਖਾਣਿਆਂ ਵਿਚ ਸਿੰਥੈਟਿਕ ਵਿਟਾਮਿਨ ਜਾਂ ਖਣਿਜ ਸ਼ਾਮਲ ਕਰਦੀਆਂ ਹਨ, ਪਰ ਇਹ ਕੁਦਰਤੀ ਸਰੋਤਾਂ ਤੋਂ ਮਿਲਣ ਵਾਲੇ ਪੋਸ਼ਟਿਕ ਤੱਤਾਂ ਜਿੰਨੇ ਪ੍ਰਭਾਵੀ ਨਹੀਂ ਹੁੰਦੇ। ਨਤੀਜੇ ਵਜੋਂ, ਅਸੀਂ ਸੋਚਦੇ ਹਾਂ ਕਿ ਅਸੀਂ ਪੋਸ਼ਟਿਕ ਭੋਜਨ ਖਾ ਰਹੇ ਹਾਂ, ਪਰ ਅਸਲ ਵਿਚ ਅਸੀਂ ਸਿਰਫ ਖਾਲੀ ਕੈਲੋਰੀਆਂ ਅਤੇ ਹਾਨੀਕਾਰਕ ਕੈਮੀਕਲਾਂ ਦਾ ਸੇਵਨ ਕਰ ਰਹੇ ਹੁੰਦੇ ਹਾਂ। ਇਹ ਸਥਿਤੀ ਖਾਸ ਤੌਰ 'ਤੇ ਬੱਚਿਆਂ ਅਤੇ ਨੌਜਵਾਨਾਂ ਲਈ ਚਿੰਤਾਜਨਕ ਹੈ, ਜਿਨ੍ਹਾਂ ਦੀ ਸਰੀਰਕ ਵਿਕਾਸ ਦੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਦੇ ਭੋਜਨ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ।

ਸੁਰੱਖਿਅਤ ਭੋਜਨ ਦਾ ਇੱਕ ਹੋਰ ਵੱਡਾ ਖਤਰਾ ਇਸ ਵਿਚ ਸ਼ਾਮਲ ਉੱਚ ਮਾਤਰਾ ਵਿਚ ਚੀਨੀ, ਨਮਕ ਅਤੇ ਟ੍ਰਾਂਸ ਫੈਟਸ ਹਨ। ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਜਾਣ ਵਾਲੇ ਜ਼ਿਆਦਾਤਰ ਭੋਜਨ ਪਦਾਰਥ, ਜਿਵੇਂ ਕਿ ਚਿਪਸ, ਬਿਸਕੁਟ, ਨੂਡਲਜ਼ ਅਤੇ ਸਾਫਟ ਡਰਿੰਕਸ, ਵਿਚ ਚੀਨੀ ਅਤੇ ਨਮਕ ਦੀ ਮਾਤਰਾ ਸਿਹਤ ਲਈ ਨੁਕਸਾਨਦੇਹ ਪੱਧਰ ਤੱਕ ਹੁੰਦੀ ਹੈ। ਇਸੇ ਤਰ੍ਹਾਂ, ਟ੍ਰਾਂਸ ਫੈਟਸ, ਜੋ ਕਈ ਪ੍ਰੋਸੈਸਡ ਫੂਡਜ਼ ਵਿਚ ਵਰਤੇ ਜਾਂਦੇ ਹਨ, ਦਿਲ ਦੀਆਂ ਬਿਮਾਰੀਆਂ, ਮੋਟਾਪੇ ਅਤੇ ਕੋਲੈਸਟ੍ਰੋਲ ਦੇ ਵਧਣ ਦਾ ਕਾਰਨ ਬਣਦੇ ਹਨ। ਅਜਿਹੇ ਭੋਜਨ ਦਾ ਨਿਯਮਤ ਸੇਵਨ ਨਾ ਸਿਰਫ ਸਾਡੀ ਸਿਹਤ ਨੂੰ ਖਰਾਬ ਕਰਦਾ ਹੈ, ਸਗੋਂ ਸਾਡੀ ਜੀਵਨਸ਼ੈਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੋਟਾਪਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਅੱਜ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਮ ਹੋ ਗਈਆਂ ਹਨ, ਅਤੇ ਇਸ ਦਾ ਇੱਕ ਵੱਡਾ ਕਾਰਨ ਸੁਰੱਖਿਅਤ ਅਤੇ ਪ੍ਰੋਸੈਸਡ ਭੋਜਨ ਦਾ ਵਧਦਾ ਸੇਵਨ ਹੈ। ਕੰਪਨੀਆਂ ਦੀ ਮਾਰਕੀਟਿੰਗ ਰਣਨੀਤੀ ਵੀ ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਵਧਾਉਂਦੀ ਹੈ। ਇਹ ਕੰਪਨੀਆਂ ਆਪਣੇ ਉਤਪਾਦਾਂ ਨੂੰ ਸਿਹਤਮੰਦ ਅਤੇ ਪੋਸ਼ਟਿਕ ਦੱਸਣ ਲਈ ਆਕਰਸ਼ਕ ਸਲੋਗਨ ਅਤੇ ਪੈਕੇਜਿੰਗ ਦੀ ਵਰਤੋਂ ਕਰਦੀਆਂ ਹਨ। 'ਲੋ-ਫੈਟ', 'ਜ਼ੀਰੋ ਸ਼ੂਗਰ', 'ਵਿਟਾਮਿਨ ਨਾਲ ਭਰਪੂਰ' ਜਾਂ 'ਆਰਗੈਨਿਕ' ਵਰਗੇ ਸ਼ਬਦ ਗਾਹਕਾਂ ਨੂੰ ਆਕਰਸ਼ਿਤ ਕਰਦੇ ਹਨ, ਪਰ ਅਕਸਰ ਇਹ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹੁੰਦੇ ਹਨ। ਉਦਾਹਰਣ ਵਜੋਂ, 'ਜ਼ੀਰੋ ਸ਼ੂਗਰ' ਵਾਲੇ ਉਤਪਾਦਾਂ ਵਿਚ ਅਕਸਰ ਕ੍ਰਿਤ੍ਰਿਮ ਮਿਠਾਸ ਵਰਤੀ ਜਾਂਦੀ ਹੈ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦੀਆਂ ਹਨ। ਇਸੇ ਤਰ੍ਹਾਂ, 'ਲੋ-ਫੈਟ' ਉਤਪਾਦਾਂ ਵਿਚ ਅਕਸਰ ਚੀਨੀ ਜਾਂ ਸਟਾਰਚ ਦੀ ਮਾਤਰਾ ਵਧਾ ਦਿੱਤੀ ਜਾਂਦੀ ਹੈ, ਜੋ ਸਿਹਤ ਨੂੰ ਹੋਰ ਨੁਕਸਾਨ ਪਹੁੰਚਾਉਂਦੀ ਹੈ। ਇਹ ਮਾਰਕੀਟਿੰਗ ਚਾਲਬਾਜ਼ੀਆਂ ਗਾਹਕਾਂ ਨੂੰ ਗੁੰਮਰਾਹ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਅਜਿਹੇ ਭੋਜਨ ਦੀ ਵਰਤੋਂ ਲਈ ਪ੍ਰੇਰਿਤ ਕਰਦੀਆਂ ਹਨ, ਜੋ ਸਰੀਰ ਲਈ ਲਾਭਦਾਇਕ ਨਹੀਂ ਸਗੋਂ ਨੁਕਸਾਨਦੇਹ ਹੁੰਦੇ ਹਨ।

ਸੁਰੱਖਿਅਤ ਭੋਜਨ ਦੇ ਵਧਦੇ ਸੇਵਨ ਦਾ ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਵੀ ਘੱਟ ਨਹੀਂ ਹੈ। ਪਹਿਲਾਂ, ਖਾਸ ਕਰਕੇ ਪੰਜਾਬੀ ਸਮਾਜ ਵਿਚ, ਘਰੇਲੂ ਭੋਜਨ ਨੂੰ ਸਿਹਤ ਅਤੇ ਪਰੰਪਰਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਤਾਜ਼ੀਆਂ ਸਬਜ਼ੀਆਂ, ਘਰ ਵਿਚ ਬਣਿਆ ਦਹੀਂ, ਮੱਖਣ ਅਤੇ ਰੋਟੀ ਨਾ ਸਿਰਫ ਸੁਆਦੀ ਸਨ, ਸਗੋਂ ਪੋਸ਼ਟਿਕ ਵੀ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿਚ, ਜਦੋਂ ਸਮਾਂ ਸੀਮਤ ਹੈ, ਲੋਕ ਸੁਰੱਖਿਅਤ ਅਤੇ ਤੁਰੰਤ ਤਿਆਰ ਹੋਣ ਵਾਲੇ ਭੋਜਨ ਵੱਲ ਵਧ ਰਹੇ ਹਨ। ਇਸ ਨਾਲ ਨਾ ਸਿਰਫ ਸਾਡੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ, ਸਗੋਂ ਸਾਡੀ ਰਸੋਈ ਸੰਸਕ੍ਰਿਤੀ ਵੀ ਖਤਮ ਹੋ ਰਹੀ ਹੈ। ਬੱਚੇ, ਜੋ ਪਹਿਲਾਂ ਘਰ ਦੇ ਬਣੇ ਪਕਵਾਨਾਂ ਦਾ ਸੁਆਦ ਚੱਖਦੇ ਸਨ, ਅੱਜ ਪੀਜ਼ਾ, ਬਰਗਰ ਅਤੇ ਨੂਡਲਜ਼ ਦੇ ਆਦੀ ਹੋ ਰਹੇ ਹਨ। ਇਹ ਤਬਦੀਲੀ ਸਾਡੀ ਅਗਲੀ ਪੀੜ੍ਹੀ ਦੀ ਸਿਹਤ ਅਤੇ ਸੱਭਿਆਚਾਰਕ ਵਿਰਾਸਤ ਲਈ ਵੀ ਖਤਰਾ ਬਣ ਰਹੀ ਹੈ। ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਘਟਾਉਣ ਲਈ ਸਾਨੂੰ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਾਨੂੰ ਆਪਣੀ ਖੁਰਾਕ ਵਿਚ ਤਾਜ਼ੇ ਅਤੇ ਕੁਦਰਤੀ ਭੋਜਨ ਨੂੰ ਪਹਿਲ ਦੇਣੀ ਚਾਹੀਦੀ ਹੈ। ਸਥਾਨਕ ਬਜ਼ਾਰਾਂ ਤੋਂ ਤਾਜ਼ੀਆਂ ਸਬਜ਼ੀਆਂ, ਫਲ ਅਤੇ ਅਨਾਜ ਖਰੀਦਣੇ ਸਾਡੀ ਸਿਹਤ ਲਈ ਲਾਭਦਾਇਕ ਹੋ ਸਕਦੇ ਹਨ। ਦੂਜਾ, ਸਾਨੂੰ ਪ੍ਰੋਸੈਸਡ ਅਤੇ ਸੁਰੱਖਿਅਤ ਭੋਜਨ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਜੇਕਰ ਅਸੀਂ ਅਜਿਹੇ ਭੋਜਨ ਦਾ ਸੇਵਨ ਕਰਦੇ ਹਾਂ, ਤਾਂ ਪੈਕੇਜਿੰਗ 'ਤੇ ਲਿਖੇ ਇੰਗਰੀਡੀਐਂਟਸ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ

*(ਬਾਕੀ ਅਗਲੇ ਸਫੇ 'ਤੇ)*

# ਉਚੇਰੀ ਸਿੱਖਿਆ ’ਤੇ ਹਮਲੇ ਹੁੰਦੇ ਕਿਸ ਤਰ੍ਹਾਂ ਹਨ?

ਸਾਡੇ ਦੇਸ਼ ਦੀ ਉਚੇਰੀ ਸਿੱਖਿਆ ‘ਤੇ ਹਮਲੇ ਚਾਰ ਵੱਖ-ਵੱਖ ਢੰਗਾਂ ਨਾਲ ਹੁੰਦੇ ਹਨ। ਇਹ ਆਮ ਤੌਰ ‘ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਕਿਸੇ ਪ੍ਰਸਤਾਵਨਾ ਨੂੰ ਸਾਬਤ ਕਰਨ ਲਈ ਯਥਾਰਥ ਦੇ ਸੰਬੰਧ ਵਿਚ ਤੱਥਾਂ ਦਾ ਕੋਈ ਮਹੱਤਵ ਨਹੀਂ ਹੁੰਦਾ, ਇਸ ਤਰ੍ਹਾਂ ਕਹਿਣ ਨਾਲ ਤੱਥ ਅਤੇ ਕਲਪਨਾ ਦੇ ਵਿਚ ਦਾ ਅੰਤਰ ਖਤਮ ਹੋ ਜਾਂਦਾ ਹੈ। ਇਸ ਦੀ ਮਿਸਾਲ ‘ਭਾਰਤੀ ਗਿਆਨ ਕਾਂਗਰਸ’ ਦੇ ਮੰਚ ਤੋਂ ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਗਣੇਸ਼ ਦੀ ਸੁੰਢ ਇਹ ਵਿਖਾਉਂਦੀ ਹੈ ਕਿ ਪ੍ਰਾਚੀਨ ਭਾਰਤ ‘ਚ ਪਲਾਸਟਿਕ ਸਰਜਰੀ ਦਾ ਗਿਆਨ ਸੀ। ਹਕੂਮਤੀ ਪਾਰਟੀ ਦੇ ਵੱਡੇ-ਵੱਡੇ ਨੇਤਾ ਇਸ ਤਰ੍ਹਾਂ ਦੀਆਂ ਊਲ-ਜਲੂਲ ਟਿੱਪਣੀਆਂ ਕਰਨ ਵਿਚ ਲੱਗੇ ਰਹਿੰਦੇ

**ਡਾ. ਅਜੀਤਪਾਲ ਸਿੰਘ ਐੱਮ ਡੀ**
**ਫੋਨ: 98156-29301**

ਹਨ। ਦੇਸ਼ ਦੀ ਮੌਜੂਦਾ ਰਾਜਸੀ ਲੀਡਰਸ਼ਿਪ ਵੱਲੋਂ ਤਰਕ ਦੇ ਸਿਧਾਂਤ ਨੂੰ ਢਹਿ-ਢੇਰੀ ਕਰਨ ਦੀ ਇਹ ਕੋਸ਼ਿਸ਼ ਖਾਸ ਤੌਰ ‘ਤੇ ਚਿੰਤਾਜਨਕ ਹੈ।

ਉੱਚ ਸਿੱਖਿਆ ਦੀ ਦੁਨੀਆਂ ‘ਤੇ ਰਾਜਸੀ ਕੰਟਰੋਲ ਕਾਇਮ ਕੀਤੇ ਜਾਣ ਦੀ ਕੋਸ਼ਿਸ਼ ਇਸ ਹਮਲੇ ਦਾ ਦੂਜਾ ਪੱਖ ਹੈ। ਭਾਵੇਂ ਕਿ ਭਾਜਪਾ ਸਰਕਾਰ ਤੋਂ ਪਹਿਲਾਂ ਵੀ ਪਿਛਲੇ ਕਾਫੀ ਸਮੇਂ ਤੋਂ ਸਿੱਖਿਆ ਨਾਲ ਅਕਾਦਮਿਕ ਮਾਮਲਿਆਂ ਵਿਚ ਸਿਆਸੀ ਦਖ਼ਲਅੰਦਾਜ਼ੀ ਵਧ ਰਹੀ ਸੀ ਪਰ ਫਿਰ ਵੀ ਮੌਜੂਦਾ ਸਰਕਾਰ ਜਿਸ ਬੇਰਹਿਮੀ ਨਾਲ ਇਸ ਕੰਮ ਨੂੰ ਅੱਗੇ ਵਧਾ ਰਹੀ ਹੈ ਉਹ ਪਹਿਲਾਂ ਏਨਾ ਤੇਜ਼ ਨਹੀਂ ਸੀ। ਹੁਣ ਤਾਂ ਇਸ ਦਾ ਇੱਕ ਨਿਸ਼ਚਿਤ ਉਦੇਸ਼ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣਾ ਵੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੂੰ ਖ਼ਤਮ ਕਰ ਦੇਣ ਦਾ ਮਸੌਦਾ ਇਸ ਕੋਸ਼ਿਸ਼ ਦਾ ਸਿੱਟਾ ਹੈ ਕਿ ਯੂਜੀਸੀ ਦੀ ਹੁਣ ਤੱਕ ਯੂਨੀਵਰਸਿਟੀਆਂ ਦੀ ਫੰਡਿੰਗ ਵਿਚ ਜੋ ਭੂਮਿਕਾ ਰਹੀ ਉਸ ਨੂੰ ਹੁਣ ਸਿੱਧੇ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ (ਐਮਐੱਚਆਰਡੀ) ਨੂੰ ਸੌਂਪਿਆ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦੀ ਜੋ ਚੌਤਰਫਾ ਆਲੋਚਨਾ ਹੋਈ ਹੈ ਉਸ ਪਿੱਛੋਂ ਹੁਣ ਐਮਐਚਆਰਡੀ ਵੱਲੋਂ ਫੰਡਿੰਗ ਦਾ ਕੰਮ ਮਖੌਟੇ ਵਿਚ ਕਰਨ ਲਈ ਕਿਸੇ ਫਰੰਟ ਕਮੇਟੀ ਰਾਹੀਂ ਕੀਤਾ ਜਾਵੇਗਾ, ਭਾਵੇਂ ਇਹ ਫੈਸਲਾ ਉਨ੍ਹਾਂ ਦੇ ਆਪਣੇ ਮੁਤਾਬਕ ਹੋਵੇਗਾ। ਯੂਜੀਸੀ ਦੀ ਉੱਚ ਸਿੱਖਿਆ ਤੇ ਨਿਗਰਾਨੀ ਦੀ ਭੂਮਿਕਾ ਦਾ ਜੋ ਸੁਆਲ ਹੈ, ਇਹ ਕੰਮ ਹੁਣ ਇੱਕ ਭਾਰਤੀ ਉੱਚ ਸਿੱਖਿਆ ਆਯੋਗ (ਐਚ ਈ ਸੀ ਆਈ) ਸੰਭਾਲੇਗਾ। ਐੱਚ ਈ ਸੀ ਆਈ ਦੇ ਬਾਰਾਂ ਮੈਂਬਰਾਂ ਵਿਚੋਂ ਸਿਰਫ਼ ਦੋ ਲੋਕ ਵਿਹਾਰਕ ਤੌਰ ‘ਤੇ ਸਿੱਖਿਆ ਨਾਲ ਜੁੜੇ ਹੋਣਗੇ ਬਾਕੀ ਕਿਸੇ ਨਾ ਕਿਸੇ ਤਰ੍ਹਾਂ ਦੇ ਨੌਕਰਸ਼ਾਹ ਹੀ ਹੋਣਗੇ। ਇਸ ਵਿਚ ਦੋ ਕੁਲਪਤੀ ਵੀ ਸ਼ਾਮਿਲ ਹਨ ਜੋ ਇਨ੍ਹਾਂ ਦੂਜੇ ਨੌਕਰਸ਼ਾਹਾਂ ਤੋਂ ਵੱਖਰੇ ਨਹੀਂ ਹੋਣਗੇ। ਇਹ ਸਾਰੇ ਦੇ ਸਾਰੇ ਸਰਕਾਰ ਦੇ ਇਸ਼ਾਰੇ ‘ਤੇ ਚੱਲਣ ਲਈ ਪ੍ਰਤੀਬੱਧ ਹੋਣਗੇ।

ਇੰਨਾ ਹੀ ਨਹੀਂ ਸਿਲੇਬਸ ਵਰਗੇ ਅਕਾਦਮਿਕ ਮਾਮਲਿਆਂ ਵਿਚ ਅਤੇ ਡੀਨਾਂ ਤੇ ਵਿਭਾਗ ਮੁਖੀਆਂ ਦੀ ਨਾਮਜ਼ਦਗੀ ਵਰਗੇ ਪ੍ਰਸ਼ਾਸਨਕ ਮਾਮਲਿਆਂ ਵਿਚ ਵੀ, ਇਹ ਐੱਚ.ਈ.ਸੀ.ਆਈ. ਦਾ ਅਧਿਕਾਰ ਖੇਤਰ ਏਨਾ ਵੱਡਾ ਹੋਵੇਗਾ ਜਿੰਨਾ ਯੂਜੀਸੀ ਨੂੰ ਕਦੀ ਵੀ ਹਾਸਲ ਨਹੀਂ ਰਿਹਾ। ਉਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕੀਤੇ ਜਾਣ ਨੂੰ ਬਕਾਇਦਾ ਜੁਰਮ ਮੰਨ ਲਿਆ ਜਾਵੇਗਾ ਜਿਸ ਲਈ ਸਬੰਧਤ ਯੂਨੀਵਰਸਿਟੀ ਅਧਿਕਾਰੀਆਂ ਨੂੰ ਦੋ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਕੀਤੀ ਜਾ ਸਕੇਗੀ।

ਇੰਨਾ ਹੀ ਨਹੀਂ ਐੱਚ.ਈ.ਸੀ.ਆਈ. ਦੇ ਉੱਪਰ ਇੱਕ ਸਲਾਹਕਾਰ ਸੰਮਤੀ ਹੋਵੇਗੀ ਜਿਸ ਦੀ ਪ੍ਰਧਾਨਗੀ ਐਮ.ਐੱਚ.ਆਰ.ਡੀ. ਮੰਤਰੀ ਦੁਆਰਾ ਕੀਤੀ ਜਾਵੇਗੀ। ਇਹ ਸੰਮਤੀ ਐੱਚ.ਈ.ਸੀ.ਆਈ. ਦੀਆਂ ਸਰਗਰਮੀਆਂ ਨੂੰ ਅਸਰ-ਅੰਦਾਜ਼ ਕਰੇਗੀ। ਸੰਖੇਪ ਵਿਚ ਇਹ ਕਿ ਯੂਜੀਸੀ ਦੀ ਜਗ੍ਹਾ ਲੈਣ ਲਈ ਜੋ ਕਾਨੂੰਨ ਲਿਆਂਦਾ ਜਾ ਰਿਹਾ ਹੈ ਉੱਚ ਸਿੱਖਿਆ ਸੰਸਥਾਵਾਂ ਨੂੰ ਚਲਾਉਣ ਦਾ ਕੰਮ ਅਕਾਦਮਿਕਾਂ ਦੇ ਹੱਥਾਂ ਤੋਂ ਲੈ ਕੇ ਰਾਜਨੀਤਕ ਸੱਤਾਧਾਰੀਆਂ ਦੇ ਹੱਥਾਂ ਵਿਚ ਦਿੱਤਾ ਜਾ ਰਿਹਾ ਹੈ। ਉੱਚ ਸਿੱਖਿਆ ਸੰਸਥਾਵਾਂ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਦੌਰਾਨ ਮਿਲਦੀ ਰਾਖਵੇਂਕਰਨ ਦੀ ਸਹੂਲਤ ਨੂੰ ਹੌਲੀ-ਹੌਲੀ ਖ਼ਤਮ ਕੀਤਾ ਜਾ ਰਿਹਾ ਹੈ ਤਾਂ ਕਿ ਹਾਸ਼ੀਏ ‘ਤੇ ਬੈਠੇ ਦਲਿਤ ਅਤੇ ਹੋਰ ਨਿਆਸਰੇ ਲੋਕਾਂ ਨੂੰ ਬਾਹਰ ਧੱਕਿਆ ਜਾ ਸਕੇ। ਨਿੱਜੀ ਖੇਤਰ ਤੋਂ ਇਲਾਵਾ ਜਨਤਕ ਖੇਤਰ ਦੇ ਸਿੱਖਿਆ ਅਦਾਰਿਆਂ ਵਿਚ ਰਾਖਵੇਂਕਰਨ ਦੀਆਂ ਵਿਵਸਥਾਵਾਂ ਦੀ ਬੇਰੋਕ-ਟੋਕ ਉਲੰਘਣਾ ਕੀਤੀ ਜਾ ਰਹੀ ਹੈ। ਆਖਿਰਕਾਰ ਇਨ੍ਹਾਂ ਸੰਸਥਾਵਾਂ ਵਿਚ ਹਿੰਦੂਤਵ ਦਾ ਉਭਾਰ ਜ਼ੋਰਾਂ ‘ਤੇ ਹੈ ਅਤੇ ਇਹ ਲਾਜ਼ਮੀ ਹੀ ਸਵਰਨ ਉਭਾਰ ਦਾ ਰੂਪ ਲੈਂਦਾ ਹੈ।

ਹੁਣ ਤੱਕ ਰਾਖਵੇਂਕਰਨ ਦੀ ਨੀਤੀ ਤਹਿਤ ਦਲਿਤ ਤੇ ਹੋਰ ਹਾਸ਼ੀਏ ‘ਤੇ ਰਹਿੰਦੇ ਵਰਗਾਂ ਦੇ ਵਿਦਿਆਰਥੀਆਂ ਦੀ ਇੱਕ ਤੈਦਾਦ ਯੂਨੀਵਰਸਿਟੀ ਵਿਚ ਭਰਤੀ ਹੋ ਜਾਂਦੀ ਸੀ ਅਤੇ ਤਰਕ ਆਧਾਰਤ ਵਿਚਾਰ ਵਟਾਂਦਰੇ ਨੂੰ ਕਾਇਮ ਰੱਖਣ ਲਈ ਇੱਕ ਹੱਦ ਤੱਕ ਉਸ ਦੀ ਪ੍ਰਤੀਬੱਧਤਾ ਸੀ। ਆਖਰ ਇਹ ਵਿਚਾਰ-ਵਟਾਂਦਰਾ ਉਨ੍ਹਾਂ ਤਬਕਿਆਂ ਦੀ ਦਸ਼ਾ ਦੇ ਸਬੰਧ ਵਿਚ ਜਿਥੋਂ ਉਹ ਆਉਂਦੇ ਸਨ, ਸਮਾਜ ਨੂੰ ਸੰਵੇਦਨਸ਼ੀਲ ਬਣਾਉਣ ਦਾ ਇੱਕ ਸਾਧਨ ਸੀ।

ਇਨ੍ਹਾਂ ਤਬਕਿਆਂ ਦੇ ਵਧਦੇ ਬਾਈਕਾਟ ਕਰਕੇ ਯੂਨੀਵਰਸਿਟੀਆਂ ਵਿਚ ਤਰਕ ਦਾ ਸਮਾਜਿਕ ਹਮਾਇਤੀ ਆਧਾਰ ਸੁੰਗੜ ਰਿਹਾ ਹੈ। ਇਹ ਵਰਤਾਰਾ ਕਈ ਹੋਰ ਕਾਰਨਾਂ ਕਰਕੇ ਵੀ ਨਿੰਦਣਯੋਗ ਹੈ। ਇਹ ਕਾਰਨ ਹਨ, ਸਮਾਜਿਕ ਨਿਆਂ ਤੋਂ ਵਾਂਝਿਆਂ ਕਰਨ ਦੀ ਖਾਸੀਅਤ ਅਤੇ ਬੁਨਿਆਦੀ ਤੌਰ ‘ਤੇ ਜਮਹੂਰੀਅਤ ਵਿਰੋਧੀ ਹੋਣਾ। ਤਰਕ ਨੂੰ ਢਹਿ-ਢੇਰੀ ਕਰਨ ਖ਼ਿਲਾਫ਼ ਮਿਥਕਾਂ ਨੂੰ ਇਤਿਹਾਸ ਅਤੇ ਪੂਰਵ-ਗ੍ਰਹਿਆਂ ਨੂੰ ਵਿਗਿਆਨ ਦੀ ਤਰ੍ਹਾਂ ਪੇਸ਼ ਕੀਤੇ ਜਾਣ ਦੇ ਖ਼ਿਲਾਫ ਯੂਨੀਵਰਸਿਟੀ ਵਿਵਸਥਾ ਵਿਚ ਜੋ ਸਮਾਜਿਕ ਮੋਰਚਾ ਰਿਹਾ ਹੈ, ਇਸ ਸਰਕਾਰਾਂ ਦਾ ਬਾਈਕਾਟ ਉਸਨੂੰ ਵੀ ਖਤਮ ਕਰ ਦੇਵੇਗਾ। ਰਾਜਸੀ ਤੌਰ ’ਤੇ ਦਲੀਲ ਜਾਂ ਤਰਕ ਨੂੰ ਖ਼ਤਮ ਕਰਨ ਵਿਚ ਇੱਕ ਚੌਥੀ ਗੱਲ ਵੀ ਸਹਾਈ ਹੋ ਰਹੀ ਹੈ ਉਹ ਹੈ ਸਿੱਖਿਆ ਨੂੰ ਇੱਕ ਵਿਕਣਯੋਗ ਵਸਤੂ (ਜਿਣਸ) ਬਣਾ ਦੇਣਾ। ਇਸ ਸਮੇਂ ਉੱਚ ਸਿਖਿਆ ਵਿਚ ਜੋ ਨਿਜੀਕਰਨ ਚੱਲ ਰਿਹਾ ਹੈ, ਉਹ ਇਸ ਦਾ ਹੀ ਪਰਛਾਵਾਂ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਸਿੱਖਿਆ ਸਮਾਜ ਦੇ ਸਾਰੇ ਤਬਕਿਆਂ ਦੇ ਵਿਦਿਆਰਥੀਆਂ ਨੂੰ ਲਗਭਗ ਮੁਫ਼ਤ ਮੁਹੱਈਆ ਕਰਵਾਈ ਜਾਵੇ ਤਾਂ ਕਿ ਸਿੱਖਿਆ ਆਪਣੀ ਸਮਾਜਿਕ ਭੂਮਿਕਾ ਅਦਾ ਕਰ ਸਕੇ ਪਰ ਇਸ ਦੀ ਜਗ੍ਹਾ ਅਸੀਂ ਇੱਕ ਐਸੀ ਵਿਵਸਥਾ ਵੱਲ ਵਧ ਰਹੇ ਹਾਂ ਜਿੱਥੇ ਵਪਾਰੀ ਲੋਕ ਆਪਣੇ ਮੁਨਾਫ਼ੇ ਕਮਾਉਣ ਲਈ ਮਹਿੰਗੇ ਭਾਵਾਂ ’ਤੇ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਿਚ ਲੱਗੇ ਹੋਏ ਹਨ ਜੋ ਇਸ ਭਾਅ ’ਤੇ ਸਿੱਖਿਆ ਖਰੀਦ ਸਕਦੇ ਹਨ। ਅਜਿਹੀਆਂ ਮੁਨਾਫ਼ਾ ਹੋਰ ਸੰਸਥਾਵਾਂ ਦੇ ਪੱਖ ਵਿਚ ਇਸ ਤਰ੍ਹਾਂ ਦੀ ਵਿਵਸਥਾ ਦੇ ਪੈਰੋਕਾਰਾਂ ਵੱਲੋਂ ਤਿੰਨ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ ਜੋ ਪੂਰੀ ਤਰ੍ਹਾਂ ਝੂਠੀਆਂ ਹਨ।

ਪਹਿਲੀ ਦਲੀਲ ਤਾਂ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਮੁਨਾਫਾ ਕਮਾਉਣ ਵਾਲੀ ਸੰਸਥਾ ਤਾਂ ਕਿਹਾ ਹੀ ਨਹੀਂ ਜਾ ਸਕਦਾ, ਕਿਉਂਕਿ ਇਨ੍ਹਾਂ ਸੰਸਥਾਂਵਾਂ ਵਿਚ ਜੋ ਵੀ ਮੁਨਾਫਾ ਹੁੰਦਾ ਹੈ, ਇਨ੍ਹਾਂ ਸੰਸਥਾਵਾਂ ਵਿਚ ਵੀ ਉਸ ਦਾ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਇਹ ਦਲੀਲ ਪੂਰੀ ਤਰ੍ਹਾਂ ਝੂਠੀ ਹੈ ਕਿਉਂਕਿ ਮੁਨਾਫਾ ਕਮਾ ਕੇ ਉਸ ਨੂੰ ਉਸੇ ਸੰਸਥਾ ਵਿਚ ਨਿਵੇਸ਼ ਕਰ ਦੇਣ ਨਾਲ ਉਸ ਦਾ ਸਵਰੂਪ ਨਹੀਂ ਬਦਲ ਜਾਂਦਾ। ਦੂਜਾ ਝੂਠਾ ਦਾਅਵਾ ਇਹ ਹੈ ਕਿ ਉੱਨਤ ਦੇਸ਼ਾਂ ਵਿਚ ਵੀ ਸਾਰੀਆਂ ਨਿੱਜੀ ਸੰਸਥਾਵਾਂ ਇਸ ਅਰਥ ਵਿਚ ਤਾਂ ਮੁਨਾਫਾ ਕਮਾਉਣ ਵਾਲੀਆਂ ਸੰਸਥਾਵਾਂ ਵੀ ਹਨ। ਇਹ ਗਲਤ ਹੈ ਕਿਉਂਕਿ ਦਾਨੀ ਲੋਕਾਂ ਤੇ ਸਮੂਹਾਂ ਵੱਲੋਂ ਦਾਨ ਤੇ ਵਸੀਅਤ ਦੇ ਜ਼ਰੀਏ ਸ਼ੁਰੂ ਕੀਤੀਆਂ ਜਾਣ ਵਾਲੀਆਂ ਸੰਸਥਾਵਾਂ ਅਤੇ ਮੁਨਾਫਾ ਕਮਾਉਣ ਵਾਲੀਆਂ ਸੰਸਥਾਵਾਂ ਵਿਚ ਫਰਕ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਪਰਉਪਕਾਰੀ ਸੰਸਥਾਵਾਂ



ਬਹੁਤ ਜ਼ਮਾਨੇ ਤੋਂ ਸਾਡੇ ਇੱਥੇ ਰਹੀਆਂ ਹਨ ਅਤੇ ਈਸਾਈ ਮਿਸ਼ਨਰੀ ਸਿੱਖਿਆ ਸੰਸਥਾਵਾਂ ਇਸੇ ਸ਼੍ਰੇਣੀ ਵਿਚ ਆਉਂਦੀਆਂ ਹਨ। ਅਮਰੀਕਾ ਵਰਗੇ ਦੇਸ਼ਾਂ ਵਿਚ ਹਾਰਵਰਡ, ਸਟੈਨਫੋਰਡ ਅਤੇ ਕੋਲੰਬੀਆ ਵਰਗੀਆਂ ਅਜਿਹੀਆਂ ਨਾਮੀ ਯੂਨੀਵਰਸਿਟੀਆਂ ਹਨ, ਜੋ ਨਿੱਜੀ ਯੂਨੀਵਰਸਿਟੀਆਂ ਹਨ, ਜੋ ਪਰਉਪਕਾਰੀ ਵਿਅਕਤੀਆਂ ਦੁਆਰਾ ਦਾਨ ਦੇ ਕੇ ਸਥਾਪਤ ਕੀਤੀਆਂ ਗਈਆਂ ਹਨ। ਪਰ ਇਹ ਸੰਸਥਾਵਾਂ ਉਸ ਤਰ੍ਹਾਂ ਦਾ ਮੁਨਾਫ਼ਾ ਬਣਾਉਣ ਵਾਲੀਆਂ ਸੰਸਥਾਵਾਂ ਦੀ ਸ਼੍ਰੇਣੀ ਵਿਚ ਨਹੀਂ ਆਉਂਦੀਆਂ, ਜਿਵੇਂ ਭਾਰਤ ਵਿਚ ਖੁੱਲ੍ਹ ਰਹੀਆਂ ਹਨ। ਇਸ ਦੇ ਦੋ ਸਿੱਧੇ ਕਾਰਨ ਹਨ ਪਹਿਲਾ ਤਾਂ ਇਹੀ ਕਿ ਅਜਿਹੀਆਂ ਸਾਰੀਆਂ ਸੰਸਥਾਵਾਂ ਵਿਚ ਜਿਸ ਵਿਚ ਭਾਰਤ ਦੀਆਂ ਇਸਾਈ ਸਿੱਖਿਆ ਸੰਸਥਾਵਾਂ ਵੀ ਸ਼ਾਮਲ ਹਨ ਕ੍ਰਾਸ ਸਬਸਿਡੀਕਰਨ ਦੀ ਵਿਵਸਥਾ ਰਹਿੰਦੀ ਹੈ। ਕੁਝ ਵਿਦਿਆਰਥੀ ਜ਼ਿਆਦਾ ਫੀਸ ਭਰਦੇ ਹਨ ਤਾਂ ਕਿ ਦੂਸਰਿਆਂ ਨੂੰ ਸਸਤੀ ਸਿੱਖਿਆ ਮਿਲ ਸਕੇ। ਦੂਜੇ ਅਸੀਂ ਚਾਹੇ ਕਿਸੇ ਵੀ ਕਸੌਟੀ ਦੇ ਆਧਾਰ ‘ਤੇ ਦੇਖੀਏ ਭਾਵੇਂ ਸਬੰਧਤ ਦੇਸ਼ਾਂ ਵਿਚ ਔਸਤ ਰੁਜ਼ਗਾਰਸ਼ੁਦਾ ਮਜ਼ਦੂਰ ਦੀ ਘੱਟੋ-ਘੱਟ ਮਜ਼ਦੂਰੀ ਦੇ ਪੈਮਾਨੇ ਨਾਲ ਤੁਲਨਾ ਕਰੀਏ ਜਾਂ ਫਿਰ ਇਨ੍ਹਾਂ ਦੇਸ਼ਾਂ ਵਿਚ ਜਨਤਕ ਸਿੱਖਿਆ ਸੰਸਥਾਵਾਂ ਵਿਚ ਲਈ ਜਾਣ ਵਾਲੀ ਫੀਸ ਦੀ ਤੁਲਨਾ ਕਰੀਏ, ਅਸੀਂ ਇਸ ਨਤੀਜੇ ‘ਤੇ ਪਹੁੰਚਾਂਗੇ ਕਿ ਭਾਰਤ ਵਿਚ ਖੁੱਲ੍ਹ ਰਹੀਆਂ ਨਿੱਜੀ ਮੁਨਾਫ਼ਾਦੇਹ ਸਿੱਖਿਆ ਸੰਸਥਾਵਾਂ ਵਿਚ ਵਸੂਲ ਕੀਤੀ ਜਾ ਰਹੀ ਫੀਸ ਹਾਰਵਰਡ ਤੇ ਸਟੈਨਫੋਰਡ ਵਰਗੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿਚ ਜ਼ਿਆਦਾ ਹੈ। ਭਾਰਤ ਵਿਚ ਇਹ ਫੀਸਾਂ ਵਾਕਈ ਬੇਸ਼ੁਮਾਰ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਕਿਸੇ ਨੂੰ ਵੀ ਕ੍ਰਾਸ-ਸਬਸਿਡੀ ਦੇਣ ਲਈ ਨਹੀਂ ਕੀਤਾ ਜਾਂਦਾ।

ਤੀਜਾ ਝੂਠਾ ਦਾਅਵਾ ਇਹ ਹੈ ਕਿ ਇਸ ਤਰ੍ਹਾਂ ਦੀਆਂ ਬੇਸ਼ੁਮਾਰ ਫੀਸਾਂ ਵੀ ਗ਼ਰੀਬ ਤੇ ਹਾਸ਼ੀਆਕ੍ਰਿਤ ਪਿੱਠ ਭੂਮੀ ਦੇ ਬੱਚਿਆਂ ਨੂੰ ਅਜਿਹੀਆਂ ਸੰਸਥਾਵਾਂ ਵਿਚ ਦਾਖ਼ਲ ਕਰਨ ਤੋਂ ਕਿਸੇ ਤਰ੍ਹਾਂ ਨਾਲ ਰੋਕਦੀਆਂ ਨਹੀਂ ਕਿਉਂਕਿ ਇਹ ਸਿੱਖਿਆ ਲਈ ਕਰਜ਼ਾ ਲੈ ਕੇ ਪੜ੍ਹਾਈ ਕਰ ਸਕਦੇ ਹਨ। ਇਹ ਕਰਜ਼ੇ ਉਨ੍ਹਾਂ ਦੀ ਸਿੱਖਿਆ ਪੂਰੀ ਹੋਣ ਤੇ ਉਨ੍ਹਾਂ ਦੀ ਕਮਾਈ ਸ਼ੁਰੂ ਕਰਨ ਤੋਂ ਬਾਅਦ ਉਤਾਰੇ ਜਾ ਸਕਦੇ ਹਨ। ਇਹ ਦਾਅਵਾ ਇਸ ਲਈ ਝੂਠਾ ਹੈ ਕਿਉਂਕਿ ਇਹ ਅਜਿਹੀ ਸਮਾਜ ਵਿਚ ਰਹਿੰਦੇ ਹਨ ਜੋ ਪੂਰਨ ਰੁਜ਼ਗਾਰ ਦੀ ਸਥਿਤੀ ਤੋਂ ਕੋਹਾਂ ਦੂਰ ਹੈ। ਇਨ੍ਹਾਂ ਬੇਸ਼ੁਮਾਰ ਫੀਸ ਵਸੂਲਣ ਵਾਲੀਆਂ ਸੰਸਥਾਵਾਂ ਵਿਚ ਸਿੱਖਿਆ ਪੂਰੀ ਕਰਨ ਵਾਲੇ ਵਿਦਿਆਰਥੀਆਂ ਲਈ ਬੇਰੁਜ਼ਗਾਰ ਮਿਲਣਾ ਯਕੀਨਨ ਨਹੀਂ ਹੁੰਦਾ ਹੈ ਅਤੇ ਇਸ ਦੇ ਚੱਲਦਿਆਂ ਨੂੰ ਉਤਾਰਨ ਦੀ ਇਨ੍ਹਾਂ ਵਿਦਿਆਰਥੀਆਂ ਦੀ ਸਮਰੱਥਾ ਵੀ ਤੈਅਸ਼ੁਦਾ ਨਹੀਂ ਹੁੰਦੀ ਹੈ। ਇਹ ਤੱਥ ਵੀ ਵਿਦਿਆਰਥੀਆਂ ਨੂੰ ਲੋਨ ਦੇ ਆਧਾਰ ‘ਤੇ ਪੜ੍ਹਾਈ ਕਰਨ ਤੋਂ ਰੋਕੇਗਾ। ਸੰਖੇਪ ਵਿਚ ਇਹ ਕਿ ਇਹ ਸੰਸਥਾਵਾਂ ਕਲਿਆਣਕਾਰੀ ਨਹੀਂ ਹਨ।

ਫਿਰ ਵੀ ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਉੱਚ ਸਿੱਖਿਆ ਵਿਵਸਥਾ ਮੁੱਖ ਤੌਰ ‘ਤੇ ਅਜਿਹੀਆਂ ਸੰਸਥਾਵਾਂ ਦੇ ਹੀ ਭਰੋਸੇ ਤਾਂ ਹੋਵੇ ਤਾਂ ਉਸ ਵਿਚ ਵੀ ਕੀ ਬੁਰਾਈ ਹੈ? ਸੰਖੇਪ ਵਿਚ ਇਹ ਕਿ ਅੱਜ ਸਾਡਾ ਦੇਸ਼ ਜਿਸ ਦਿਸ਼ਾ ਵਿਚ ਵਧ ਰਿਹਾ ਹੈ, ਉਸ ਵਿਚ ਕੀ ਬੁਰਾਈ ਹੈ? ਇਸ ਸਵਾਲ ਦਾ ਬੁਨਿਆਦੀ ਅਤੇ ਸਿੱਧਾ ਜਵਾਬ ਤਾਂ ਇਹੀ ਹੈ ਕਿ ਇਹ ਵੀ ਰੋੜੇ ਅਟਕਾਊ ਹੋਵੇਗੀ। ਸੰਖੇਪ ਵਿਚ ਇਹ ਕਿ ਅਸੀਂ ਇੱਕ ਅਜਿਹੀ ਉੱਚ ਸਿੱਖਿਆ ਵਿਵਸਥਾ ਖੜ੍ਹੀ ਕਰ ਰਹੇ ਹਾਂ ਜੋ ਬੁਨਿਆਦੀ ਤਰੀਕੇ ਨਾਲ ਲੋਕਰਾਜ ਵਿਰੋਧੀ, ਸਮਾਜਿਕ ਰੂਪ ਵਿਚ ਪਿਛਾਖੜੀ ਅਤੇ ਇਸ ਲਈ ਨਿੰਦਣਯੋਗ ਹੈ।

ਪਰ ਵਿੱਦਿਆ ਦੇ ਮਾਲ/ਜਿਣਸ ਵਿਚ ਤਬਦੀਲ ਕਰ ਦਿੱਤੇ ਜਾਣ ਨਾਲ ਇੱਕ ਘੱਟ ਸਿੱਧਾ ਪਹਿਲੂ ਵੀ ਹੈ, ਜਿਸ ਨੂੰ ਪਹਿਚਾਨਣ ਦੀ ਜ਼ਰੂਰਤ ਹੈ। ਵਿੱਦਿਆ ਜਿਣਸ ਦਾ ਰੂਪ ਇਸ ਲਈ ਲੈਂਦੀ ਹੈ ਕਿ ਇਸ ਸਿੱਖਿਆ ਪ੍ਰਣਾਲੀ ਵਿਚ ਪੜ੍ਹ ਕੇ ਨਿਕਲਣ ਵਾਲਾ, ਜਿਸ ਵਿਚ ਇੱਕ ਲਾਗਤ ਸਮੱਗਰੀ ਦੀ ਤਰ੍ਹਾਂ ਵਿੱਦਿਆ ਭਰੀ ਜਾਂਦੀ ਹੈ, ਖ਼ੁਦ ਹੀ ਜਿਣਸ ਬਣ ਜਾਂਦਾ ਹੈ ਅਤੇ ਕੋਈ ਵੀ ਮਾਲ ਇੱਕ ਅਜਿਹੀ ਚੀਜ਼ ਹੁੰਦਾ ਹੈ ਜੋ ਉਸ ਨੂੰ ਵੇਚਣ ਵਾਲਿਆਂ ਲਈ ਸ਼ੁੱਧ ਵਟਾਂਦਰਾ ਮੁੱਲ ਦਾ ਹੀ ਠੋਸ ਰੂਪ ਹੁੰਦਾ ਹੈ ਜਾਂ ਸਰਲ ਸ਼ਬਦਾਂ ਵਿਚ ਕਹੀਏ ਤਾਂ ਉਹ ਰਕਮ ਜੋ ਉਸ ਨਾਲ ਕਮਾਈ ਜਾ ਹੋ ਸਕਦੀ ਹੈ। ਦੂਜੇ ਸ਼ਬਦਾਂ ਵਿਚ ਸਿੱਖਿਆ ਦਾ ਮਾਲ ਵਿਚ ਤਬਦੀਲ ਕੀਤੇ ਜਾਣਾ ਐਸੀ ਵਿਵਸਥਾ ਦਾ ਨਿਰਮਾਣ ਕਰਦਾ ਹੈ ਜਿੱਥੇ ਸਿੱਖਿਆ ਵਿਵਸਥਾ ਨਾਲ ਨਿਕਲਣ ਵਾਲੇ ਖੁਦ ਨੂੰ ਸਿਰਫ ਉਸ ਰਕਮ ਦੀ ਨਜ਼ਰ ਨਾਲ ਵੇਖਦੇ ਹਨ ਜੋ ਬਾਜ਼ਾਰ ਵਿਚ ਉਨ੍ਹਾਂ ਦੇ ਲਈ ਮਿਲ ਸਕਦੀ ਹੈ। ਇਹ ਹਰ ਤਰ੍ਹਾਂ ਦੀ ਸਮਾਜਿਕ ਸੰਵੇਦਨਸ਼ੀਲਤਾ ਨਾਲ ਦੂਜਿਆਂ ਲਈ ਕਿਸੇ ਵੀ ਤਰ੍ਹਾਂ ਦੀ ਚਿੰਤਾ ਤੋਂ ਖਾਲੀ ਹੋ ਜਾਂਦੇ ਹਨ। ਉਹ ਪੂਰੀ ਤਰ੍ਹਾਂ ਨਾਲ ਆਤਮ ਕੇਂਦਰਿਤ ਵਿਅਕਤੀ ਬਣ ਜਾਂਦੇ ਹਨ। ਜਿਨ੍ਹਾਂ ਦੀ ਸਮਾਜ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਉਹ ਅਜਿਹੇ ਵਿਅਕਤੀ ਵੀ ਬਣ ਜਾਂਦੇ ਹਨ ਜੋ ‘ਪੜ੍ਹੇ ਲਿਖੇ’ ਤਾਂ ਹੁੰਦੇ ਹਨ ਪਰ ਜਿਨ੍ਹਾਂ ਨੂੰ ਵਿਚਾਰਾਂ ਦੀ ਦੁਨੀਆਂ ਦੀ ਖੂਬੀ ਦਿਖਾਈ ਹੀ ਨਹੀਂ ਦਿੰਦੀ, ਉਸੇ ਤਰ੍ਹਾਂ ਦੇ ਸਵਾਲ ਉਠਾਉਣਾ ਸਾਡਾ ਕੋਈ ਰੁਝਾਨ ਹੀ ਨਹੀਂ ਹੁੰਦਾ ਕੋਈ ਵੀ ਮਾਲ ਇੱਕ ਤਿਆਰਸ਼ੁਦਾ ਪੈਕੇਜੀਕ੍ਰਿਤ ਹੁੰਦਾ ਹੈ ਅਤੇ ਇਸ ਖਾਸ ਮਾਲ, ਪੜ੍ਹਾਈ ਨੂੰ ਇੱਕ ਲਾਗਤ ਸਮੱਗਰੀ ਦੀ ਤਰ੍ਹਾਂ ਬਾਜ਼ਾਰ ਵਿਚ ਆਪਣਾ ਮੁੱਲ ਵਧਾਉਣ ਲਈ ਸੋਖਿਆ ਜਾ ਰਿਹਾ ਹੁੰਦਾ ਹੈ। ਸਵਾਲ ਪੁੱਛਣ ਦੀ ਕੋਸ਼ਿਸ਼ ਇਸ ਸੌਖੇ ਜਾਣ ਦੇ ਰਾਹ ਵਿਚ ਅੜਿੱਕਾ ਹੁੰਦੀ ਹੈ। ਇਸ ਤਰ੍ਹਾਂ ਦੀ ਸਿੱਖਿਆ ਹਾਸਲ ਕਰਨ ਵਾਲਿਆਂ ਵਿਚ ਇਸ ਤਰ੍ਹਾਂ ਦਾ ਵੀ ਕੋਈ ਰੁਝਾਨ ਨਹੀਂ ਹੁੰਦਾ ਕਿ ਆਪਣੇ ਆਪ ਹੀ ਸਿਰਜਣਾਤਮਕਤਾ ਦੀ ਤਲਾਸ਼ ਕਰੇ।

ਸਿੱਖਿਆ ਦਾ ਮਾਲ ਵਿਚ ਤਬਦੀਲ ਕੀਤੇ ਜਾਣਾ ਵੱਧ ਤੋਂ ਵੱਧ ਸਿੱਖਿਆ ਪਾਉਣ ਵਾਲਿਆਂ ਨੂੰ ਕੁਝ ਕੌਸ਼ਲ ਸਿਖਾ ਸਕਦਾ ਹੈ, ਪਰ ਇਹ ਉਨ੍ਹਾਂ ਨੂੰ ਸਮਾਜਿਕ ਤੌਰ ‘ਤੇ ਸੰਵੇਦਨਸ਼ੀਲ, ਆਲੋਚਨਾਤਮਿਕ ਜਾਂ ਸਿਰਜਣਾਤਮਕ ਮਨੁੱਖ ਨਹੀਂ ਬਣਾ ਸਕਦਾ। ਇਹ ਕੌਂਸਲਾਂ ਦੀ ਸਿਰਜਣਾ ਨੂੰ ਜਨਤਾ ਦੇ ਜ਼ਮੀਨੀ ਬੁੱਧੀਜੀਵੀਆਂ ਦੇ ਨਿਰਮਾਣ ਤੋਂ ਕੱਟ ਦਿੰਦਾ ਹੈ, ਜਦ ਕਿ ਸਾਡੇ ਵਰਗੇ ਸਮਾਜਾਂ ਵਿਚ ਤਾਂ ਉਚ ਸਿੱਕਿਆਂ ਦਾ ਮਕਸਦ ਅਜਿਹੇ ਬੁੱਧੀਜੀਵੀਆਂ ਨੂੰ ਤਿਆਰ ਦਿੱਤਾ ਜਾਣਾ ਹੀ ਹੋਣਾ ਚਾਹੀਦਾ ਹੈ। ਇਹ ਕੋਈ ਨਹੀਂ ਕਹਿ ਰਿਹਾ ਕਿ ਕੌਂਸਲਾਂ ਦੀ ਸਿਰਜਣਾ ਹੀ ਨਹੀਂ ਹੋਣੀ ਚਾਹੀਦੀ ਪਰ ਕੌਂਸਲਾਂ ਦਾ ਇਹ ਅਰਜਨ ਸਮਾਜਿਕ ਸੰਵੇਦਨਸ਼ੀਲਤਾ ਨਾਲ ਸੰਚਾਲਤ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਕੌਸ਼ਲ-ਸੰਯੁਕਤ ਵਿਅਕਤੀ ਨੂੰ ਇੱਕ ਮਾਲ ਵਿਚ ਤਬਦੀਲ ਕਰਨ ਦੀ ਲਲਕ ਨਾਲ। ਪਰ ਐਸੀ ਉੱਚ ਸਿੱਖਿਆ ਪ੍ਰਣਾਲੀ ਜੋ ਮਾਲ ਦਾ ਰੂਪ ਲੈਂਦੀ ਜਾ ਰਹੀ ਹੈ ਅੰਤਰਰਾਸ਼ਟਰੀ ਪੂੰਜੀ ਲਈ ਐਸੀ ਕੌਂਸਲ ਸੰਪੰਨ ਕਿਰਤ ਸ਼ਕਤੀ ਦਾ ਭੰਡਾਰ ਹੀ ਜੁਟਾਏਗੀ, ਜੋ ਵਿਕਸਿਤ ਦੁਨੀਆਂ ਦੇ ਮੁਕਾਬਲੇ ਵਿਚ ਉਸ ਨੂੰ ਸਸਤਾ ਵੀ ਪਵੇਗਾ ਅਤੇ ਇਸ ਦੇ ਨਾਲ ਹੀ ਇਹ ਸਿੱਖਿਆ ਕੌਮਾਂਤਰੀ ਪੂੰਜੀ ਦੇ ਲਈ ਜ਼ਮੀਨੀ ਬੁੱਧੀਜੀਵੀਆਂ ਨੂੰ ਪੈਦਾ ਕਰਨ ਦਾ ਹੀ ਕੰਮ ਕਰੇਗੀ। ਇਹ ਸਾਡੀ ਆਜ਼ਾਦੀ ਦੀ ਲੜਾਈ ਦੇ ਨਾਲ ਇੱਕ ਬੁਨਿਆਦੀ ਵਿਸ਼ਵਾਸਘਾਤ ਹੈ। ਜਦ ਗਾਂਧੀ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਸੀ ਕਿ ਆਪਣੀ ਪੜ੍ਹਾਈ ਛੱਡ ਦੇ ਨਾਗਰਿਕ ਅਵੱਗਿਆ ਅੰਦੋਲਨ ‘ਚ ਸ਼ਾਮਿਲ ਹੋ ਜਾਓ ਤਾਂ ਟੈਗੋਰ ਤੋਂ ਉਨ੍ਹਾਂ ਨੇ ਪੁੱਛਿਆ ਸੀ ਕਿ ਇਹ ਇੱਕ ਐਸੇ ਸਮਾਜ ਵਿਚ ਐਸਾ ਸੱਦਾ ਕਿਉਂ ਦੇ ਰਹੇ ਹਨ ਜਿੱਥੇ ਅਧਿਆਪਕਾਂ ਦੀ ਸੰਖਿਆ ਵੈਸੇ ਵੀ ਏਨੀ ਥੋੜ੍ਹੀ ਹੈ। ਗਾਂਧੀ ਦਾ ਜਵਾਬ ਸੀ ਕਿ ਬਸਤੀਵਾਦੀ ਸਿੱਖਿਆ ਵਿਵਸਥਾ ਤਾਂ ਵੈਸੇ ਵੀ ਬ੍ਰਿਟਿਸ਼ ਰਾਜ ਲਈ ਨੌਕਰੀਆਂ ਹੀ ਪੈਦਾ ਕਰਦੀ ਹੈ ਇਸ ਦੀ ਥਾਂ ‘ਤੇ ਹੀ ਐਂਟੀਨੀਓ ਗ੍ਰਾਮਸ਼ੀ ਦੀ ਸ਼ਬਦਾਵਲੀ ਦਾ ਸਹਾਰਾ ਲਈਏ ਤਾਂ, ਗਾਂਧੀ ਭਾਰਤੀ ਜਨਤਾ ਲਈ ਜ਼ਮੀਨੀ ਬੁਧੀਜੀਵੀ ਵੇਖਣਾ ਚਾਹੁੰਦੇ ਸਨ, ਜਿਸ ਲਈ ਉਨ੍ਹਾਂ ਨੇ ਖ਼ੁਦ ਅਨੇਕਾਂ ਸੰਸਥਾਵਾਂ ਖੁਲ੍ਹਵਾਈਆਂ ਸਨ। ‘ਆਜ਼ਾਦੀ’ ਪਿੱਛੋਂ ‘ਆਜ਼ਾਦ’ ਭਾਰਤ ਦੀ ਪੂਰੀ ਸਿੱਖਿਆ ਵਿਵਸਥਾ ਨੂੰ ਹੀ ਇਸ ਉਦੇਸ਼ ਨੂੰ ਪੂਰਾ ਕਰਨਾ ਚਾਹੀਦਾ ਸੀ। ਇਸ ਦੀ ਬਜਾਏ ਇਸ ਸਿੱਖਿਆ ਪ੍ਰਣਾਲੀ ਨੂੰ ਕਿਤੋਂ ਬ੍ਰਿਟਿਸ਼ ਰਾਜ ਨਾ ਸਹੀ, ਪਰ ਕੌਮਾਂਤਰੀ ਪੂੰਜੀ ਦੇ ਐਸੇ ਨੌਕਰ ਪੈਦਾ ਕਰਨ ਵਾਲੀ ਵਿਵਸਥਾ ਵਿਚ ਬਦਲ ਦੇਣਾ ਜਿਨ੍ਹਾਂ ਵਿਚ ਕੋਈ ਸਮਾਜਿਕ ਸੰਵੇਦਨਸ਼ੀਲਤਾ ਹੀ ਨਹੀਂ ਹੋਵੇਗੀ, ਸਾਡੀ ਆਜ਼ਾਦੀ ਦੀ ਲੜਾਈ ਦੇ ਨਾਲ ਵਿਸ਼ਵਾਸਘਾਤ ਕਰਨਾ ਹੀ ਹੋਵੇਗਾ। ਕਿਉਂਕਿ ਵਿਡੰਬਨਾ ਇਹ ਹੈ ਕਿ ਭਾਰਤ ਵਿਚ ਤਾਲੀਮ ਦੇ ਮਾਲ ਵਿਚ ਤਬਦੀਲ ਕਰ ਦਿੱਤੇ ਜਾਣ ਦਾ ਅਮਲ ਵਿਕਸਤ ਪੂੰਜੀ ਦੇਸ਼ਾਂ ਤੋਂ ਵੀ ਜ਼ਿਆਦਾ ਰਫਤਾਰ ਨਾਲ ਅੱਗੇ ਵਧ ਰਿਹਾ ਹੈ, ਇਸ ਵਿਚ ਸਿਰਜਣਾਤਮਿਕਤਾ ਦਾ ਘਾਣ ਸਾਨੂੰ ਪੱਛਮ ਤੋਂ ਨਿਕਲਣ ਵਾਲੇ ਵਿਚਾਰਾਂ ਦਾ ਪਰਜੀਵੀ ਹੀ ਬਣਾਵੇਗਾ ਅਤੇ ਕੋਈ ਦੇਸ਼ ਜੋ ਬੌਧਿਕ ਰੂਪ ਵਿਚ ਪਰਜੀਵੀ ਬਣ ਜਾਂਦਾ ਹੈ ਸੱਚਮੁੱਚ ਆਪਣੀ ਆਜ਼ਾਦੀ ਦੇ ਨਾਲ ਹੀ ਸਮਝੌਤਾ ਕਰ ਰਿਹਾ ਹੁੰਦਾ ਹੈ। ਸਿੱਖਿਆ ਨੂੰ ਮਾਲ/ਜਿਣਸ ਵਿਚ ਤਬਦੀਲ ਕੀਤੇ ਜਾਣਾ ਅਤੇ ਉਸ ਤੇ ਰਾਜਸੀ ਤੌਰ ‘ਤੇ ਠੋਸਿਆ ਜਾ ਰਿਹਾ ਤਰਕ ਦਾ ਘਾਣ, ਇੱਕ ਦੂਜੇ ਦੇ ਪੂਰਕ ਹਨ। ਦੋਨੋਂ ਹੀ ਸਿੱਖਿਆ ਪ੍ਰਣਾਲੀ ਤੋਂ ਅਜਿਹੇ ਉਤਪਾਦ ਪੈਦਾ ਕਰਨ ਵਾਲੇ ਲੈ ਜਾਂਦੇ ਹਨ, ਜੋ ਊਚ-ਨੀਚ ‘ਤੇ ਆਧਾਰਤ ਵਿਵਸਥਾਵਾਂ ‘ਤੇ ਕੋਈ ਸਵਾਲ ਨਹੀਂ ਕਰਦੇ, ਅਸਹਿਮਤੀ ਨਹੀਂ ਜਤਾਉਂਦ ਅਤੇ ਜੋ ਆਗਿਆਕਾਰੀ ਬਣ ਕੇ ਸਿੱਖਿਆ ਖੇਤਰ ਵਿਚ ਪੂੰਜੀ ਦੇ ਅਤੇ ਹੋਰ ਖੇਤਰਾਂ ਵਿਚ ਹਿੰਦੂਤਵ ਦੇ ਫ਼ੁਰਮਾਨ ‘ਤੇ ਚੱਲਦੇ ਹਨ। ਸਿੱਖਿਆ ਦੇ ਇਹ ਉਤਪਾਦ ਸਾਡੇ ਦੇਸ਼ ਦੇ ਅੱਜ ਦੇ ਸੱਤਾਧਾਰੀ ਗੱਠਜੋੜ ਦੇ, ਕਾਰਪੋਰੇਟ-ਫਿਰਕੂ ਗੱਠਜੋੜ ਦੀ ਪ੍ਰਤੀਰੂਪ ਹੋਣਗੇ।

(ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੇ ਕੌਮੀ ਸੈਮੀਨਾਰ ਦੇ ਉਦਘਾਟਨ ਸਮੇਂ 22 ਸਤੰਬਰ 2018 ਨੂੰ ਪ੍ਰੋਫੈਸਰ ਪ੍ਰਭਾਤ ਪਟਨਾਇਕ ਵੱਲੋਂ ਦਿੱਤੇ ਭਾਸ਼ਣ ਦੇ ਕੁਝ ਅੰਸ਼ਾਂ ‘ਤੇ ਆਧਾਰਿਤ।)

## ਸੁਰੱਖਿਅਤ ਭੋਜਨ...

*(ਪਿਛਲੇ ਸਫੇ ਦਾ ਬਾਕੀ)*

ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿਚ ਅਣਜਾਣ ਜਾਂ ਸਿੰਥੈਟਿਕ ਕੈਮੀਕਲ ਸ਼ਾਮਲ ਹੋਣ। ਤੀਜਾ, ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿਚ ਸਖਤ ਕਦਮ ਚੁੱਕਣ ਦੀ ਲੋੜ ਹੈ। ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲਾਂ ਦੀ ਮਾਤਰਾ ਨੂੰ ਨਿਯਮਤ ਕਰਨ ਲਈ ਸਖਤ ਨਿਯਮ ਬਣਾਏ ਜਾਣੇ ਚਾਹੀਦੇ ਹਨ ਅਤੇ ਗਾਹਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

ਅੰਤ ਵਿਚ, ਸੁਰੱਖਿਅਤ ਭੋਜਨ ਦੀ ਸਹੂਲਤ ਅਤੇ ਆਕਰਸ਼ਕ ਪੈਕੇਜਿੰਗ ਸਾਨੂੰ ਆਪਣੇ ਵੱਲ ਖਿੱਚ ਸਕਦੀ ਹੈ, ਪਰ ਇਸ ਦੇ ਪਿੱਛੇ ਛੁਪੇ ਸਿਹਤ ਸੰਬੰਧੀ ਖਤਰੇ ਸਾਡੇ ਜੀਵਨ ਅਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਗੰਭੀਰ ਚੁਣੌਤੀਆਂ ਪੈਦਾ ਕਰਦੇ ਹਨ। ਇਹ ਕੈਮੀਕਲ-ਯੁਕਤ ਅਤੇ ਪ੍ਰੋਸੈਸਡ ਭੋਜਨ ਨਾ ਸਿਰਫ ਸਾਡੀ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ ਅਤੇ ਖਾਣ-ਪੀਣ ਦੀਆਂ ਪਰੰਪਰਾਵਾਂ ਨੂੰ ਵੀ ਖਤਰੇ ਵਿਚ ਪਾਉਂਦੇ ਹਨ। ਪੰਜਾਬੀ ਸਭਿਆਚਾਰ, ਜੋ ਤਾਜ਼ੇ ਅਤੇ ਘਰੇਲੂ ਭੋਜਨ ਦੀ ਸੰਭਾਲ ਅਤੇ ਸਿਹਤਮੰਦ ਜੀਵਨਸ਼ੈਲੀ ‘ਤੇ ਜ਼ੋਰ ਦਿੰਦਾ ਹੈ, ਸਾਨੂੰ ਪ੍ਰੇਰਨਾ ਦੇ ਸਕਦਾ ਹੈ ਕਿ ਅਸੀਂ ਪ੍ਰੋਸੈਸਡ ਭੋਜਨ ਦੀ ਵਰਤੋਂ ਘਟਾਈਏ ਅਤੇ ਤਾਜ਼ੀਆਂ ਸਬਜ਼ੀਆਂ, ਫਲ ਅਤੇ ਕੁਦਰਤੀ ਅਨਾਜ ਨੂੰ ਅਪਣਾਈਏ। ਸਾਨੂੰ ਪੈਕੇਜਡ ਭੋਜਨ ਦੀ ਸਮੱਗਰੀ ਨੂੰ ਧਿਆਨ ਨਾਲ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿਚ ਹਾਨੀਕਾਰਕ ਕੈਮੀਕਲ ਸ਼ਾਮਲ ਹੋਣ। ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿਚ ਜਾਗਰੂਕਤਾ ਫੈਲਾਉਣ ਅਤੇ ਸਖਤ ਨਿਯਮ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ। ਸਿਰਫ ਸਾਂਝੇ ਯਤਨਾਂ ਨਾਲ ਹੀ ਅਸੀਂ ਸੁਰੱਖਿਅਤ ਭੋਜਨ ਦੇ ਖਤਰਿਆਂ ਤੋਂ ਬਚ ਸਕਦੇ ਹਾਂ ਅਤੇ ਇੱਕ ਸਿਹਤਮੰਦ, ਸੁਰੱਖਿਅਤ ਅਤੇ ਸਮਰੱਥ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ।

# ਦੁਨੀਆ ਲਈ ਖਲਨਾਇਕ ਬਣਿਆ 'ਪਲਾਸਟਿਕ'?

ਦੁਨੀਆ ਭਰ ਵਿਚ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਚੁੱਕੀਆਂ ਨੇ, ਜਿਨ੍ਹਾਂ ਦਾ ਇਲਾਜ ਇੰਨੀ ਛੇਤੀ ਲੱਭਿਆ ਜਾਣਾ ਸੰਭਵ ਨਹੀਂ, ਇਨ੍ਹਾਂ ਦੀ ਆਦਤ ਆਵਾਮ ਨੂੰ ਪੈ ਚੁੱਕੀ ਹੈ। ਦਰਅਸਲ ਬਿਮਾਰੀਆਂ ਤਾਂ ਕੋਈ ਨਵੀਆਂ ਨਹੀਂ, ਪਰ ਇਨ੍ਹਾਂ ਦਾ ਇਲਾਜ ਨਵੇਂ ਯੁੱਗ ਵਿਚ ਹੋਣਾ ਮੁਸ਼ਕਲ ਹੈ। ਕਿਉਂਕਿ ਹਰ ਮਨੁੱਖ ਦੀਆਂ ਲੋੜਾਂ ਹੀ ਏਨੀਆਂ ਜ਼ਿਆਦਾ ਵਧ ਚੁੱਕੀਆਂ ਹਨ ਕਿ, ਉਸ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕਰ ਕੀ ਰਿਹਾ ਹੈ? ਲਗਾਤਾਰ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਵੱਲ ਕੋਈ ਵੀ ਧਿਆਨ ਨਹੀਂ ਦੇ ਰਿਹਾ। ਜਿਹੜੀਆਂ ਧਿਰਾਂ ਵੱਲੋਂ ਵਾਤਾਵਰਨ ਨੂੰ ਬਚਾਉਣ ਲਈ ਉਪਰਾਲਾ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਹਾਕਮ ਧਿਰ ਵੱਲੋਂ



ਗੁਰਪ੍ਰੀਤ
ਫੋਨ: 95698-20314

ਨਵੇਂ-ਨਵੇਂ ਕੇਸਾਂ ਤਹਿਤ ਫਸਾ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਭਾਰਤ ਦੇ ਕਈ ਸੂਬਿਆਂ ਦਾ ਅਜਿਹਾ ਹਾਲ ਹੈ, ਜਿੱਥੇ ਵਾਤਾਵਰਨ ਨੂੰ ਬਚਾਉਣ ਵਾਲਿਆਂ ਨੂੰ ਜੇਲ੍ਹਾਂ ਦੀ ਸਜ਼ਾ ਕੱਟਣੀ ਪਈ ਹੈ ਅਤੇ ਪੈ ਰਹੀ ਹੈ। ਇਕੱਲੇ ਭਾਰਤੀ ਨਹੀਂ, ਦੁਨੀਆ ਭਰ ਵਿਚ ਜਿੱਥੇ ਕਿਤੇ ਵੀ ਵਾਤਾਵਰਨ ਨੂੰ ਬਚਾਉਣ ਦੀ ਕੋਸ਼ਿਸ਼ ਹੋਵੇਗੀ ਜਾਂ ਫਿਰ ਹੋ ਰਹੀ ਹੈ, ਉੱਥੇ ਲਗਾਤਾਰ ਦੰਗੇ ਭੜਕ ਰਹੇ ਹਨ, ਸਰਕਾਰਾਂ ਵੱਲੋਂ ਜੰਗਲਾਂ ਦਾ ਵਿਨਾਸ਼, ਜਿਸ ਤਰੀਕੇ ਨਾਲ ਕੀਤਾ ਜਾ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਵਾਤਾਵਰਨ ਸ਼ੁੱਧ ਰਹੇ ਅਤੇ ਆਵਾਮ ਬਚੀ ਰਹੇ। ਕਾਰਪੋਰੇਟ ਘਰਾਣਿਆਂ ਮਗਰ ਲੱਗ ਕੇ ਸਰਕਾਰਾਂ ਵੱਲੋਂ ਜਿਹੜੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਨੇ, ਇਨ੍ਹਾਂ ਦਾ ਅਗਲੀ ਪੀੜ੍ਹੀ 'ਤੇ ਤਾਂ ਬੁਰਾ ਅਸਰ ਪਵੇਗਾ ਹੀ, ਸਗੋਂ ਹੁਣ ਦੀ ਸਾਡੀ ਪੀੜ੍ਹੀ 'ਤੇ ਵੀ ਇਸ ਦਾ ਬੇਹੱਦ ਮਾੜਾ ਅਸਰ ਪਵੇਗਾ, ਕਿਉਂਕਿ ਪ੍ਰਦੂਸ਼ਤ ਵਾਤਾਵਰਨ ਦੇ ਨਾਲ ਬਿਮਾਰੀਆਂ ਵਧਣਗੀਆਂ ਅਤੇ ਬਿਮਾਰੀਆਂ ਵਧਣ ਨਾਲ ਮੌਤ ਦਰ ਵਿਚ ਵੀ ਵਾਧਾ ਹੋਵੇਗਾ।

ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿਚ ਇਕੱਲਾ ਗੰਦਲਾ ਪਾਣੀ ਅਤੇ ਹਵਾ ਹੀ ਜ਼ਿੰਮੇਵਾਰ ਨਹੀਂ, ਬਲਕਿ ਇਸ ਵਿਚ ਇੱਕ ਹੋਰ ਚੀਜ਼ ਵੀ ਜ਼ਿੰਮੇਵਾਰ ਹੈ, ਜਿਸ ਨੂੰ ਅਸੀਂ ਅਕਸਰ ਹੀ ਭੁੱਲ ਜਾਂਦੇ ਹਾਂ ਅਤੇ ਉਸ ਦੀ ਵਰਤੋਂ ਅਸੀਂ ਰੋਜ਼ਾਨਾ ਆਪਣੀ ਜ਼ਿੰਦਗੀ ਵਿਚ ਕਰਦੇ ਹਾਂ, ਉਹ ਹੈ ਪਲਾਸਟਿਕ ਬੈਗ ਜਾਂ ਫਿਰ ਕਹਿ ਲਓ ਲਿਫ਼ਾਫ਼ੇ।

ਜ਼ਿਕਰਯੋਗ ਹੈ ਕਿ, ਪਲਾਸਟਿਕ ਬੈਗਾਂ ਦੀ ਕਹਾਣੀ 1960 ਦੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ, ਜਦੋਂ ਇੱਕ ਸਵੀਡਿਸ਼ ਕੰਪਨੀ, ਸੈਲੋਪਲਾਸਟ ਨੇ ਪੋਲੀਥੀਲੀਨ ਦੇ ਬਣੇ ਹਲਕੇ, ਸਸਤੇ ਅਤੇ ਟਿਕਾਊ ਬੈਗ ਬਣਾਏ। ਉਸ ਸਮੇਂ, ਇਹ ਬੈਗ ਸਹੂਲਤ ਦਾ ਪ੍ਰਤੀਕ ਸਨ। ਇਹ ਕਾਗਜ਼ ਦੇ ਬੈਗਾਂ ਨਾਲੋਂ ਸਸਤੇ ਸਨ, ਪਾਣੀ ਵਿਚ ਖਰਾਬ ਨਹੀਂ ਹੁੰਦੇ ਸਨ ਅਤੇ ਬਣਾਉਣ ਵਿਚ ਵੀ ਬਹੁਤ ਆਸਾਨ ਸਨ। ਕੁੱਝ ਹੀ ਸਮੇਂ ਵਿਚ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਗਏ। ਪਰ ਇਹ ਸਹੂਲਤ ਹੌਲੀ-ਹੌਲੀ ਇੱਕ ਵਿਸ਼ਵ-ਵਿਆਪੀ ਸੰਕਟ ਵਿਚ ਬਦਲ ਗਈ। ਅੱਜ, ਦੁਨੀਆ ਵਿਚ ਹਰ ਸਾਲ 5 ਟ੍ਰਿਲੀਅਨ ਤੋਂ ਵੱਧ ਪਲਾਸਟਿਕ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਹਰ ਮਿੰਟ ਵਿਚ 10 ਲੱਖ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਕ ਪਲਾਸਟਿਕ ਬੈਗ ਦੀ ਔਸਤ ਵਰਤੋਂ ਸਿਰਫ਼ 12 ਮਿੰਟ ਹੈ, ਪਰ ਇਸਨੂੰ ਪੂਰੀ ਤਰ੍ਹਾਂ ਸੜਨ ਵਿਚ 100 ਤੋਂ 500 ਸਾਲ ਲੱਗ ਸਕਦੇ ਹਨ।

ਵੈਸੇ, ਦੁਨੀਆ ਭਰ ਦੇ ਕਈ ਮੁਲਕਾਂ ਵਿਚ ਭਾਵੇਂ ਸਿੰਗਲ ਯੂਜ਼ ਪਲਾਸਟਿਕ 'ਤੇ ਬੈਨ ਲਗਾਇਆ ਹੋਇਆ ਹੈ। ਪਰ ਬਾਵਜੂਦ ਇਸ ਦੇ ਚੋਰੀ ਛਿਪੇ ਵਿਕ ਰਿਹਾ ਹੈ। ਭਾਰਤ ਵਿਚ ਵੀ, 2022 ਤੋਂ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਗਾਈ ਗਈ ਸੀ। ਪਰ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਹਾਲੇ ਤੱਕ ਵੀ ਨਹੀਂ ਕੀਤਾ ਗਿਆ। ਛੋਟੀਆਂ ਦੁਕਾਨਾਂ ਤੋਂ ਤਾਂ ਅਫ਼ਸਰਾਂ ਵੱਲੋਂ ਛਾਪੇ ਮਾਰ ਕੇ ਲਿਫ਼ਾਫ਼ੇ ਜ਼ਬਤ ਕਰ ਲਏ ਜਾਂਦੇ ਹਨ, ਪਰ ਵੱਡੀਆਂ ਕਾਰਪੋਰੇਟ ਕੰਪਨੀਆਂ ਜੋ ਲਿਫ਼ਾਫ਼ੇ ਬਣਾਉਂਦੀਆਂ ਹਨ, ਉਨ੍ਹਾਂ 'ਤੇ ਸਰਕਾਰਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਭਾਵੇਂ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵੱਖੋ-ਵੱਖ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ ਕਿ, ਇਨ੍ਹਾਂ ਪਲਾਸਟਿਕ ਦੇ ਬੈਗਾਂ ਕਾਰਨ ਸਾਡੇ ਮੁਲਕ ਅੰਦਰ ਨਵੀਆਂ-ਨਵੀਆਂ ਬਿਮਾਰੀਆਂ ਫੈਲ ਰਹੀਆਂ ਨੇ, ਪਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ।

ਇਹ ਖ਼ਤਰਾ ਜਿੰਨਾ ਸੁਣਨ ਵਿਚ ਆਮ ਲੱਗਦਾ ਹੈ, ਉਸ ਤੋਂ ਕਿਤੇ ਵੱਧ ਖ਼ਤਰਨਾਕ ਹੈ ਇਸ ਦਾ ਰੋਜ਼ਾਨਾ ਵਰਤੋਂ ਵਿਚ ਆਉਣਾ। ਅਸੀਂ ਰੋਜ਼ਾਨਾ ਪਲਾਸਟਿਕ ਦੀ ਵਰਤੋਂ ਕਰਦੇ ਹਾਂ, ਪਰ ਉਸ ਨੂੰ ਸੁੱਟਦੇ ਕਿੱਥੇ ਹਾਂ, ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ, ਪਰ ਕੀ ਇਸ ਲਈ ਇਕੱਲੀ ਆਵਾਮ ਹੀ ਜ਼ਿੰਮੇਵਾਰ ਹੈ? ਕੀ ਆਵਾਮ ਉੱਤੇ ਹੀ ਕਾਰਵਾਈ ਕਰ ਕੇ ਸਰਕਾਰ ਇਸ ਪਲਾਸਟਿਕ ਨੂੰ ਖ਼ਤਮ ਕਰ ਸਕੇਗੀ? ਖ਼ੈਰ, ਸਵਾਲ ਤਾਂ ਬੜੇ ਨੇ, ਪਰ ਸ਼ੁਰੂਆਤ ਇੱਥੋਂ ਹੀ ਕਰਦੇ ਹਾਂ ਕਿ ਦੇਸ਼ ਭਰ ਅੰਦਰ ਤੰਬਾਕੂ ਦੀ ਵਰਤੋਂ ਕਰਨਾ ਖੁੱਲ੍ਹੇ ਵਿਚ ਬੈਨ ਹੈ। ਪਰ ਫਿਰ ਵੀ ਇਸ ਦੀ ਵਰਤੋਂ ਖੁੱਲ੍ਹੇ-ਆਮ ਹੁੰਦੀ ਹੈ, ਜਿਸ 'ਤੇ ਸਰਕਾਰ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ। ਅਦਾਲਤਾਂ ਵਿਚ ਵੀ ਅਜਿਹੇ ਮਸਲੇ ਬੜੇ ਪੁੱਜੇ ਨੇ, ਪਰ ਉਨ੍ਹਾਂ ਦਾ ਅਸਰ ਕਿੱਥੇ ਵੇਖਣ ਨੂੰ ਮਿਲਿਆ? ਸਿਹਤ ਵਿਭਾਗ ਵੀ ਅਜਿਹੀਆਂ ਚੇਤਾਵਨੀਆਂ ਦਿੰਦਾ ਰਹਿੰਦਾ ਹੈ ਕਿ, ਖੁੱਲ੍ਹੇ ਵਿਚ ਤੰਬਾਕੂ ਦਾ ਸੇਵਨ ਨਾ ਕੀਤਾ ਜਾਵੇ, ਕਿਉਂਕਿ ਇਸ ਦਾ ਅਸਰ ਤੰਬਾਕੂ ਸੇਵਨ ਕਰਨ ਵਾਲੇ 'ਤੇ ਤਾਂ ਹੁੰਦਾ ਹੀ ਹੈ, ਸਗੋਂ ਉਸ ਦੇ ਕੋਲ ਖੜ੍ਹੇ ਇਨਸਾਨ ਉੱਤੇ ਵੀ ਇਸ ਦਾ ਅਸਰ ਹੁੰਦਾ ਹੈ।

ਕੇਂਦਰੀ ਸਿਹਤ ਮੰਤਰਾਲਾ ਅਤੇ ਸੂਬਿਆਂ ਦੇ ਸਿਹਤ ਵਿਭਾਗਾਂ ਵੱਲੋਂ ਵੀ ਸਮੇਂ-ਸਮੇਂ 'ਤੇ ਇਸ ਨੂੰ ਲੈ ਕੇ ਆਪੋ ਆਪਣੇ ਬਿਆਨ ਜਾਰੀ ਕੀਤੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਅਸੀਂ ਤੰਬਾਕੂ ਮੁਕਤ ਸਮਾਜ ਸਿਰਜਣਾ ਹੈ। ਕੀ ਇਹ ਸਭ ਕੁੱਝ ਕਹਿਣ ਦੇ ਨਾਲ ਹੋ ਜਾਵੇਗਾ? ਕਿਉਂਕਿ ਜਿਨ੍ਹਾਂ ਨੇ ਅਜਿਹੀਆਂ ਖ਼ਤਰਨਾਕ ਚੀਜ਼ਾਂ 'ਤੇ ਬੈਨ ਲਗਾਉਣਾ ਹੈ, ਉਹ ਖ਼ੁਦ ਤੰਬਾਕੂ ਅਤੇ ਸਿਗਰਟ ਬਣਾਉਣ ਵਾਲੀਆਂ ਕੰਪਨੀਆਂ ਨਾਲ ਮਿਲ ਚੁੱਕੀਆਂ ਹਨ। ਸਰਕਾਰਾਂ ਵੱਲੋਂ ਹੀ ਪਲਾਸਟਿਕ (ਲਿਫ਼ਾਫ਼ੇ) ਬਣਾਉਣ ਵਾਲੀਆਂ ਕੰਪਨੀਆਂ ਨੂੰ



ਮਾਨਤਾ ਦਿੱਤੀ ਜਾਂਦੀ ਹੈ ਅਤੇ ਉਹੀ ਪਲਾਸਟਿਕ ਦੇ ਲਿਫ਼ਾਫ਼ੇ ਬਾਜ਼ਾਰ ਵਿਚ ਜਦੋਂ ਆਉਂਦੇ ਨੇ ਤਾਂ, ਉਦੋਂ ਛੋਟੇ ਦੁਕਾਨਦਾਰਾਂ ਨੂੰ ਜਾਂ ਫਿਰ ਆਮ ਖ਼ਰੀਦਦਾਰਾਂ ਕੋਲੋਂ ਲਿਫ਼ਾਫ਼ੇ ਫੜ ਕੇ ਸਰਕਾਰੀ ਅਫ਼ਸਰ ਲੈ ਜਾਂਦੇ ਨੇ, ਪਰ ਕੀ ਇਨ੍ਹਾਂ ਅਫ਼ਸਰਾਂ ਨੇ ਕਦੇ ਪਲਾਸਟਿਕ ਦੀਆਂ ਕੰਪਨੀਆਂ ਦੇ ਮਾਲਕਾਂ ਦੇ ਕਾਲਰ ਨੂੰ ਹੱਥ ਪਾਇਆ ਹੈ, ਨਹੀਂ?

ਦੁਨੀਆ ਭਰ ਦੀ ਇਹ ਸਮੱਸਿਆ, ਇਸ ਵੇਲੇ ਪੂਰੇ ਸਿਖਰ 'ਤੇ ਪਹੁੰਚ ਚੁੱਕੀ ਹੈ। ਭਾਰਤ ਦਾ ਕੋਈ ਵੀ ਅਜਿਹਾ ਦਰਿਆ, ਨਦੀ ਜਾਂ ਖਾਲ੍ਹੀ ਸਾਫ਼ ਨਹੀਂ ਹੋਣੀ, ਜਿੱਥੇ ਪਲਾਸਟਿਕ ਨਾ ਸੁੱਟਿਆ ਜਾਂਦਾ ਹੋਵੇ। ਹਰ ਨਦੀ, ਦਰਿਆ ਵਿਚ ਅਜਿਹਾ ਸਭ ਕੁੱਝ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਪਾਣੀ ਪ੍ਰਦੂਸ਼ਿਤ ਤਾਂ ਹੋ ਰਿਹਾ ਹੈ, ਨਾਲ ਹੀ ਧਰਤੀ ਵੀ ਗੰਧਲੀ ਹੋ ਰਹੀ ਹੈ। ਪਰ ਇਸ ਵੱਲ ਧਿਆਨ ਕਦੋਂ ਦਿੱਤਾ ਜਾਵੇਗਾ? ਸਰਕਾਰਾਂ ਵੱਲੋਂ ਸਮੇਂ-ਸਮੇਂ 'ਤੇ ਦਾਅਵੇ ਅਤੇ ਵਾਅਦੇ ਤਾਂ ਬਥੇਰੇ ਕੀਤੇ ਜਾਂਦੇ ਨੇ, ਪਰ ਅਸਲ ਵਿਚ ਕੀਤਾ ਕੁੱਝ ਵੀ ਨਹੀਂ ਜਾਂਦਾ। ਕਹਿੰਦੇ ਨੇ ਕਿ, ਬੰਗਲਾਦੇਸ਼ ਨੇ 2022 ਵਿਚ ਸਿੰਗਲ ਯੂਜ਼ ਪਲਾਸਟਿਕ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ। ਪਰ ਬਾਵਜੂਦ ਇਸਦੇ ਉੱਥੇ ਪਲਾਸਟਿਕ ਦੇ ਬੈਗ ਖੁੱਲ੍ਹੇ-ਆਮ ਵਿਕ ਰਹੇ ਨੇ। ਦੱਸਿਆ ਜਾਂਦਾ ਹੈ ਕਿ ਪਲਾਸਟਿਕ ਬੈਗਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਪੂਰੀ ਦੁਨੀਆ ਵਿਚ ਕਈ ਕਦਮ ਚੁੱਕੇ ਜਾ ਰਹੇ ਨੇ, ਪਰ 2008 ਵਿਚ ਸਪੇਨ ਦੇ ਕੈਟਾਲੋਨੀਆ ਤੋਂ ਸ਼ੁਰੂ ਹੋਈ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਯੋਜਨਾ, ਅੱਜ ਭਾਵੇਂ ਪੂਰੀ ਦੁਨੀਆ ਵਿਚ ਫੈਲ ਚੁੱਕੀ ਹੈ, ਅਤੇ 100 ਤੋਂ ਵੱਧ ਦੇਸ਼ਾਂ ਵਿਚ ਇਸ ਨੂੰ ਮਨਾਇਆ ਵੀ ਜਾਣ ਲੱਗਿਆ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਪਲਾਸਟਿਕ ਬੈਗ ਮੁਕਤ ਦਿਵਸ ਮਨਾ ਕੇ ਜਾਂ ਯੋਜਨਾਵਾਂ ਚਲਾ ਕੇ ਹੀ ਇਸ ਸਮੱਸਿਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ? ਕਿਉਂਕਿ ਜਿੰਨੀ ਦੇਰ ਤੱਕ ਲੋਕਾਂ ਦੇ ਦਿਮਾਗ਼ ਵਿਚ ਇਹ ਗੱਲ ਨਹੀਂ ਭਰੀ ਜਾਵੇਗੀ ਕਿ ਪਲਾਸਟਿਕ ਬੈਗ ਲਿਫ਼ਾਫ਼ਿਆਂ ਅਤੇ ਇਨ੍ਹਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣ ਦਾ ਮਨੁੱਖ ਦੀ ਜ਼ਿੰਦਗੀ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ, ਓਨੀ ਦੇਰ ਤੱਕ ਕੋਈ ਵੀ ਮਨੁੱਖ ਇਸ ਨੂੰ ਛੱਡੇਗਾ ਨਹੀਂ।

ਕੈਨੇਡਾ, ਆਸਟ੍ਰੇਲੀਆ ਅਤੇ ਕਈ ਅਫ਼ਰੀਕੀ ਦੇਸ਼ਾਂ ਨੇ ਵੀ ਪਲਾਸਟਿਕ ਬੈਗਾਂ 'ਤੇ ਪਾਬੰਦੀ ਲਗਾਈ ਹੈ ਜਾਂ ਟੈਕਸ ਲਗਾਇਆ ਹੈ। ਪਲਾਸਟਿਕ ਬੈਗਾਂ ਦਾ ਪ੍ਰਭਾਵ ਵੈਸੇ, ਸਿਰਫ਼ ਵਾਤਾਵਰਨ ਤੱਕ ਸੀਮਤ ਨਹੀਂ, ਇਹ ਸਾਡੇ ਸਮਾਜ ਅਤੇ ਅਰਥ ਵਿਵਸਥਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੁੱਝ ਸਰਕਾਰੀ ਰਿਪੋਰਟਾਂ ਕਹਿੰਦੀਆਂ ਨੇ ਕਿ, ਸਰਕਾਰਾਂ ਨੂੰ ਹਰ ਸਾਲ ਸਫ਼ਾਈ ਲਈ ਅਰਬਾਂ ਰੁਪਏ ਖ਼ਰਚਣੇ ਪੈਂਦੇ ਨੇ। ਪਰ ਸਵਾਲ ਇਹ ਹੈ ਕਿ ਇਹ ਸਰਕਾਰਾਂ ਕੀ ਵਾਕਿਆ ਹੀ ਸਾਫ਼-ਸਫ਼ਾਈ ਲਈ ਅਰਬਾਂ ਰੁਪਏ ਖ਼ਰਚਦੀਆਂ ਹਨ? ਕਿਉਂਕਿ ਜੇਕਰ ਅਰਬਾਂ ਰੁਪਏ ਨਦੀਆਂ-ਨਾਲਿਆਂ ਨੂੰ ਸਾਫ਼ ਕਰਨ ਵਾਸਤੇ, ਉਨ੍ਹਾਂ ਵਿਚੋਂ ਪਲਾਸਟਿਕ ਬੈਗ, ਪਤਲੇ ਪਲਾਸਟਿਕ ਲਿਫ਼ਾਫ਼ੇ ਕੱਢਣ ਵਾਸਤੇ ਖ਼ਰਚ ਕੀਤੇ ਜਾਂਦੇ ਹੋਣ ਤਾਂ, ਹੁਣ ਤੱਕ ਸਾਡੇ ਮੁਲਕ ਦੀਆਂ ਨਦੀਆਂ 'ਚੋਂ ਪੀਣ ਵਾਲਾ ਪਾਣੀ ਬਚ ਗਿਆ ਹੁੰਦਾ, ਪਰ ਅਜਿਹਾ ਨਹੀਂ ਹੋ ਰਿਹਾ, ਕਿਉਂਕਿ ਪੀਣ ਵਾਲਾ ਪਾਣੀ ਤਾਂ ਕੈਂਸਰ ਦਾ ਰੂਪ ਧਾਰਨ ਕਰ ਚੁੱਕਿਆ ਹੈ। ਕੂੜੇ ਦੇ ਪਹਾੜ ਵੱਡੇ-ਵੱਡੇ ਸ਼ਹਿਰਾਂ ਵਿਚ ਵੇਖੇ ਜਾ ਸਕਦੇ ਨੇ। ਕਈ ਸ਼ਹਿਰਾਂ ਵਿਚ ਤਾਂ ਵਿਧਾਇਕ ਅਤੇ ਲੋਕ ਸਭਾ ਮੈਂਬਰ, ਇਸੇ ਲਈ ਚੁਣੇ ਗਏ ਕਿ ਉਹ ਸ਼ਹਿਰ ਵਿਚੋਂ ਕੂੜੇ ਦੇ ਪਹਾੜ ਹਟਾਉਣਗੇ ਅਤੇ ਸੁੰਦਰ ਸ਼ਹਿਰ ਬਣਾਉਣਗੇ, ਪਰ ਅਜਿਹਾ ਕਦੇ ਵੀ ਨਹੀਂ ਹੁੰਦਾ।

ਜ਼ਿਕਰਯੋਗ ਹੈ ਕਿ ਪਲਾਸਟਿਕ ਬੈਗ ਵਾਤਾਵਰਨ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੇ ਹਨ। ਇਹ ਬੈਗ ਨਾ ਤਾਂ ਆਸਾਨੀ ਨਾਲ ਪਿਘਲਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਰੀਸਾਈਕਲ ਕੀਤੇ ਜਾਂਦੇ ਹਨ। ਵਿਸ਼ਵ ਪੱਧਰ 'ਤੇ, ਸਿਰਫ਼ 1-3% ਪਲਾਸਟਿਕ ਬੈਗ ਰੀਸਾਈਕਲ ਕੀਤੇ ਜਾਂਦੇ ਹਨ। ਬਾਕੀ ਜਾਂ ਤਾਂ ਲੈਂਡਫਿਲ ਵਿਚ ਜਮ੍ਹਾਂ ਹੋ ਜਾਂਦੇ ਹਨ ਜਾਂ ਨਦੀਆਂ ਅਤੇ ਸਮੁੰਦਰਾਂ ਵਿਚ ਪਹੁੰਚ ਜਾਂਦੇ ਹਨ ਅਤੇ ਤਬਾਹੀ ਮਚਾਉਂਦੇ ਹਨ। ਹਰ ਸਾਲ 8 ਮਿਲੀਅਨ ਮੈਟਰਿਕ ਟਨ ਪਲਾਸਟਿਕ ਸਮੁੰਦਰ ਵਿਚ ਪਹੁੰਚਦਾ ਹੈ, ਜਿਸ ਵਿਚੋਂ ਪਲਾਸਟਿਕ ਬੈਗ ਇੱਕ ਵੱਡਾ ਹਿੱਸਾ ਬਣਦੇ ਹਨ। ਇਹ ਬੈਗ ਕੱਛੂਆਂ, ਮੱਛੀਆਂ ਅਤੇ ਵ੍ਹੇਲਾਂ ਵਰਗੇ ਸਮੁੰਦਰੀ ਜੀਵਾਂ ਲਈ ਘਾਤਕ ਸਾਬਤ ਹੁੰਦੇ ਹਨ। ਹਰ ਸਾਲ 10 ਲੱਖ ਤੋਂ ਵੱਧ ਸਮੁੰਦਰੀ ਜੀਵ ਪਲਾਸਟਿਕ ਨਿਗਲਣ ਜਾਂ ਇਸ ਵਿਚ ਫਸਣ ਕਾਰਨ ਮਰ ਜਾਂਦੇ ਹਨ।

ਭਾਰਤ ਵਿਚ ਵੀ ਪਲਾਸਟਿਕ ਦੇ ਥੈਲਿਆਂ ਕਾਰਨ ਸਥਿਤੀ ਚਿੰਤਾਜਨਕ ਹੈ। ਸ਼ਹਿਰਾਂ ਵਿਚ ਨਾਲੀਆਂ ਅਤੇ ਸੀਵਰ ਸਿਸਟਮ ਪਲਾਸਟਿਕ ਦੇ ਥੈਲਿਆਂ ਕਾਰਨ ਬੰਦ ਹੋ ਜਾਂਦੇ ਹਨ। ਪਲਾਸਟਿਕ ਦਾ ਕੂੜਾ ਮਹਾਂਨਗਰਾਂ ਵਿਚ ਮੌਨਸੂਨ ਦੌਰਾਨ ਹੜ੍ਹਾਂ ਦਾ ਇੱਕ ਵੱਡਾ ਕਾਰਨ ਹੈ। ਇਹ ਥੈਲੇ ਮੀਂਹ ਦੇ ਪਾਣੀ ਨੂੰ ਬਾਹਰ ਜਾਣ ਤੋਂ ਰੋਕਦੇ ਹਨ, ਜਿਸ ਨਾਲ ਸੜਕਾਂ 'ਤੇ ਪਾਣੀ ਭਰ ਜਾਂਦਾ ਹੈ। ਇਸ ਤੋਂ ਇਲਾਵਾ, ਜਦੋਂ ਪਲਾਸਟਿਕ ਦੇ ਥੈਲੇ ਧੁੱਪ ਵਿਚ ਸੜ-ਬਲ ਜਾਂਦੇ ਹਨ, ਤਾਂ ਇਹ ਮਾਈਕ੍ਰੋਪਲਾਸਟਿਕ ਵਿਚ ਬਦਲ ਜਾਂਦੇ ਹਨ। ਪਲਾਸਟਿਕ ਦੇ ਥੈਲੇ ਨਾ ਸਿਰਫ਼ ਸਮੁੰਦਰਾਂ ਨੂੰ, ਸਗੋਂ ਸਾਡੀ ਮਿੱਟੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਇਹ ਥੈਲੇ ਖੇਤਾਂ ਜਾਂ ਜ਼ਮੀਨ 'ਤੇ ਸੁੱਟੇ ਜਾਂਦੇ ਹਨ, ਤਾਂ ਇਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘਟਾਉਂਦੇ ਹਨ। ਮਾਈਕ੍ਰੋਪਲਾਸਟਿਕਸ ਮਿੱਟੀ ਵਿਚ ਮੌਜੂਦ ਸੂਖਮ ਜੀਵਾਂ ਨੂੰ ਨਸ਼ਟ ਕਰ ਦਿੰਦੇ ਹਨ, ਜੋ ਫ਼ਸਲਾਂ ਲਈ ਜ਼ਰੂਰੀ ਹਨ।

ਭਾਰਤ ਵਰਗੇ ਖੇਤੀਬਾੜੀ ਵਾਲੇ ਦੇਸ਼ ਵਿਚ ਇਹ ਇੱਕ ਗੰਭੀਰ ਸਮੱਸਿਆ ਹੈ, ਕਿਉਂਕਿ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਖੇਤੀ 'ਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ, ਪਲਾਸਟਿਕ ਦੇ ਥੈਲਿਆਂ ਨੂੰ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਸਾਹ ਦੀਆਂ ਬਿਮਾਰੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਵੇਲੇ ਸਰਕਾਰਾਂ ਨੂੰ ਸਖ਼ਤ ਕਦਮ ਚੁੱਕਣਾ ਚਾਹੀਦਾ ਹੈ ਅਤੇ ਪਲਾਸਟਿਕ ਨੂੰ ਸਮਾਜ ਵਿਚੋਂ ਕਿਵੇਂ ਖ਼ਤਮ ਕੀਤਾ ਜਾਵੇ ਤੇ ਇਸ ਦੇ ਬਦਲ ਵਜੋਂ ਕੀ ਵਰਤਿਆ ਜਾਵੇ, ਉਹ ਵੀ ਦੱਸਣਾ ਚਾਹੀਦਾ ਹੈ। **ਇੱਕਦਮ** ਕਿਸੇ ਵੀ ਚੀਜ਼ ਨੂੰ ਅਸੀਂ ਬੰਦ ਨਹੀਂ ਕਰ ਸਕਦੇ। ਮੰਡੀਆਂ ਵਿਚੋਂ ਜੇਕਰ ਲਿਫ਼ਾਫ਼ੇ, ਪਤਲਾ ਪਲਾਸਟਿਕ ਖ਼ਤਮ ਕਰਨਾ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਉਸ ਦੇ ਬਦਲ ਵਜੋਂ ਦੁਕਾਨਦਾਰਾਂ ਨੂੰ ਕੁੱਝ ਨਾ ਕੁੱਝ ਦੇਣਾ ਪਵੇਗਾ ਤਾਂ ਹੀ ਇਸ 'ਤੇ ਰੋਕ ਲਗ ਸਕਦੀ ਹੈ। ਜੁਰਮਾਨੇ ਕਰਨ ਨਾਲ ਇਹ ਕਹਿਰ ਰੁਕ ਨਹੀਂ ਸਕਦਾ। ਵੈਸੇ ਮਰਦੀ ਆਵਾਮ ਨੂੰ ਵੇਖ ਕੇ, ਸਰਕਾਰ ਨਹੀਂ ਚਾਹੁੰਦੀ ਕਿ ਕਾਰਪੋਰੇਟ ਘਰਾਣਿਆਂ ਨੂੰ ਕੋਈ ਨੁਕਸਾਨ ਪਹੁੰਚੇ। ਕਿਉਂਕਿ ਉਨ੍ਹਾਂ ਵਲੋਂ ਉਸਾਰੀਆਂ ਫ਼ੈਕਟਰੀਆਂ ਕਾਰਨ ਹੀ ਸਿਆਸੀ ਪਾਰਟੀਆਂ ਨੂੰ ਮੋਟਾ ਫ਼ੰਡ ਜਾਂਦਾ ਹੈ, ਜਿਸ ਕਾਰਨ ਇਨ੍ਹਾਂ ਦੀ ਵਾਹ ਵੱਲ ਵੀ ਕੋਈ ਨਹੀਂ ਵੇਖਦਾ।

# 'ਨੇਕੀ ਕਰ ਤੇ ਖੂਹ ਵਿਚ ਪਾ'

ਅੱਜ ਦੀ ਭੱਜ-ਦੌੜ ਅਤੇ ਮੁਕਾਬਲੇ ਵਾਲੀ ਦੁਨੀਆ ਵਿਚ ਜਦੋਂ ਹਰ ਕੋਈ ਸੋਸ਼ਲ ਮੀਡੀਆ 'ਤੇ ਆਪਣੇ ਦੁਆਰਾ ਕੀਤੇ ਗਏ ਸਮਾਜ ਭਲਾਈ ਦੇ ਕਾਰਜਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਂਝੀਆਂ ਕਰ ਕੇ ਵਾਹ-ਵਾਹੀ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਇਕ ਪ੍ਰਸਿੱਧ ਕਹਾਵਤ "ਨੇਕੀ ਕਰ ਤੇ ਖੂਹ ਵਿਚ ਪਾ" ਅਜੇ ਵੀ ਆਪਣੇ ਅੰਦਰ ਬਹੁਤ ਵੱਡੀ ਜੀਵਨ ਸਿੱਖਿਆ ਲੁਕਾਈ ਬੈਠੀ ਹੈ। ਇਹ ਕਹਾਵਤ ਅਸਲ ਨੇਕੀ ਅਤੇ ਨਿਸ਼ਕਾਮ ਸੇਵਾ ਦੀ



ਡਾ. ਹਰਗੁਣਪ੍ਰੀਤ ਸਿੰਘ
ਫੋਨ: 94636-19353

ਭਾਵਨਾ ਨੂੰ ਦਰਸਾਉਂਦੀ ਹੈ। ਨੇਕੀ ਉਹ ਕਰਮ ਹੈ ਜੋ ਨਿਰਮਲ ਮਨ ਅਤੇ ਨਿਸ਼ਕਾਮ ਸੇਵਾ ਭਾਵਨਾ ਨਾਲ ਕੀਤਾ ਜਾਂਦਾ ਹੈ। ਜਦੋਂ ਕਿਸੇ ਦੀ ਮਦਦ ਕਰਨ, ਦੁਖ ਵੰਡਾਉਣ ਜਾਂ ਭਲਾਈ ਕਰਨ ਦੀ ਇੱਛਾ ਸਿਰਫ਼ ਇਸ ਕਰਕੇ ਹੋਵੇ ਕਿ ਅਸੀਂ ਇਕ ਮਨੁੱਖ ਹੋਣ ਦੇ ਨਾਤੇ ਆਪਣਾ ਫਰਜ਼ ਨਿਭਾ ਰਹੇ ਹਾਂ ਤਾਂ ਉਹੀ ਅਸਲ ਨੇਕੀ ਹੈ।

ਪਰ ਅਫ਼ਸੋਸ ਅੱਜ ਦੇ ਪਦਾਰਥਵਾਦੀ ਦੌਰ ਵਿਚ ਹਰ ਰਿਸ਼ਤੇ, ਕਾਰਜ ਅਤੇ ਹਮਦਰਦੀ ਪਿੱਛੇ ਕਿਸੇ ਨਾ ਕਿਸੇ ਲਾਭ ਦੀ ਉਮੀਦ ਛੁਪੀ ਹੋਈ ਹੁੰਦੀ ਹੈ। ਅਕਸਰ ਵੇਖਣ ਨੂੰ ਮਿਲਦਾ ਹੈ ਕਿ ਸਾਡੇ ਸਾਥੀ, ਮਿੱਤਰ ਜਾਂ ਰਿਸ਼ਤੇਦਾਰ ਵੀ ਸਿਰਫ਼ ਉਦੋਂ ਤੱਕ ਹੀ ਸਾਡਾ ਸਾਥ ਦਿੰਦੇ ਹਨ ਜਦੋਂ ਤੱਕ ਉਨ੍ਹਾਂ ਨੂੰ ਸਾਡੇ ਤੋਂ ਕਿਸੇ ਲਾਭ ਦੀ ਉਮੀਦ ਹੁੰਦੀ ਹੈ। ਜਦੋਂ ਉਹ ਉਮੀਦ ਖ਼ਤਮ ਹੋ ਜਾਂਦੀ ਹੈ, ਫਿਰ ਰਿਸ਼ਤਿਆਂ ਦੀ ਮਿਠਾਸ ਵੀ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਜਦੋਂ ਕੋਈ ਵਿਅਕਤੀ ਕਿਸੇ ਲੋੜਵੰਦ ਵਿਅਕਤੀ ਦੀ ਮਦਦ ਕਰਦਾ ਹੈ ਤਾਂ ਉਹ ਇਹ ਜ਼ਰੂਰ ਉਮੀਦ ਕਰਦਾ ਹੈ ਕਿ ਇਸ ਸਹਾਇਤਾ ਦੇ ਬਦਲੇ ਉਸ ਵਿਅਕਤੀ ਵੱਲੋਂ ਵੀ ਕਦੇ ਨਾ ਕਦੇ ਉਸ ਨੂੰ ਲੋੜ ਪੈਣ 'ਤੇ ਜ਼ਰੂਰ ਸਹਿਯੋਗ ਮਿਲੇਗਾ। ਪਰ ਜਦੋਂ ਅਜਿਹਾ ਨਾ ਹੋਵੇ ਤਾਂ ਮਨ ਨਿਰਾਸ਼ ਅਤੇ ਬੇਚੈਨ ਹੋ ਉਠਦਾ ਹੈ।

ਇਸ ਲਈ ਸਾਨੂੰ ਇਕ ਗੱਲ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਕਿਸੇ ਦਾ ਭਲਾ ਕਰਨਾ ਅਤੇ ਨੇਕੀ ਕਰਨਾ ਉਦੋਂ ਹੀ ਚੰਗਾ ਹੁੰਦਾ ਹੈ ਜਦੋਂ ਅਸੀਂ ਬਦਲੇ ਵਿਚ ਕਿਸੇ ਤੋਂ ਕਿਸੇ ਚੀਜ਼ ਦੀ ਕੋਈ ਉਮੀਦ ਨਹੀਂ ਰੱਖਦੇ, ਇੱਕ ਸਾਧਾਰਨ ਧੰਨਵਾਦ ਦੀ ਵੀ ਨਹੀਂ। ਅਜਿਹੀ ਨੇਕੀ ਜੋ ਸਿਰਫ਼ 'ਦੇਣ' ਤੱਕ ਸੀਮਤ ਰਹੇ



ਅਤੇ ਜਿਸ ਵਿਚ 'ਲੈਣ' ਦੀ ਕੋਈ ਇੱਛਾ ਨਾ ਹੋਵੇ, ਉਹੀ ਅਸਲ ਨੇਕੀ ਹੁੰਦੀ ਹੈ। ਸਾਡੇ ਅਜੋਕੇ ਪੂੰਜੀਵਾਦੀ ਸਮਾਜ ਨੂੰ ਅਜਿਹੀਆਂ ਨੇਕੀਆਂ ਦੀ ਬਹੁਤ ਜ਼ਰੂਰਤ ਹੈ।

ਸਾਡੇ ਇਤਿਹਾਸ ਅਤੇ ਮਿਥਿਹਾਸ ਵਿਚ ਵੀ ਅਜਿਹੀਆਂ ਕਈ ਉਦਾਹਰਣਾਂ ਅਤੇ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ ਕਿ ਕਿਵੇਂ ਦੁਨੀਆਂ ਨੇ ਗੁਰੂਆਂ-ਅਵਤਾਰਾਂ, ਪੀਰਾਂ-ਪੈਗ਼ੰਬਰਾਂ ਅਤੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਮਹਾਨ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੀ ਨੇਕੀ, ਸੇਵਾ ਅਤੇ ਸੱਚਾਈ ਦੇ ਬਦਲੇ ਵਿਚ ਦੁਖ, ਤਕਲੀਫ਼ਾਂ ਅਤੇ ਤਸੀਹੇ ਹੀ ਦਿੱਤੇ। ਸਮਾਜ ਸੁਧਾਰ ਦੀ ਗੱਲ ਕਰਨ ਵਾਲੇ, ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲੇ ਅਤੇ ਮਨੁੱਖਤਾ ਦੀ ਭਲਾਈ ਲਈ ਆਪਣੀ ਜ਼ਿੰਦਗੀ ਸਮਰਪਿਤ ਕਰਨ ਵਾਲੇ ਲੋਕਾਂ ਨੂੰ ਕਦੇ ਕੁਰਬਾਨੀ ਦੇ ਪੱਧਰ 'ਤੇ ਤੋਲਿਆ ਗਿਆ ਅਤੇ ਕਦੇ ਉਨ੍ਹਾਂ ਦੀ ਨਿੰਦਿਆ ਕਰਕੇ ਉਨ੍ਹਾਂ ਨੂੰ ਖ਼ਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਕਦੇ ਨਫ਼ਰਤ ਨਹੀਂ ਪਾਲੀ, ਸਗੋਂ ਹਮੇਸ਼ਾਂ ਦੂਸਰਿਆਂ ਦੀ ਭਲਾਈ ਲਈ ਹੀ ਸੋਚਿਆ ਅਤੇ ਕੰਮ ਕੀਤਾ।

ਅੱਜ ਜਦੋਂ ਅਸੀਂ ਅਜਿਹੀ ਦੁਨੀਆਂ ਵਿਚ ਜੀਵਨ ਗੁਜ਼ਾਰ ਰਹੇ ਹਾਂ ਜਿੱਥੇ ਸੱਚਾਈ ਦੀ ਥਾਂ ਦਿਖਾਵਾ, ਨੇਕੀ ਦੀ ਥਾਂ ਸੁਆਰਥ ਅਤੇ ਸੇਵਾ ਦੀ ਥਾਂ ਵਾਹ-ਵਾਹ ਨੇ ਲੈ ਲਈ ਹੈ, ਤਾਂ ਸਾਨੂੰ ਅਜਿਹਾ ਸਮਾਜ ਸਿਰਜਣ ਦੀ ਜ਼ਰੂਰਤ ਹੈ ਜਿੱਥੇ ਰਿਸ਼ਤਿਆਂ ਦੀ ਨੀਂਹ ਦੁਨਿਆਵੀ ਲਾਭ ਨਹੀਂ, ਬਲਕਿ ਹਮਦਰਦੀ, ਸਤਿਕਾਰ ਅਤੇ ਪਿਆਰ ਹੋਵੇ ਅਤੇ ਜਿੱਥੇ ਮਹਾਨ ਲੋਕਾਂ ਦੇ ਉਪਦੇਸ਼ ਸਿਰਫ਼ ਕਿਤਾਬਾਂ ਤੱਕ ਹੀ ਸੀਮਤ ਨਾ ਰਹਿਣ, ਸਗੋਂ ਅਸਲ ਜ਼ਿੰਦਗੀ ਵਿਚ ਵਿਹਾਰਕ ਤੌਰ 'ਤੇ ਅਪਣਾਏ ਅਤੇ ਨਿਭਾਏ ਵੀ ਜਾਣ। ਸਾਡੇ ਸਮਾਜ ਵਿਚ ਅਜਿਹੀ ਸੋਚ ਦਾ ਵਾਧਾ ਹੋਣਾ ਚਾਹੀਦਾ ਹੈ ਕਿ ਭਲਾ ਕਰ ਕੇ ਭੁੱਲ ਜਾਓ। "ਨੇਕੀ ਕਰ ਤੇ ਖੂਹ ਵਿਚ ਪਾ" ਸਿਰਫ਼ ਇਕ ਕਹਾਵਤ ਨਹੀਂ, ਸਗੋਂ ਬਹੁਤ ਕੀਮਤੀ ਜੀਵਨ ਮੁੱਲ ਹੈ ਜੋ ਸਾਨੂੰ ਨਿਮਰਤਾ, ਨਿਸ਼ਕਾਮਤਾ ਅਤੇ ਸੱਚੀ ਮਨੁੱਖਤਾ ਦਾ ਮਹੱਤਵਪੂਰਨ ਸੰਦੇਸ਼ ਦਿੰਦਾ ਹੈ।

# ਫ਼ਿਲਮ ਲੋਕ

## ਸੱਤ ਸੁਰਾਂ ਦਾ ਵਹਿੰਦਾ ਦਰਿਆ ਸੀ ਮੁਹੰਮਦ ਰਫ਼ੀ



ਮਹੁੰਮਦ ਰਫ਼ੀ ਸੱਤ ਸੁਰਾਂ ਦਾ ਵਹਿੰਦਾ ਦਰਿਆ ਸੀ। ਮੁਹੰਮਦ ਰਫ਼ੀ ਨੂੰ 'ਸ਼ਹਿਨਸ਼ਾਹ-ਏ- ਤਰੰਨਮ ਵੀ ਕਿਹਾ ਜਾਂਦਾ ਹੈ। ਮੁਹੰਮਦ ਰਫ਼ੀ ਨੇ ਹਿੰਦੀ, ਪੰਜਾਬੀ, ਫਿਲਮੀ, ਭਜਨ, ਕਵਾਲੀਆਂ, ਗਜ਼ਲਾਂ, ਦੇਸ਼-ਭਗਤੀ, ਠੁਮਰੀ ਤੇ ਕਲਾਸੀਕਲ ਆਦਿ ਬਹੁਤ ਗੀਤ ਗਾਏ। ਜੋ ਪ੍ਰਸਿੱਧੀ ਮੁਹੰਮਦ ਰਫ਼ੀ ਦੇ ਹਿੱਸੇ ਆਈ ਸ਼ਾਇਦ ਹੀ ਹੋਰ ਕਿਸੇ ਗਾਇਕ ਦੇ ਹਿੱਸੇ ਆਈ ਹੋਵੇ।

ਮੁਹੰਮਦ ਰਫ਼ੀ ਦਾ ਨਾਂ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਰਹਿੰਦੀ ਦੁਨੀਆ ਤੱਕ ਇਸ ਮਹਾਨ ਸ਼ਖ਼ਸੀਅਤ ਨੂੰ ਉਨ੍ਹਾਂ ਦੇ ਗਾਏ ਗੀਤਾਂ ਦੀ ਬਦੌਲਤ ਸੰਗੀਤ ਦੀ ਦੁਨੀਆ ਵਿਚ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਰਫ਼ੀ ਦਾ ਜਨਮ 24 ਦਸੰਬਰ,1924 ਦਿਨ ਬੁੱਧਵਾਰ ਨੂੰ ਪਿਤਾ ਹਾਜ਼ੀ ਅਲੀ ਮੁਹੰਮਦ ਤੇ ਮਾਤਾ ਅੱਲਾ ਰੱਖੀ (ਕਰਮ ਬੀਬੀ, ਗੁਲਾਬੋ) ਦੇ ਘਰ ਮਜੀਠਾ ਰੋਡ, ਪਿੰਡ ਕੋਟਲਾ ਸੁਲਤਾਨ ਸਿੰਘ, ਅੰਮ੍ਰਿਤਸਰ ਵਿਖੇ ਹੋਇਆ। ਰਫ਼ੀ ਦਾ ਦਾਦਾ ਸ਼ੇਖ ਮੁਹੰਮਦ ਤੇ ਦਾਦੀ ਦਾ ਨਾਂਅ ਸਲਮਾ ਸੀ। ਰਫ਼ੀ ਦੇ



ਪਿਤਾ ਨਾਈ ਜਾਤੀ ਨਾਲ ਸਬੰਧ ਰੱਖਦੇ ਸਨ। ਹਜ਼ਾਮਤਾਂ ਕਰਦੇ ਸਨ ਤੇ ਕੁੱਕ ਦਾ ਕੰਮ ਵੀ ਕਰਦੇ ਸਨ। ਰਫ਼ੀ ਦਾ ਬਚਪਨ ਦਾ ਨਾਂ ਫੀਕੋ ਸੀ। ਸੰਗੀਤ ਦਾ ਲਗਾਅ ਬਚਪਨ ਤੋਂ ਹੀ ਸੀ ਪਰ ਵੱਡੇ ਭਰਾ ਮੁਹੰਮਦ ਦੀਨ ਤੋਂ ਬਿਨਾਂ ਘਰ ਵਾਲੇ ਇਹ ਕੰਮ ਨੂੰ ਚੰਗਾ ਨਹੀਂ ਸਨ ਸਮਝਦੇ।ਰਫ਼ੀ ਹੋਰੀਂ ਚਿਰਾਗ ਬੀਬੀ, ਰੇਸ਼ਮਾ ਬੀਬੀ, ਮੁਹੰਮਦ ਸ਼ਫ਼ੀ, ਮੁਹੰਮਦ ਦੀਨ, ਮੁਹੰਮਦ ਇਸਮਾਇਲ, ਮੁਹੰਮਦ ਇਬਰਾਹਿਮ, ਮੁਹੰਮਦ ਰਫ਼ੀ ਤੇ ਮੁਹੰਮਦ ਸਦੀਕ ਆਦਿ ਅੱਠ ਭੈਣ ਭਰਾ ਸਨ।

### ਫ਼ਕੀਰ ਦੀ ਸੰਗਤ

ਪਿੰਡ ਵਿਚ ਅੰਮ੍ਰਿਤ ਵੇਲੇ ਇਕ ਫ਼ਕੀਰ ਨੇ ਪ੍ਰਭੂ ਦਾ ਗੁਣਗਾਨ ਕਰਨਾ, ਪਿੰਡ ਦੀਆਂ ਗਲੀਆਂ ਵਿੱਚ ਗਾਉਣਾ ਤੇ ਰਫ਼ੀ ਨੇ ਉਸਦੇ ਮਗਰ- ਮਗਰ ਗੀਤ ਸੁਣਦੇ ਫਿਰਨਾ। ਉਸ ਫ਼ਕੀਰ ਨੇ ਰੋਜ਼ ਆਉਣਾ ਤੇ ਰਫ਼ੀ ਨੇ ਰੋਜ਼ ਉਸ ਦੇ ਮਗਰ-ਮਗਰ ਫਿਰ ਕੇ ਉਸ ਦੇ ਗੀਤ ਸੁਣਨੇ। ਉਸ ਫ਼ਕੀਰ ਦੇ ਨਾਲ-ਨਾਲ ਆਪ ਵੀ ਗੁਣਗੁਣਾਉਣ ਲੱਗ ਪਿਆ। ਪਿੰਡ ਵਿਚ ਖੇਤਾਂ ਦੇ ਵੱਟਾਂ ਬੰਨ੍ਹਿਆਂ 'ਤੇ ਰਫ਼ੀ ਨੇ ਗਾਉਂਦੇ ਫਿਰਨਾ।ਫਿਰ ਇਹ ਗਾਉਣਾ ਉਸ ਦਾ ਜਨੂੰਨ ਬਣ ਗਿਆ।

### ਲਾਹੌਰ ਜਾਣਾ ਤੇ ਉਸਤਾਦਾਂ ਕੋਲੋਂ ਸਿੱਖਣਾ

ਚੌਥੀ ਕਲਾਸ ਤੱਕ ਦੀ ਪੜ੍ਹਾਈ ਆਪਣੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ ਹੀ ਕੀਤੀ ਤੇ 1936 ਨੂੰ 12 ਸਾਲ ਦੀ ਉਮਰ ਵਿਚ ਰਫ਼ੀ ਆਪਣੇ ਪਿਤਾ ਨਾਲ ਆਪਣਾ ਜੱਦੀ ਪੁਸ਼ਤੀ ਮਕਾਨ 1400 ਰੁ: ਵਿਚ ਵੇਚ ਕੇ ਲਾਹੌਰ ਚਲੇਗਏ। ਫਿਰ ਕੁੱਝ ਸਮੇਂ ਬਾਅਦ ਰਹੀ ਔਟਲਾ ਸੁਲਤਾਨ ਸਿੰਘ ਵਿਚ ਆਪਣੀ ਭੂਆ ਦੀ ਲੜਕੀ ਬਸ਼ੀਰਾਂ ਨਾਲ ਨਿਕਾਰ ਕਰਵਾਉਣ ਲਈ ਪਿੰਡ ਬਰਾਤ ਲੈ ਕੇ ਆਇਆ ਸੀ। ਰਫੀ ਨੇ ਲਾਹੌਰ ਜਾ ਕੇ ਬੜੇ ਗੁਲਾਮ ਅਲੀ ਖਾਂ ਸਾਹਿਬ, ਫਿਰੋਜ਼ ਨਿਸ਼ਾਮੀ, ਪੰਡਿਤ ਜੀਵਨ ਲਾਲ ਮਣੇ ਅਤੇ ਉਸਤਾਦ ਅਬਦੁੱਲ ਵਾਹਿਦ ਖਾਂ ਸਾਹਿਬ ਵਰਗੇ ਉਸਤਾਦਾਂ ਤੋਂ ਸੰਗੀਤ ਦੀ ਸਿੱਖਿਆ ਲਈ।

### ਪਹਿਲੀ ਵਾਰ ਸਟੇਜ 'ਤੇ ਗਾਉਣਾ

ਇਹ ਗੱਲ ਕੋਈ 1937 ਦੇ ਆਸ-ਪਾਸ ਦੀ ਹੈ। ਉਸ ਸਮੇਂ ਰਫ਼ੀ ਦੀ ਉਮਰ 13 ਸਾਲ ਦੀ ਸੀ।ਉਸ ਸਮੇਂ ਲਾਹੌਰ ਵਿਚ ਇਕ ਬੜਾ ਤਕੜਾ ਸੰਗੀਤਕ ਪ੍ਰੋਗਰਾਮ ਚੱਲ ਰਿਹਾ ਸੀ, ਉੱਥੇ ਨਾਮਵਰ ਗਵੱਈਏ ਮਹਿੰਦੀ ਹਸਨ, ਕੇ. ਐਲ ਸਹਿਗਲ ਤੇ ਸ਼ਿਆਮ ਸੁੰਦਰ ਆਏ ਹੋਏ ਸਨ। ਪ੍ਰੋਗਰਾਮ ਚੱਲ ਰਿਹਾ ਸੀ ਤੇ ਲਾਈਟ ਬੰਦ ਹੋ ਗਈ, ਮਾਈਕ ਵੀ ਬੰਦ ਹੋ ਗਿਆ। ਇਨ੍ਹਾਂ ਗਾਇਕਾਂ ਨੇ ਸਪੀਕਰ ਤੋਂ ਬਿਨ੍ਹਾਂ ਗਾਉਣ ਤੋਂ ਮਨ੍ਹਾ ਕਰ ਦਿੱਤਾ। ਉੱਥੇ ਰੁਟਿੰਗ ਸ਼ੁਰੂ ਹੋ ਗਈ। ਉੱਥੇ ਰਫ਼ੀ ਦੇ ਵੱਡੇ ਭਰਾ ਮੁਹੰਮਦ ਦੀਨ ਨੇ ਮੌਕਾ ਸੰਭਾਲਦਿਆਂ ਪ੍ਰਬੰਧਕਾਂ ਤੋਂ ਆਗਿਆ ਲੈ ਕੇ ਬਿਨਾਂ ਮਾਇਕ ਦੇ ਰਫ਼ੀ ਨੂੰ ਗਾਉਣ ਲਗਾ ਦਿੱਤਾ। ਬੱਸ ਫਿਰ ਕੀ ਸੀ। ਰਫ਼ੀ ਨੂੰ ਲੋਕਾਂ ਨੇ ਪਸੰਦ ਕੀਤਾ ਤੇ ਸਿਰ ਅੱਖਾਂ 'ਤੇ ਬਿਠਾ ਲਿਆ। ਰਫ਼ੀ ਨੇ ਉੱਥੇ ਖੁੱਲ੍ਹ ਕੇ ਗਾਇਆ।

1940 ਵਿਚ ਪਹਿਲੀ ਵਾਰ ਸ਼ਿਆਮ ਸੁੰਦਰ ਦੀ ਮਿਹਰਬਾਨੀ ਸਦਕਾ ਰਫ਼ੀ ਨੇ ਪੰਜਾਬੀ ਫਿਲਮ 'ਗੁੱਲ-ਬਲੋਚ ਵਿਚ 'ਜੀਨਤ ਬੇਗਮ' ਨਾਲ ਡਿਊਟ ਗੀਤ 'ਸੋਹਣੀਏ ਨੀ ਹੀਰੀਏ ਨੀ' ਗਾਇਆ। ਇੱਥੋਂ ਹੀ ਰਫ਼ੀ ਦੀ ਸੰਗੀਤਕ ਯਾਤਰਾ ਸ਼ੁਰੂ ਹੋਈ। ਹਿੰਦੀ ਫਿਲਮਾਂ ਵਿਚ ਉਨ੍ਹਾਂ ਨੂੰ 1952 ਵਿੱਚ ਸੰਗੀਤਕਾਰ ਨੌਸ਼ਾਦ ਵੱਲੋਂ ਗਾਉਣ ਦਾ ਮੌਕਾ ਮਿਲਿਆ, ਗੀਤ ਸੀ 'ਓ ਦੁਨੀਆ ਕੇ ਰਖਵਾਲੇ' ਤੇ ਫਿਲਮ ਸੀ 'ਬੈਜੂ ਬਾਵਰਾ' ਤੇ ਇਸੇ ਸਾਲ ਹੀ ਉਹ ਮੁੰਬਈ ਆ ਕੇ ਰਹਿਣ ਲੱਗ ਪਿਆ ਸੀ।

### ਲਾਹੌਰ ਰੇਡੀਓ ਤੋਂ ਗਾਉਣਾ

ਮੁਹੰਮਦ ਰਫ਼ੀ ਦੀ ਆਵਾਜ਼ ਨੂੰ ਲੋਕਾਂ ਵੱਲੋਂ ਪਸੰਦ ਕੀਤਾ ਜਾਣ ਲੱਗਾ। ਉਦੋਂਰੇਡੀਓ ਹੀ ਇਕ ਅਜਿਹਾ ਮਾਧਿਅਮ ਸੀ ਜੋ ਲੋਕਾਂ ਤੱਕ ਕਲਾਕਾਰ ਦੀ ਆਵਾਜ਼ ਨੂੰ ਪਹੁੰਚਾਉਂਦਾ ਸੀ। ਉਦੋਂ ਲਾਹੌਰ ਰੇਡੀਓ ਸਟੇਸ਼ਨ ਹੁੰਦਾ ਸੀ। ਮੁਹੰਮਦ ਰਫ਼ੀ ਨੇ ਵੀ ਰੇਡੀਓ ਅਤੇ ਗਾਉਣਾ ਸ਼ੁਰੂ ਕੀਤਾ।

### ਆਪ ਜੈਸਾ ਕੋਈ ਨਹੀਂ

ਸ਼ੰਮੀ ਕਪੂਰ ਦੀਆਂ ਸਾਰੀਆਂ ਫਿਲਮਾਂ ਦੇ ਗੀਤ ਤਕਰੀਬਨ- ਤਕਰੀਬਨ ਮੁਹੰਮਦ ਰਫ਼ੀ ਦੀ ਆਵਾਜ਼ ਵਿਚ ਹੀ ਰਿਕਾਰਡ ਹੁੰਦੇ ਸਨ। ਸ਼ੰਮੀ ਕਪੂਰ ਦਾ ਕਹਿਣਾ ਹੈ ਕਿ 'ਮੁਹੰਮਦ ਰਫ਼ੀ ਸਾਹਿਬ ਤੋਂ ਬਿਨਾਂ ਮੈਂ ਕੁਝ ਵੀ ਨਹੀ ਹਾਂ। ਸ਼ੰਮੀ ਕਪੂਰ ਦੀ 1968ਵਿਚ ਆਈ ਫਿਲਮ 'ਬ੍ਰਹਮਚਾਰੀ' ਦੇ ਸਾਰੇ ਛੇ ਗੀਤ ਮੁਹੰਮਦ ਰਫ਼ੀ ਨੇ ਗਾਏ ਸਨ। ਇਸ ਫਿਲਮ ਦੇ ਇਕ ਗੀਤ ਦੀ ਜਿਸ ਦਿਨ ਰਿਕਾਰਡਿੰਗ ਸੀ, ਉਸ ਦਿਨ ਰਿਕਾਰਡਿੰਗ ਹਾਲ ਵਿਚ ਸ਼ੰਮੀ ਕਪੂਰ



ਵੀ ਮੌਜੂਦ ਸਨ। ਰਿਕਾਰਡਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ਼ੰਮੀ ਕਪੂਰ ਦੇ ਦਿਮਾਗ ਵਿਚ ਇਕ ਆਈਡੀਆ ਆਇਆ ਅਤੇ ਉਸ ਨੇ ਮਹੁੰਮਦ ਰਫ਼ੀ ਨੂੰ ਕਿਹਾ ਕਿ 'ਅਗਰ ਆਪ ਇਸ ਗੀਤ ਕਾ ਮੁੱਖੜਾ ਔਰ ਅੰਤਰਾ ਏਕ ਹੀ ਸਾਂਸ ਮੇਂ ਗਾ ਦੇ ਤੋ ਬਾਤ ਬਨ ਜਾਏ ਇਨ੍ਹਾਂ ਸੁਣ ਕੇ ਮਹੁੰਮਦ ਰਫ਼ੀ ਮੁਸਕਰਾਇਆ ਅਤੇ ਕਹਿਣਲੱਗਾ ਕਿ 'ਚਲੋ, ਤੁਮਹਾਰੀ ਬਾਤ ਪਰ ਅਮਲ ਕਰਤੇ ਹੈਂ।' ਰਿਕਾਰਡਿੰਗ ਸ਼ੁਰੂ ਹੋਈ ਅਤੇ ਰਫ਼ੀ ਨੇ ਉਸ ਗੀਤ ਦਾ ਮੁੱਖੜਾ ਤੇ ਅੰਤਰਾ ਇਕ ਹੀ ਸਾਹ ਵਿਚ ਗਾ ਦਿੱਤਾ। ਜਦ ਇਸ ਗੀਤ ਦੀ ਰਿਕਾਰਡਿੰਗ ਖ਼ਤਮ ਹੋਈ ਤਾਂ ਸ਼ੰਮੀ ਕਪੂਰ ਉੱਠ ਕੇ ਰਫ਼ੀ ਨੂੰ ਕਹਿਣ ਲੱਗਾ ਕਿ 'ਰਫ਼ੀ ਸਰ, ਆਪ ਜੈਸਾ ਕੋਈ ਨਹੀ ਹੈ। ਮੁਹੰਮਦ ਰਫ਼ੀ ਫਿਰ ਮੁਸਕਰਾਇਆ ਅਤੇ ਸ਼ੰਮੀ ਕਪੂਰ ਵੱਲ ਵੇਖ ਕੇ ਕਹਿਣ ਲੱਗਾ ਕਿ ਸ਼ੰਮੀ, ਐਸੀ ਸ਼ਰਤ ਮੱਤ ਲਗਾਇਆ ਕਰੋ। ਕਿਸੀ ਦਿਨ ਮੇਰੀ ਜਾਨ ਚਲੀ ਜਾਏਗੀ। ਅਗਰ ਮੈਂ ਜ਼ਿੰਦਾ ਰਹਾ ਤੋਂ ਆਪ ਕੇ ਲੀਏ ਹਜ਼ਾਰੋਂ ਗਾਨੇਗਾਉਂਗਾ।' ਇਸ ਜ਼ਿੰਦਗੀ ਦਾ ਕੀ ਭਰੋਸਾ ਹੈ। ਕਦੋਂ ਖ਼ਤਮ ਹੋ ਜਾਣੀ ਹੈ।

### ਹਰ ਡਾਇਰੈਕਟਰ ਨਾਲ ਕੰਮ ਕਰਨ ਵਾਲਾ ਗਾਇਕ

ਉਸ ਸਮੇਂ ਦਾ ਕੋਈ ਅਜਿਹਾ ਡਾਇਰੈਕਟਰ ਨਹੀਂ ਸੀ, ਜਿਸ ਨੇ ਮੁਹੰਮਦ ਰਫ਼ੀ ਕੋਲੋਂ ਆਪਣੀ ਫਿਲਮ ਲਈ ਗੀਤ ਨਾ ਗਵਾਏ ਹੋਣ। ਜਿਵੇਂ ਓ.ਪੀ ਨਈਅਰ, ਸ਼ੰਕਰ ਜੈ ਕਿਸ਼ਨ, ਐੱਸ. ਡੀ ਬਰਮਨ, ਮਦਨ ਮੋਹਨ, ਆਰ.ਡੀ ਬਰਮਨ ਆਦਿ ਦੇ ਨਾਂ ਵਰਣਨਯੋਗ ਹਨ। ਮੁਹੰਮਦ ਰਫ਼ੀ ਦੀ ਅਵਾਜ਼ ਹਰ ਹੀਰੋ 'ਤੇ ਫਿੱਟ ਬੈਠਦੀ ਸੀ। ਰਫ਼ੀ ਦੇ ਗਾਏ ਗੀਤ ਉਸ ਵੇਲੇ ਦੇ ਹਰ ਹੀਰੋ ਹੀਰੋਇਨ ਤੇ ਫਿਲਮਾਏ ਗਏ ਸਨ। ਜਿਵੇਂ ਦਲੀਪ ਕੁਮਾਰ, ਦੇਵ ਆਨੰਦ, ਰਜਿੰਦਰ ਕੁਮਾਰ, ਸ਼ੰਮੀ ਕਪੂਰ, ਸ਼ਸ਼ੀ ਕਪੂਰ, ਸੁਨੀਲ ਦੱਤ, ਧਰਮਿੰਦਰ, ਵਿਸ਼ਵਾਜੀਤ, ਪਰਦੀਪ, ਰਾਜ ਕੁਮਾਰ, ਭਾਰਤ ਭੂਸ਼ਨ ਅਤੇ ਜੋਏ ਮੁਖਰਜੀ ਨੂੰ ਆਪਣੀ ਆਵਾਜ਼ ਦਿੱਤੀ। ਇਹ ਸਾਰੇ ਅਦਾਕਾਰ ਮੁਹੰਮਦ ਰਫ਼ੀ ਦੀ ਬਹੁਤ ਇੱਜ਼ਤ ਕਰਦੇ ਸਨ ਕਿਉਂਕਿ ਰਫ਼ੀ ਜੀ ਬਹੁਤ ਹੀ ਵਧੀਆ ਇਨਸਾਨ ਸਨ। ਉਹ ਨਿਮਰ ਸੁਭਾਅ ਦੇ ਹੋਣ ਦੇ ਨਾਲ- ਨਾਲ ਹਰ ਕਿਸੇ ਦਾ ਕੰਮ ਆਉਣ ਵਾਲੇ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਣ ਵਾਲੇ ਇਨਸਾਨ ਸਨ।

### ਵਿਆਹ ਅਤੇ ਪਰਿਵਾਰ

ਉਨ੍ਹਾਂ ਦੀ ਪਹਿਲੀ ਸ਼ਾਦੀ ਭੂਆ ਦੀ ਲੜਕੀ ਬਸ਼ੀਰਾ ਨਾਲ ਹੋਈ ਸੀ। ਇੱਥੇ ਮੁੰਬਈ ਆ ਕੇ ਰਫ਼ੀ ਨੇ ਇਕ ਪੁਲਿਸ ਅਧਿਕਾਰੀ ਦੀ ਬੇਟੀ 'ਦਿਲਕਸ਼' (ਬਿਲਕੁਆਇਸ ਬਾਨੋ) ਨਾਲ ਦੂਸਰੀ ਸ਼ਾਦੀ ਕੀਤੀ। ਪਹਿਲੀ ਸ਼ਾਦੀ ਤੋਂ ਇਕ ਬੱਚਾ ਸਈਦ ਰਫ਼ੀ, ਦੂਜੀ ਸ਼ਾਦੀ ਤੋਂ ਇਹ ਛੇ ਬੱਚੇ ਹਾਮਿਦ ਰਫ਼ੀ, ਸਾਦਿਕ ਰਫ਼ੀ, ਸ਼ਾਹਿਦ ਰਫ਼ੀ, ਖ਼ਾਲਿਦ ਰਫ਼ੀ, ਯਾਸਮੀਨ ਰਫ਼ੀ, ਪਰਵੀਨ ਰਫ਼ੀ ਆਪ ਦੇ ਸੱਤ ਬੱਚੇ ਹਨ। ਉਨ੍ਹਾਂ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ ਸੀ। ਮੁਹੰਮਦ ਰਫ਼ੀ ਦੀ ਯਾਦ ਨੂੰ ਸਮਰਪਿਤ ਮੁੰਬਈ ਦੇ ਬਾਂਦਰਾ ਇਲਾਕੇ 'ਚ 'ਪਦਮ ਸ਼੍ਰੀ ਮੁਹੰਮਦ ਰਫ਼ੀ' ਦੇ ਨਾਂਅ ਵਾਲਾ ਚੌਕ ਬਣਾਇਆ ਗਿਆ ਹੈ। ਹੋਰ ਵੀ ਰਫ਼ੀ ਦੀਆਂ ਯਾਦਗਾਰਾਂ ਬਣੀਆਂ ਹਨ। ਰਫ਼ੀ ਨੇ ਆਪਣੀ 55 ਸਾਲ 7 ਮਹੀਨੇ ਤੇ 7 ਦਿਨ ਦੀ ਜ਼ਿੰਦਗੀ 'ਚੋਂ 41 ਸਾਲ ਗਾਇਕੀ ਨੂੰ ਸਮਰਪਿਤ ਕੀਤੇ। ਉਨ੍ਹਾਂ ਦੀ ਗਾਇਕੀ ਦੀ ਕਈ ਕਲਾਕਾਰਾਂ ਨੇ ਕਾਪੀ ਕਰ ਕੇ ਗਾਇਆ ਤੇ ਬੁਲੰਦੀਆਂ ਨੂੰ ਛੂਹਿਆ। ਮੁਹੰਮਦ ਰਫ਼ੀ ਦਾ ਕੋਈ ਸਾਨੀ ਨਹੀ ਹੈ।ਅੰਤ 31 ਜੁਲਾਈ, 1980 ਦਿਨ ਵੀਰਵਾਰ ਨੂੰ ਰਫ਼ੀ ਨੂੰ ਤੀਸਰਾ ਹਾਰਟ ਅਟੈਕ ਆਉਣ ਕਾਰਨ ਮੁੰਬਈ ਦੇ ਹਸਪਤਾਲ 'ਚ ਦਾਖਲ ਕਰਵਾਇਆ ਪਰ ਰਾਤ 10.25 ਮਿੰਟ 'ਤੇ ਸਾਡਾ ਮਹਿਬੂਬ ਗਾਇਕ ਸੰਗੀਤ ਪ੍ਰੇਮੀਆਂ ਨੂੰ ਅਲਵਿਦਾ ਆਖ ਗਿਆ। ਸਾਨੂੰ ਇਸ ਮਹਾਨ ਗਾਇਕ ਦੀ ਹਮੇਸ਼ਾ ਘਾਟ ਰੜਕਦੀ ਰਹੇਗੀ।

### ਕਈ ਭਾਸ਼ਾਵਾਂ 'ਚ ਹਜ਼ਾਰਾਂ ਗੀਤ ਗਾਏ

ਰਫ਼ੀ ਨੇ ਆਪਣੀ 40 ਸਾਲ ਦੀ ਫਿਲਮੀ ਤੇ ਗਾਇਕ ਜ਼ਿੰਦਗੀ ਵਿੱਚ ਤਕਰੀਬਨ ਅਸਾਮੀ, ਤੇਲਗੂ, ਕੋਕਣੀ, ਕੰਨੜ, ਬੰਗਾਲੀ, ਮਰਾਠੀ, ਗੁਜਰਾਤੀ, ਸਿੰਧੀ, ਮਗਾਹੀ, ਮੈਥਲੀ, ਉਰਦੂ, ਭੋਜਪੁਰੀ, ਉੜੀਆ, ਹਿੰਦੀ, ਪੰਜਾਬੀ, ਅੰਗਰੇਜ਼ੀ, ਸਪੇਨੀ, ਡੱਚ, ਫ਼ਾਰਸੀ, ਅਰਬੀ, ਹੈਤੀਆਈ ਆਦਿ ਲਗਭਗ 35 ਭਾਸ਼ਾਵਾਂ ਵਿੱਚ 28,000 ਤੋਂ ਵੀ ਵੱਧ ਗੀਤ, ਧਾਰਮਿਕ ਸ਼ਬਦ, ਫਿਲਮੀ, ਕਵਾਲੀਆਂ ਤੇ ਭਜਨ ਗਾਏ ਜੋ ਤਕਰੀਬਨ ਸਾਰੇ ਹੀ ਲੋਕਾਂ ਦੀ ਜ਼ੁਬਾਨ 'ਤੇ ਰਹੇ।

ਰਫ਼ੀ ਦੇ ਹਿੱਟ ਗੀਤਾਂ ਵਿੱਚੋਂ ਕੁਝ ਉਹ ਗੀਤ ਜਿਹੜੇ ਹਿੰਦੀ ਅਤੇ ਪੰਜਾਬੀ ਫਿਲਮਾਂ ਵਿਚ ਰਫ਼ੀ ਵੱਲੋਂ ਬੜੀ ਸ਼ਿੱਦਤ ਨਾਲ ਗਾਏ ਗਏ ਤੇ ਜਿਨ੍ਹਾਂ ਸਦਕਾ ਉਹ ਹਿੱਟ ਫਿਲਮਾਂ ਦੀ ਸੂਚੀ ਵਿੱਚ ਗਿਣੀਆਂ ਜਾਂਦੀਆਂ ਹਨ।

### ਰਫ਼ੀ ਨੇ ਸਤੀਸ਼ ਕੌਲ ਨੂੰ ਦਿੱਤਾ ਸੀ ਇਨਾਮ

ਪੰਜਾਬੀ ਫਿਲਮਾਂ ਦੇ ਬਾਦਸ਼ਾਹ ਕਲਾਕਾਰ ਸਤੀਸ਼ ਕੌਲ ਨੂੰ ਇਕ ਵਾਰ ਮਿਲਣਾ ਹੋਇਆ। ਗੱਲਾਂਬਾਤਾਂ ਦੌਰਾਨ ਸਤੀਸ਼ ਕੌਲ ਨੇ ਦੱਸਿਆ ਸੀ ਕਿ 70-80 ਦੇ ਦਹਾਕੇ ਦੌਰਾਨ ਮੇਰੀ ਇਕ ਪੰਜਾਬੀ ਫਿਲਮ 'ਸੱਸੀ-ਪੁੰਨੂੰ' ਆਈ ਸੀ। ਉਸ ਫਿਲਮ ਵਿਚ ਇਕ ਗੀਤ ਸੀ 'ਲੱਗੀ ਵਾਲੇ ਤੇ ਕਦੇ ਨਈਉਂ ਸੌਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗਈ। ਇਹ ਗੀਤ ਜਨਾਬ ਮੁਹੰਮਦ ਰਫ਼ੀ ਸਾਹਿਬ ਨੇ ਗਾਇਆ ਸੀ। ਇਹ ਫਿਲਮ ਜਦ ਰਿਲੀਜ਼ ਹੋਈ ਤਾਂ ਥੋੜ੍ਹੇ ਕੁ ਦਿਨਾਂ ਬਾਅਦ ਮੈਨੂੰ ਸੁਨੇਹਾ ਮਿਲਿਆ ਕਿ ਮੁਹੰਮਦ ਰਫ਼ੀ ਤੁਹਾਨੂੰ ਮਿਲਣਾ ਚਾਹੁੰਦੇ ਹਨ। ਮੈਂ ਮੁਹੰਮਦ ਰਫ਼ੀ ਨੂੰ ਮਿਲਣ ਪਹੁੰਚ ਗਿਆ। ਅੰਦਰੋਂ ਮਨ ਖ਼ੁਸ਼ ਵੀ ਸੀ ਤੇ ਨਾਲ-ਨਾਲ ਅੰਦਰੋਂ ਡਰੀ ਵੀ ਜਾਵਾਂ ਕਿ ਮੈਨੂੰ ਕਿਉਂ ਯਾਦ ਕੀਤਾ ਹੈ। ਮੁਹੰਮਦ ਰਫ਼ੀ ਜਦੋਂ ਮੈਨੂੰ ਮਿਲੇ ਤੇ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ ਤੇ ਮੇਰੀ ਤਾਰੀਫ਼ ਕਰਨ ਲੱਗ ਪਏ। ਕਹਿੰਦੇ ਕਿ 'ਵਾਹ ਵਾਹ! ਯੇ ਗੀਤ ਜਿਤਨੀ ਸ਼ਿੱਦਤ ਸੇ ਮੈਨੇ ਗਾਇਆ ਥਾ, ਉਸ ਸੇ ਭੀ ਜ਼ਿਆਦਾ ਸ਼ਿੱਦਤ ਸੇ ਤੂ ਨੇ ਨਿਭਾਇਆ ਹੈ। ਮੈਂ ਤੇਰੀ ਐਕਟਿੰਗ ਸੇ ਬਹੁਤ ਖ਼ੁਸ਼ ਹੂਆ ਹੂੰ।' ਉਨ੍ਹਾਂ ਉਸੇ ਵੇਲੇ ਆਪਣੀ ਜੇਬ ਵਿੱਚੋਂ ਕੱਢ ਕੇ ਪੰਜ ਹਜ਼ਾਰ ਰੁਪਏ ਮੈਨੂੰ ਇਨਾਮ ਵਜੋਂ ਦਿੱਤੇ।

-0-



### ਹਿੱਟ ਹਿੰਦੀ ਗੀਤ

ਲਿਖੇ ਜੋ ਖ਼ਤ ਤੁਝੇ (ਕੰਨਿਆਦਾਨ)
ਬਹਾਰੋਂ ਫੂਲ ਬਰਸਾਉ (ਸੂਰਜ)
ਖੋਇਆ ਖੋਇਆ ਚਾਂਦ (ਕਾਲਾ ਬਾਜ਼ਾਰ)
ਯੇ ਦੁਨੀਆ ਯੇ ਮਹਿਫ਼ਲ (ਹੀਰ ਰਾਂਝਾ)
ਦਰਦ-ਏ-ਦਿਲ, ਦਰਦ-ਏ-ਜਿਗਰ (ਕਰਜ਼)
ਖ਼ੁਸ਼ ਰਹੇ ਤੂੰ ਸਦਾ (ਖਿਲੌਣਾ)
ਬਦਨ ਪੇ ਸਿਤਾਰੇ ਲਪੇਟੇ ਹੂਏ (ਪ੍ਰਿੰਸ)
ਉੜੇ ਜਬ-ਜਬ ਜ਼ੁਲਫੇ ਤੇਰੀ (ਨਯਾ ਦੌਰ)
ਚੌਦਵੀਂ ਕਾ ਚਾਂਦ ਹੋ (ਚੌਦਵੀਂ ਕਾ ਚਾਂਦ)

### ਹਿੱਟ ਪੰਜਾਬੀ ਗੀਤ

ਚਿੱਟੇ ਦੰਦ ਹੱਸਣੋਂ ਨਈ ਰਹਿੰਦੇ (ਭੰਗੜਾ)
ਢੋਲ ਵੱਜਦਾ ਤਾਲੀ ਵੱਜਦੀ (ਸੰਤੋ ਬੰਤੋ)
ਸੋਹਣਿਓ ਮੱਖਣੋਂ (ਦਾਜ)
ਗੋਰਾ ਰੰਗ ਨਾ ਹੋ ਜਾਏ ਕਾਲਾ (ਦੋ ਲੱਛੀਆਂ)
ਲੱਗੀ ਵਾਲੇ ਤਾਂ ਕਦੇ ਵੀ ਨੀ ਸੌਂਦੇ (ਸੱਸੀ ਪੁਨੂੰ)

### ਧਾਰਮਿਕ ਸ਼ਬਦ ਤੇ ਗੀਤ

-ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ
-ਨਾਨਕ ਨਾਮ ਜਹਾਜ਼ ਹੈ
-ਦੁੱਖ ਭੰਜਨ ਤੇਰਾ ਨਾਮ ਜੀ
-ਸਤਿਗੁਰ ਨਾਨਕ (ਸ਼ਬਦ)
-ਜਿਸ ਕੇ ਸਿਰ ਉੱਪਰ ਤੂੰ ਸੁਆਮੀ (ਸ਼ਬਦ)
-ਠਾਕੁਰ ਤੁਮ ਸਰਣਾਈ ਆਇਆ (ਸ਼ਬਦ)
-ਹਰ ਕੋ ਨਾਮ ਸਦਾ ਸੁਖਦਾਈ
-ਤੇਰੇ ਅੰਦਰੋਂ ਮੈਲ ਨਾ ਜਾਵੇ (ਧਾਰਮਿਕ ਗੀਤ)

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 4643 Sloan St Fremont CA 94538
2. 30252 Cedarbrook Dr Hayward ca 94544
3. 4452 Alice Way Union city CA 94587
4. 776 Vereda ct San Jose CA 95123
5. 8455 Peachtree Ave Newark CA 94560
6. 2125 Neptune Rd Livermore CA 94550
7. 2169 Charger Dr San Jose CA 95131
8. 9550 Appaloosa Pl Elk Grove CA 95624
9. 9810 Bobcat Ct Gilroy CA 95020
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 1672 Northgate Manteca CA 95336

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20